

# ਅੱਲੜ੍ਹ ਉਮਰਾਂ ਤਲਖ਼ ਸੁਨੇਹੇ

ਗੁਰਪ੍ਰੀਤ ਸਿੰਘ ਤੂਰ

Sri Satguru Jagjit Singh ... NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਅੱਲੜ੍ਹ ਉਮਰਾਂ ਤਲਖ਼ ਸੁਨੇਹੇ

Sri Satguru Jagjit Singh Ji eLibrary NamdhariElibrary@gmail.com

***ਇਸੇ ਕਲਮ ਤੋਂ :***

| | |
|---|---|
| ਆਲ੍ਹਣਿਓਂ ਡਿੱਗੇ ਬੋਟ | 1998 |
| ਸੰਭਲੋ ਪੰਜਾਬ | 2010, 2011, 2012, 2014, 2015, 2018 |
| ਜੀਵੇ ਜਵਾਨੀ | 2013, 2014, 2015, 2018 |
| ਕਰਮੀ | 2014, 2018 |

Sri Satguru Jagjit Singh Ji eLibrary NamdhariElibrary@gmail.com

# ਅੱਲੜ੍ਹ ਉਮਰਾਂ ਤਲਖ਼ ਸੁਨੇਹੇ

**ਗੁਰਪ੍ਰੀਤ ਸਿੰਘ ਤੂਰ**

**ਚੇਤਨਾ ਪ੍ਰਕਾਸ਼ਨ**

ਪੰਜਾਬੀ ਭਵਨ, ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

*Alarh Umaran Talakh Sunehe*

*by*

**Gurpreet Singh Toor ©**
7-New Friends Colony,
Barewal Road, Ludhiana
Mob: 98158-00405
E-mail: gurpreettoor1947@gmail.com

**ISBN : 978-93-87629-**

**Edition 2018**

**Rs.120 /-**

*Printed and Bound In India*

ਸਰਵਰਕ ਚਿੱਤਰ : ਮਨਵੀਰ ਸਿੰਘ
ਅੱਖਰਕਾਰੀ : ਕਮਲਜੀਤ ਕੌਰ
ਸਰਵਰਕ : ਤੇਜ ਪ੍ਰਤਾਪ ਸਿੰਘ ਸੰਧੂ

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਸਤਿਕਾਰਯੋਗ
ਮਾਤਾ ਸ੍ਰੀਮਤੀ ਜਗਜੀਤ ਕੌਰ
ਅਤੇ
ਜੀਵਨ ਸਾਥਣ ਰੁਪਿੰਦਰ ਕੌਰ
ਨੂੰ

Sri Satguru Jagjit Singh Ji eLibrary NamdhariElibrary@gmail.com

## ਤਤਕਰਾ


ਅਨੂਠੀ ਵਾਰਤਕ 9

ਪਾਠਕਾਂ ਦੇ ਸਨਮੁਖ 13

### ਭਾਗ-ਪਹਿਲਾ

1. ਬੇੜਾ ਬੰਧਿ ਨਾ ਸਕਿਓ ਬੰਧਨ ਕੀ ਵੇਲਾ 19
2. ਹਥੁ ਨਾ ਲਾਇ ਕਸੁੰਭੜੈ ਜਲਿ ਜਾਸੀ ਢੋਲਾ 24
3. ਕਿਰਤ ਦਾ ਝੜਦਾ ਬੂਰ 31
4. ਇੱਕੋ ਦਿਨ ਵਾਪਰੀਆਂ ਘਟਨਾਵਾਂ 38
5. ਨਸ਼ਿਆਂ ਦਾ ਸੰਤਾਪ ਹੰਢਾਉਂਦੀਆਂ ਔਰਤਾਂ 42
6. ਕਿਰਤ ਵਿਛੁੰਨੇ ਲੋਕ 48
7. ਨਸ਼ਿਆਂ ਦੇ ਮਾਰੂ ਪ੍ਰਭਾਵ 54
8. ਸਮਾਂ ਹੱਥ ਨੀ ਆਇਆ ਰਾਜੇ ਰਾਣੀਆਂ ਦੇ 60
9. ਨਸ਼ਿਆਂ ਦਾ ਇੱਕ ਦਿਨ 65
10. ਕਿਰਤੀ ਜੀਵਨ ਦਾ ਅਤੀਤ ਤੇ ਵਰਤਮਾਨ 71
11. ਹਾਰੀ ਹੋਈ ਜ਼ਿੰਦਗੀ ਨਾਲ ਜੀਵਿਆ ਨਹੀਂ ਜਾਂਦਾ 77
12. ਵੇਖ ਧੀਆਂ ਦੇ ਲੇਖ 82
13. ਲਘੂ ਫਿਲਮਾਂ ਤੇ ਸਮਾਜਿਕ ਸਰੋਕਾਰ 88
14. ਛੈਲ ਨਵਾਬਾਂ ਦੇ ਘਰ ਢੁੱਕਣਾ 93

### ਭਾਗ-ਦੂਜਾ

1. ਕੰਮ ਨਾਲ ਰਿਸ਼ਤਾ 101
2. ਹੱਥੀਂ ਕੰਮ ਕਰਨਾ 102
3. ਕਿਰਤ ਦੀਆਂ ਖ਼ੁਸ਼ਬੋਆਂ 103



Sri Satguru Jagjit Singh Ji eLibrary NamdhariElibrary@gmail.com

4. ਕੰਮ ਦੀ ਮੁਹਾਰਤ 104
5. ਸਾਹਸ 105
6. ਫੁਰਤੀਲਾਪਣ 106
7. ਸੇਧ, ਸਾਦਗੀ ਤੇ ਸਲੀਕਾ 107
8. ਯਤਨ 108
9. ਰੁਝੇਵਾਂ 109
10. ਗ਼ਲਤੀਆਂ 110
11. ਲੇਖਾ-ਜੋਖਾ 111
12. ਗੁਆਚਿਆ ਗੌਰਵ 112
13. ਘੁੰਮਣ-ਫਿਰਨ 113
14. ਗ਼ੈਰ-ਰਸਮੀ ਸਿੱਖਿਆ 114
15. ਲਿਖਤਾਂ ਤੇ ਬੋਲ 116
16. ਅਤੀਤ 117
17. ਰੋਮ ਦਾ ਮਿਊਜ਼ੀਅਮ 118
18. ਆਲਮੀ ਅਥਲੈਟਿਕ ਮੀਟ 119
19. ਆਰਟਿਸਟ 121
20. ਵਿਰਸਾ 123
21. ਲੋਕ-ਧਾਰਾ 125

## ਭਾਗ-ਤੀਜਾ

1. ਅੱਲ੍ਹੜ ਉਮਰਾਂ ਤਲਖ਼ ਸੁਨੇਹੇ 129

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਅਨੂਠੀ ਵਾਰਤਕ

ਗੁਰਪੀਤ ਸਿੰਘ ਤੂਰ ਅਜੋਕੀ ਪੰਜਾਬੀ ਵਾਰਤਕ ਦਾ ਜਾਣਿਆ-ਪਛਾਣਿਆ ਨਾਂ ਹੈ। ਪਾਠਕ ਉਸ ਦੀਆਂ ਰਚਨਾਵਾਂ ਨੂੰ ਦਿਲਚਸਪੀ ਨਾਲ ਪੜ੍ਹਦੇ ਹਨ। ਉਸ ਦੀਆਂ ਪੁਸਤਕਾਂ ਨੂੰ ਨਾਮੀ ਪ੍ਰਕਾਸ਼ਕ ਛਾਪਦੇ ਹਨ। ਇਨ੍ਹਾਂ ਪੁਸਤਕਾਂ ਦੇ ਕਈ-ਕਈ ਐਡੀਸ਼ਨ ਛਪੇ ਹਨ। ਪਿਛਲੇ ਸਾਲਾਂ ਦੌਰਾਨ ਕਈ ਉੱਘੀਆਂ ਸੰਸਥਾਵਾਂ ਦੁਆਰਾ ਸੰਪਾਦਿਤ ਕਰਵਾਈਆਂ ਵਾਰਤਕ ਦੀਆਂ ਪੁਸਤਕਾਂ ਵਿੱਚ ਗੁਰਪ੍ਰੀਤ ਸਿੰਘ ਤੂਰ ਦੀਆਂ ਰਚਨਾਵਾਂ ਵੀ ਸ਼ਾਮਲ ਹੋਈਆਂ ਹਨ। ਇਹ ਕੁਝ ਪ੍ਰਮਾਣਿਤ ਕਰਦਾ ਹੈ ਕਿ ਉਹ ਚੰਗਾ ਕਲਮਕਾਰ ਹੈ। ਮੇਰਾ ਉਹ ਚਹੇਤਾ ਲੇਖਕ ਹੈ।

ਉਸ ਦੀਆਂ ਲਿਖਤਾਂ ਵਿੱਚ ਪੰਜਾਬ ਦਾ ਤਸੱਵਰ, ਬਲਕਿ ਜ਼ਿੰਦਗੀ ਦਾ ਤਸੱਵਰ, ਬੜਾ ਦਿਲਕਸ਼ ਹੈ। ਇਹ ਪੰਜਾਬ ਦੀ ਮਿੱਟੀ ਦੇ ਮੇਚ ਦਾ, ਪੰਜਾਬ ਦੇ ਪਾਣੀਆਂ ਜਿਹਾ ਨਿਰਮਲ ਤੇ ਇਸ ਦੇ ਅਮੀਰ ਸੱਭਿਆਚਾਰ ਨਾਲ ਸੁਮੇਲ ਰੱਖਦਾ ਹੈ। ਇਸ ਵਿੱਚ ਰੱਸਦੇ-ਵੱਸਦੇ ਤੇ ਭਰਪੂਰ ਜੀਵਨ ਜਿਊਂਦੇ ਪਰਿਵਾਰ ਹਨ। ਔਰਤ, ਆਪਣੇ ਵਿਭਿੰਨ ਰੂਪਾਂ ਤੇ ਭੂਮਿਕਾਵਾਂ ਵਿੱਚ ਇਸ ਦਾ ਕੇਂਦਰ ਹੈ। ਰਿਸ਼ਤਿਆਂ ਦੀ ਲਾਜ, ਪੰਜਾਬੀ ਹੋਣ ਦਾ ਮਾਣ, ਹਰ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਦਾ ਸੁਪਨਾ, ਪੰਜਾਬੀ ਮਾਂ-ਬੋਲੀ ਦਾ ਗੌਰਵ, ਜੀਵਨ-ਰਸ ਤੇ ਅਨੂਠੀ ਲੈਅ ਇਸ ਦ੍ਰਿਸ਼ ਦੇ ਖ਼ਾਸ ਅੰਗ ਹਨ। ਮੇਰੀ ਜਾਚੇ, ਗੁਰਪੀਤ ਸਿੰਘ ਤੂਰ ਦੀਆਂ ਰਚਨਾਵਾਂ ਦੇ ਵਿਸ਼ੇ ਇਸ ਚੌਖਟ ਦੇ ਹਵਾਲੇ ਨਾਲ ਬਿਹਤਰ ਸਮਝੇ ਜਾ ਸਕਦੇ ਹਨ। ਉਸ ਦੀ ਭਾਸ਼ਾ ਤੇ ਸ਼ੈਲੀ ਦੀ ਵਡਿਆਈ ਵੀ ਇਸੇ ਪੱਖ ਤੋਂ ਵੇਖੀ ਜਾਣੀ ਬਣਦੀ ਹੈ।

ਵਾਰਤਕਕਾਰ ਤੂਰ ਦੀਆਂ ਲਿਖਤਾਂ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਹਨ। ਆਪਣੇ ਸਮਕਾਲ ਦੇ ਸਰੋਕਾਰਾਂ ਦੀ ਨਿੱਠ ਕੇ ਚਰਚਾ ਕਰਦਿਆਂ ਉਸ ਨੇ ਪੁਰਾਣੇ ਪੰਜਾਬ ਦੀ ਵਡਿਆਈ ਨੂੰ ਪਿੱਠ-ਭੂਮੀ ਵਿੱਚ ਰੱਖਿਆ ਹੈ। ਸਦੀਆਂ ਤੋਂ ਇਹ ਖਿੱਤਾ ਕਿੰਨੇ ਹੀ ਵਿਕਰਾਲ ਸਮਿਆਂ ਵਿੱਚੋਂ ਗੁਜ਼ਰਿਆ ਹੈ। ਐਪਰ ਪੰਜਾਬੀ ਆਪਣੇ ਉੱਦਮ ਤੇ ਸਿਰੜ ਸਦਕਾ ਹਰ ਵਾਰੀ ਵਧੇਰੇ ਤਕੜੇ ਹੋ ਕੇ ਉਭਰਦੇ ਰਹੇ ਹਨ। ਪੰਜਾਬ ਨੂੰ ਹੁਣ ਜਿਸ ਤਰ੍ਹਾਂ ਦੀਆਂ ਬਹੁਤੀਆਂ ਹੀ ਜਟਿਲ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਦੀ ਮਿਸਾਲ ਪੰਜਾਬ ਦੇ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਸਾਡੇ ਚਿੰਤਕਾਂ, ਲੇਖਕਾਂ ਅਤੇ ਹੋਰ ਸੰਵੇਦਨਸ਼ੀਲ ਇਨਸਾਨਾਂ ਵਾਂਗ ਵਾਰਤਕਕਾਰ ਤੂਰ ਦਾ ਫਿਕਰ ਸਭ ਤੋਂ ਵੱਧ



Sri Satguru Jagjit Singh Ji eLibrary NamdhariElibrary@gmail.com

ਪੰਜਾਬ ਦੀ ਜਵਾਨੀ ਦਾ ਹੈ। ਅਜਿਹਾ ਮੁੱਖ ਤੌਰ ਤੇ ਦੋ ਕਾਰਨਾਂ ਕਰ ਕੇ ਹੈ। ਨੌਜਵਾਨਾਂ ਤੇ ਮੁਟਿਆਰਾਂ ਕਿਸੇ ਵੀ ਦੇਸ ਤੇ ਕੌਮ ਦੀ ਤਾਕਤ ਮੰਨੇ ਜਾਂਦੇ ਹਨ। ਹਰ ਵੱਡੀ ਭੀੜ ਦੇ ਸਮੇਂ ਜਵਾਨੀ ਹੀ ਡਟ ਕੇ ਖਲੋਂਦੀ ਹੈ। ਦੂਜਾ, ਜੇ ਜਵਾਨੀ ਦੀ ਆਭਾ ਹੀ ਮਾਂਦ ਪੈ ਜਾਵੇ ਤਦ ਘਰਾਂ ਦਾ ਵਰਤਮਾਨ ਤੇ ਭਵਿੱਖ ਧੁੰਦਲੇ ਪੈ ਜਾਂਦੇ ਹਨ। ਇਸਤਰੀਆਂ, ਬੱਚੇ ਤੇ ਬਜ਼ੁਰਗ ਰੁਲ ਜਾਂਦੇ ਹਨ। ਜਾਣੋ ਜੀਵਨ ਹੀ ਲੁੜਕ ਜਾਂਦਾ ਹੈ।

ਜਦੋਂ ਇਸ ਪਿਆਰੇ ਪੰਜਾਬ ਦੀ ਸਦਾ ਤੋਂ ਵਡਿਆਈ ਜਾਂਦੀ ਤਸਵੀਰ ਦਾ ਫਰੇਮ ਤਿੜਕਦਾ ਲਗਦਾ ਹੈ ਤਾਂ ਦਰਦਾਉਂਦੀ ਚੀਸ ਤੇ ਸੱਲਦੀ ਪੀੜਾ ਦੀ ਪ੍ਰਤੀਤੀ ਹੁੰਦੀ ਹੈ ਜਿਸ ਨੂੰ ਕਲਮਕਾਰ ਤੂਰ ਦੀ ਕਲਮ ਸ਼ਬਦਾਂ ਦਾ ਜਾਮਾ ਪਹਿਨਾਉਂਦੀ ਹੈ ਅਤੇ ਨਾਲ ਹੀ ਪੰਜਾਬ ਨੂੰ ਜਾਗਣ ਤੇ ਸੰਭਲਣ ਦਾ ਹੋਕਾ ਦਿੰਦੀ ਹੈ। ਉਹ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਕਿ ਪੰਜਾਬ ਦੀ ਜਵਾਨੀ ਸਜੱਗ ਹੋਵੇ, ਆਪਣੇ ਆਪ ਨੂੰ ਸੰਭਾਲੇ ਤੇ ਆਪਣੇ ਪੈਰੀਂ ਮਜ਼ਬੂਤ ਹੋਵੇ। ਨਾਲ ਹੀ ਉਹ ਆਪਣੇ ਵਿਰਸੇ ਤੋਂ ਪ੍ਰੇਰਨਾ ਲੈ ਕੇ ਕਿਰਤ, ਕਲਾਵਾਂ ਤੇ ਕੁਦਰਤ ਦੀ ਕਦਰਦਾਨ ਹੋਵੇ। ਉਹ ਆਪਣਾ ਮੁੱਲ ਜਾਣੇ। ਜੀਵਨ-ਪੰਧ ਤੇ ਤੁਰਦਿਆਂ ਹਰ ਪ੍ਰਕਾਰ ਦੀਆਂ ਔਕੜਾਂ ਦਾ ਸਾਹਮਣਾ ਕਰੇ। ਉਸ ਦੀ ਊਰਜਾ ਮਸਨੂਈ ਰੁਝਾਨਾਂ ਵਿੱਚ ਅਜਾਈਂ ਨਾ ਜਾਵੇ। ਤੂਰ ਦੇ ਪੰਜਾਬੀ ਜੀਵਨ ਦੀ ਸੋਚ ਅਨੁਸਾਰ ਗੱਭਰੂਆਂ ਤੇ ਮੁਟਿਆਰਾਂ ਲਈ ਖੇਡ ਦੇ ਮੈਦਾਨ, ਪੁਸਤਕਾਲੇ, ਵਿਦਿਅਕ ਸੰਸਥਾਵਾਂ, ਕਲਾਵਾਂ, ਸੱਭਿਆਚਾਰਕ ਗਤੀਵਿਧੀਆਂ ਆਦਿ ਅਨੇਕਾਂ ਮੰਚ ਹਨ। ਖੇਤ ਹਨ ਜਿੱਥੇ ਕਿਰਸਾਣ ਤੇ ਕਿਰਤੀ ਦੇ ਰੂਪ ਵਿੱਚ ਖ਼ੂਨ-ਪਸੀਨਾ ਵਹਾ ਕੇ ਅੰਨ-ਧਨ ਪੈਦਾ ਕੀਤਾ ਜਾਂਦਾ ਹੈ। ਇਹ ਉਹ ਸਾਰਾ ਕੁਝ ਹੈ ਜਿਸ ਰਾਹੀਂ ਉਤਮਤਾ, ਸ੍ਰੇਸ਼ਟਤਾ, ਵਿਸ਼ਸ਼ਟਤਾ ਤੇ ਲਿਸ਼ਕਵੀਂ ਜੀਵਨ-ਆਭਾ ਹਾਸਲ ਹੁੰਦੀ ਹੈ।

ਇਸ ਪੁਸਤਕ ਵਿੱਚ ਲੇਖਕ ਗੁਰਪੀਤ ਸਿੰਘ ਤੂਰ ਦੀ ਸੂਝ ਤੇ ਸਮਰੱਥਾ ਜ਼ਿੰਦਗੀ ਤੋਂ ਬੇਮੁੱਖ ਵਰਤਾਰੇ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਵਿੱਚ ਹੈ। ਉਹ ਅੰਕੜਿਆਂ, ਨਿੱਜੀ ਅਨੁਭਵਾਂ, ਅੱਖੀਂ-ਡਿੱਠੇ ਅਨੇਕਾਂ ਵਰਤਾਰਿਆਂ, ਡੂੰਘੀ ਸਮਝ ਵਾਲੇ ਵੱਖ-ਵੱਖ ਖੇਤਰਾਂ ਦੇ ਪੁਰਸ਼ਾਂ ਦੁਆਰਾ ਕੱਢੇ ਤੱਤਾਂ ਤੇ ਆਪਣੇ ਚਿੰਤਨ ਦੇ ਸਿੱਟਿਆਂ ਰਾਹੀਂ ਨਿਤਾਰੀਆਂ ਗੱਲਾਂ ਪਾਠਕਾਂ ਦੇ ਸਨਮੁਖ ਕਰਦਾ ਜਾਂਦਾ ਹੈ। ਹੁਣ ਜਵਾਨ ਉਮਰ ਦੀ ਕਿੰਨੀ ਊਰਜਾ ਸ਼ਖ਼ਸੀ ਵਿਕਾਸ, ਸਿਰਜਣਾ, ਪੈਦਾਵਾਰ ਅਤੇ ਸਮਾਜਿਕ ਉਨਤੀ ਲਈ ਵਰਤੀ ਜਾਣ ਦੀ ਥਾਂ ਉਸ ਹਿੰਸਾ ਵਿੱਚ ਲੱਗ ਰਹੀ ਹੈ ਜੋ ਵਿਅਕਤੀ ਆਪਣੇ ਤੇ ਕਰਦਾ ਹੈ ਤੇ ਫਿਰ ਆਪਣੇ ਪਰਿਵਾਰ ਨੂੰ ਇਸ ਵਿੱਚ ਝੋਕ ਦਿੰਦਾ ਹੈ। ਅੰਤਿਮ ਰੂਪ ਵਿੱਚ ਇਸ ਦਾ ਖਮਿਆਜ਼ਾ ਸਾਰੇ ਸਮਾਜ ਨੂੰ ਭੁਗਤਣਾ ਪੈਂਦਾ ਹੈ। ਇਸ ਰੋਗ ਦੀ ਤਸ਼ਖ਼ੀਸ (Diagnosis) ਕਰਨੀ, ਇਸ ਦੇ ਅਦਿੱਸ ਕਾਰਨਾਂ ਨੂੰ ਜਾਣਨਾ ਤੇ ਫਿਰ ਲੀਹੋਂ ਲੱਥੀ ਗੱਡੀ ਨੂੰ ਮੁੜ ਲੀਹ ਤੇ ਲਿਆਉਣ ਦੇ ਢੰਗ-



Sri Satguru Jagjit Singh Ji eLibrary NamdhariElibrary@gmail.com

ਤਰੀਕਿਆਂ ਬਾਰੇ ਗੰਭੀਰ ਵਿਚਾਰ-ਚਰਚਾ ਇਸ ਪੁਸਤਕ ਵਿੱਚ ਹੋਈ ਹੈ। ਜ਼ਮੀਨੀ ਹਕੀਕਤਾਂ ਨੂੰ ਅਣਗੌਲੇ ਨਹੀਂ ਕੀਤਾ ਗਿਆ। ਬੜੇ ਬਾ-ਮਤਲਬ ਸਵਾਲ ਉਠਾਏ ਗਏ ਹਨ ਤੇ ਸਾਰੀਆਂ ਸੰਬੰਧਿਤ ਧਿਰਾਂ ਦੀ ਸ਼ਮੂਲੀਅਤ ਨੂੰ ਜ਼ਰੂਰੀ ਸਮਝਿਆ ਗਿਆ ਹੈ। ਇਸ ਪ੍ਰਕਾਰ ਦੀਆਂ ਲਿਖਤਾਂ ਰੁੱਖੀਆਂ ਹੋਣ ਕਾਰਨ ਅਕਸਰ ਪੜ੍ਹੀਆਂ ਨਹੀਂ ਜਾਂਦੀਆਂ। ਐਪਰ ਗੁਰਪ੍ਰੀਤ ਸਿੰਘ ਤੂਰ ਦੀ ਰਸ-ਗੁੱਧੀ ਵਾਰਤਕ ਨੂੰ ਪਾਠਕ ਦਿਲਚਸਪੀ ਨਾਲ ਪੜ੍ਹਦੇ ਹਨ। ਉਸ ਦੀ ਬੋਲੀ, ਸ਼ੈਲੀ, ਜੀਵਨ ਨਾਲ ਜੁੜੇ ਅਨੇਕਾਂ ਹਵਾਲੇ; ਉਸ ਦੀ ਸੁਹਿਰਦਤਾ, ਸੰਵੇਦਨਸ਼ੀਲਤਾ, ਡੂੰਘੀ ਹਮਦਰਦੀ ਤੇ ਆਸ਼ਾਵਾਦ ਲਿਖਤ ਦੀ ਰੌਚਿਕਤਾ ਬਣਾਉਣ ਵਿੱਚ ਸਹਾਈ ਹੁੰਦੇ ਹਨ। ਉਸ ਦੀਆਂ ਰਚਨਾਵਾਂ ਵਿੱਚ ਬਿਰਖਾਂ-ਬੂਟਿਆਂ, ਫ਼ਸਲਾਂ, ਚਾਰ-ਚੁਫੇਰੇ ਪਸਰੀ ਹਰਿਆਵਲ, ਅਕਾਸ਼ ਦੀ ਖੁੱਲ੍ਹ ਵਿੱਚ ਮੌਜ ਨਾਲ ਉੱਡਦੇ ਪੰਛੀ, ਆਪਸੀ ਸਾਂਝਾਂ, ਘਰਾਂ ਦੀਆਂ ਰੌਣਕਾਂ, ਸੋਹਣੇ ਸੁਪਨਿਆਂ ਤੇ ਜਿਊਂਣ ਦੇ ਚਾਵਾਂ ਦੀਆਂ ਗੱਲਾਂ ਅਨੂਠਾ ਰੰਗ ਭਰਦੀਆਂ ਹਨ।

ਵਾਰਤਕ ਰਚਨਾ ਸੁਖਾਲਾ ਕਾਰਜ ਨਹੀਂ ਹੈ। ਇਸ ਦੇ ਵਾਸਤੇ ਲੇਖਕ ਦਾ ਗਿਆਨ ਵਸੀਹ ਹੋਣਾ, ਉਸ ਦਾ ਹੁਣ ਤੱਕ ਲਿਖੀ ਗਈ ਤੇ ਹੁਣ ਲਿਖੀ ਜਾ ਰਹੀ ਵਾਰਤਕ ਨੂੰ ਪੜ੍ਹਨਾ, ਆਪਣੇ ਸੱਭਿਆਚਾਰ ਦੇ ਮਜੀਠੇ ਰੰਗ ਨੂੰ ਨਜ਼ਰਾਂ ਵਿੱਚ ਰੱਖਣਾ, ਦ੍ਰਿਸ਼ਟੀ ਸਪੱਸ਼ਟ ਤੇ ਸੋਚ ਭਵਿੱਖ-ਮੁਖੀ ਹੋਣੀ ਜ਼ਰੂਰੀ ਤੱਤ ਹਨ। ਲੇਖਕ ਗੁਰਪ੍ਰੀਤ ਸਿੰਘ ਤੂਰ ਵਿੱਚ ਅਜਿਹੇ ਸਾਰੇ ਗੁਣ ਮੌਜੂਦ ਹਨ। ਉਹ ਗੰਭੀਰ ਪਾਠਕ ਹੈ। ਉਸ ਨੂੰ ਨਵੇਂ ਤੋਂ ਨਵਾਂ ਪੜ੍ਹਨ ਦੀ ਉਨਸ ਹੈ। ਉਸ ਦੇ ਮਿੱਤਰ-ਦਾਇਰੇ ਵਿੱਚ ਨਾਮੀ ਸਾਹਿਤ-ਸਿਰਜਕ ਹਨ। ਉਸ ਨੇ ਸਾਹਿਤ-ਰਚਨਾ ਨੂੰ ਸੰਜੀਦਗੀ ਨਾਲ ਲਿਆ ਹੈ। ਇਸੇ ਕਰ ਕੇ ਉਸ ਦੀ ਲਿਖਤ ਵਿੱਚ ਦਮ ਹੁੰਦਾ ਹੈ।

ਤੂਰ ਦੀ ਵਾਰਤਕ ਵਿੱਚ ਮੌਲਿਕਤਾ, ਸਰਸਤਾ, ਸਪੱਸ਼ਟਤਾ ਤੇ ਸੁਹਜ ਹੈ। ਉਸ ਦੀਆਂ ਜੜ੍ਹਾਂ ਪੇਂਡੂ ਪੰਜਾਬ ਦੀ ਮਿੱਟੀ ਵਿੱਚ ਹਨ। ਉਸ ਦੀਆਂ ਰਚਨਾਵਾਂ ਵਿੱਚ ਥਾਂ-ਥਾਂ ਅਜਿਹੇ ਵਾਕ ਤੇ ਪੈਰੇ ਮਿਲਦੇ ਹਨ ਜਿਨ੍ਹਾਂ ਵਿਚਲੇ ਦਾਰਸ਼ਨਿਕ ਤੇ ਕਾਵਿ-ਤੱਤ ਤੂਰ ਦੇ ਅੰਦਰਲੇ ਕਲਾਕਾਰ, ਰਿਸ਼ੀ-ਰੂਪ, ਜ਼ਿੰਦਗੀ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੇ ਮੁਦਈ ਅਤੇ ਧੀਮੇ ਨਿਮਰ ਇਨਸਾਨ ਨੂੰ ਦਰਸਾਉਂਦੇ ਹਨ। ਉਸ ਦੇ ਲਿਖੇ ਹਰ ਸ਼ਬਦ ਵਿੱਚ ਕਿਰਤੀਆਂ, ਕਿਰਸਾਣਾਂ ਦੇ ਮੁੜ੍ਹਕੇ-ਭਿੱਜੀ ਪੰਜਾਬ ਦੀ ਜ਼ਰਖੇਜ਼ ਮਿੱਟੀ ਦੀ ਖ਼ੁਸ਼ਬੂ ਹੈ ਤੇ ਲੋਕ-ਗੀਤਾਂ ਦੀ ਮਿਠਾਸ ਹੈ।

ਹਥਲੀ ਪੁਸਤਕ, ਪਹਿਲੀ ਨਜ਼ਰੇ, ਨਸ਼ਿਆਂ ਦੀ ਮਾਰ ਹੇਠ ਆਈ ਪੰਜਾਬ ਦੀ ਜਵਾਨੀ ਦੇ ਦੁਖਾਂਤ ਨਾਲ ਸੰਬੰਧਿਤ ਜਾਪ ਸਕਦੀ ਹੈ। ਅਸਲ ਵਿੱਚ ਇਹ ਇਸ ਤੋਂ ਵੱਧ ਕੇ ਜ਼ਿੰਦਗੀ ਨੂੰ ਅਰਥਵਾਨ ਬਣਾਉਣ ਦੀ ਜਾਚ ਨਾਲ ਭਰਪੂਰ ਹੈ। ਜਦੋਂ ਮੈਂ ਕਿਸੇ 'ਜ਼ਿੰਦਗੀ ਦੀ ਕਿਤਾਬ' ਦੀ ਕਲਪਨਾ ਕਰਦਾ ਹਾਂ, ਉਸ ਦੇ ਨਕਸ਼ ਮੇਰੀ ਜਾਚੇ



Sri Satguru Jagjit Singh Ji eLibrary NamdhariElibrary@gmail.com

ਇਸ ਪੁਸਤਕ ਵਰਗੇ ਹੀ ਹੋਣਗੇ। ਜਵਾਨੀ ਦੀ ਦਹਿਲੀਜ਼ ਤੇ ਪੈਰ ਧਰਨ ਵਾਲੇ ਹਰ ਮੁੰਡੇ ਤੇ ਕੁੜੀ ਨੂੰ ਇਹ ਪੁਸਤਕ ਪੜ੍ਹਨ ਨੂੰ ਮਿਲੇ ਤਦ ਉਹ ਹਰ ਭਟਕਣ ਤੋਂ ਬਚ ਕੇ ਸੁਚੱਜੀ ਤੇ ਸ਼ਾਨਦਾਰ ਜ਼ਿੰਦਗੀ ਜਿਊਂਣ ਦੇ ਯੋਗ ਹੋ ਸਕੇਗਾ।

ਪੁਸਤਕ ਦੇ ਪਹਿਲੇ ਭਾਗ ਵਿੱਚ ਗ਼ਲਤ ਰਾਹ ਪਈ ਔਲਾਦ ਕਾਰਨ ਦੁੱਖਾਂ ਦੀ ਦਲਦਲ ਵਿੱਚ ਫਸੇ ਪਰਿਵਾਰਾਂ ਦੀਆਂ ਸੱਚੀਆਂ ਕਹਾਣੀਆਂ ਹਨ। ਇਨ੍ਹਾਂ ਨੂੰ ਪੜ੍ਹਦਿਆਂ ਅਜਿਹੇ ਅਨੂਠੇ ਰੰਗ ਦੇ ਵਾਕ ਪੜ੍ਹਨ ਨੂੰ ਮਿਲਦੇ ਹਨ:

'ਸੱਭਿਆਚਾਰ ਬਹੁਤ ਗਹਿਰੇ ਦੁੱਖ ਨੂੰ ਵੀ ਸਮਾਂ ਪਾ ਕੇ ਮਿਠਾਸ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ ਲੇਕਿਨ ਸੱਭਿਆਚਾਰ ਦੇ ਨਾਮ ਤੇ ਅੱਜ ਅਸੀਂ ਜੋ ਕੁਝ ਸੁਣਦੇ ਤੇ ਵੇਖਦੇ ਹਾਂ, ਉਹ ਸਾਡੇ ਸੁੱਖਾਂ ਨੂੰ ਵੀ ਦੁੱਖਾਂ ਵਿੱਚ ਬਦਲ ਰਿਹਾ ਹੈ।' (ਪੰਨਾ 64)

'ਜ਼ਿੰਦਗੀ ਸਿਖਰ ਦਾ ਸਿਰੜ ਤੇ ਮਿਹਨਤ ਦੀ ਮੰਗ ਕਰਦੀ ਹੈ।' (ਪੰਨਾ 93)

ਅਜਿਹੀ ਪੁਸਤਕ ਦਾ ਪਾਠ ਕਰਦਿਆਂ ਪਾਠਕ ਆਪ ਵੀ ਕਈ ਤਰ੍ਹਾਂ ਦੇ ਨਿਚੋੜ ਕੱਢਣ ਵੱਲ ਤੁਰ ਸਕਦਾ ਹੈ। ਪੁਸਤਕ ਦੇ ਦੂਜੇ ਭਾਗ ਵਿੱਚ ਸੁੱਚੇ ਮੋਤੀਆਂ ਜਿਹੇ, ਸਦੀਵੀ ਮੁੱਲ ਵਾਲੇ ਮਸ਼ਵਰੇ ਬਹੁਤ ਸਰਲ ਭਾਸ਼ਾ ਵਿੱਚ ਦਿੱਤੇ ਗਏ ਹਨ। ਛੋਟੇ ਆਕਾਰ ਦੀਆਂ ਇਹ ਰਚਨਾਵਾਂ ਬਹੁਤ ਪਿਆਰੀਆਂ ਹਨ। ਇਨ੍ਹਾਂ ਵਿਚਲੇ ਅਜਿਹੇ ਇਹ ਕਥਨ ਟੂਕਾਂ ਬਣਨ ਦੇ ਸਮਰੱਥ ਹਨ:

'ਸਾਦਗੀ ਸਾਡੇ ਤੇ ਜ਼ਿੰਦਗੀ ਦਾ ਦਬਾਓ ਘਟਾਉਂਦੀ ਹੈ, ਜਦਕਿ ਦਿਖਾਵਾ ਇਸ ਦਬਾਓ ਨੂੰ ਵਧਾਉਂਦਾ ਹੈ। (ਪੰਨਾ 103)

'ਬਚਪਨ ਤੋਂ ਬੁਢੇਪੇ ਤੱਕ ਰੁਝੇਵਾਂ ਜ਼ਿੰਦਗੀ ਦਾ ਗਹਿਣਾ ਹੈ।' (ਪੰਨਾ 105)

'ਸਾਡੇ ਹਰ ਪਲ ਦਾ ਲੇਖਾ-ਜੋਖਾ ਨਿਰੰਤਰ ਹੋ ਰਿਹਾ ਹੈ। ਅਸੀਂ ਮੁਲਾਂਕਣ ਅਧੀਨ ਹਾਂ।' (ਪੰਨਾ 107)

'ਹਾਲਾਤ ਭਾਵੇਂ ਕਿਹੋ ਜਿਹੇ ਰਹਿਣ ਸਾਨੂੰ ਹਰ ਹਾਲਤ ਆਪਣੇ ਆਪ ਨੂੰ ਤਰਾਸ਼ਣ ਦੇ ਯਤਨ ਕਰਦੇ ਰਹਿਣਾ ਚਾਹੀਦਾ ਹੈ।' (ਪੰਨਾ 114)

ਪੁਸਤਕ ਦੇ ਤੀਜੇ ਭਾਗ ਵਿੱਚ ਇੱਕ ਲੰਮਾ ਲੇਖ ਹੈ। ਇਸ ਨੂੰ ਪੜ੍ਹਦਿਆਂ ਜ਼ਿੰਦਗੀ ਦੀਆਂ ਅਨੇਕਾਂ ਰਮਜ਼ਾਂ ਸਮਝ ਵਿੱਚ ਆਉਂਦੀਆਂ ਹਨ। ਸਾਡੇ ਪਿਛਾਂਹ ਨੂੰ ਸਰਕ ਜਾਣ ਦੇ ਕਾਰਨ ਵੀ ਵਿਖਾਈ ਦੇਣ ਲੱਗਦੇ ਹਨ।

ਅੰਤ ਵਿੱਚ ਇਹ ਆਖਣ ਨੂੰ ਹੈ ਕਿ ਗੁਰਪ੍ਰੀਤ ਸਿੰਘ ਤੂਰ ਹੁਰਾਂ ਦੀ ਲੇਖਣੀ ਵਿੱਚ ਵਿਲੱਖਣਤਾ ਹੈ। ਇਹ ਵਜ੍ਹਾ ਹੀ ਕਾਫ਼ੀ ਹੈ ਕਿ ਉਸ ਨੂੰ ਅਜਿਹੀਆਂ ਹੋਰ ਪ੍ਰੇਰਨਾਮਈ ਪੁਸਤਕਾਂ ਲਿਖਣੀਆਂ ਚਾਹੀਦੀਆਂ ਹਨ।

**ਕਰਨੈਲ ਸਿੰਘ ਸੋਮਲ (ਡਾ.)**



Sri Satguru Jagjit Singh Ji eLibrary NamdhariElibrary@gmail.com

## ਪਾਠਕਾਂ ਦੇ ਸਨਮੁਖ

ਸਾਲ 2012 ਤੋਂ 2017 ਦੌਰਾਨ ਮੈਨੂੰ ਲਗਭਗ ਪੰਜ ਵਰ੍ਹੇ ਫਰੀਦਕੋਟ, ਰੂਪਨਗਰ, ਫਿਰੋਜ਼ਪੁਰ, ਗੁਰਦਾਸਪੁਰ, ਬਰਨਾਲਾ ਅਤੇ ਮੋਗਾ ਜ਼ਿਲ੍ਹਿਆਂ ਵਿੱਚ ਪੁਲੀਸ ਵਿਭਾਗ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ। ਨਸ਼ਿਆਂ ਦੀ ਲਪੇਟ ਵਿੱਚ ਆਏ ਵਿਅਕਤੀਆਂ ਖਾਸ ਤੌਰ 'ਤੇ ਨੌਜਵਾਨਾਂ ਨਾਲ ਮੈਂ ਆਪ ਗੱਲ ਕਰਨ ਦੀ ਕੋਸ਼ਿਸ਼ ਕਰਦਾ। ਨਸ਼ਾ ਕਿੱਥੋਂ ਲਿਆਂਦਾ, ਕਿਸ ਕੀਮਤ ਤੇ ਲਿਆਂਦਾ, ਕੌਣ-ਕੌਣ ਲੈ ਕੇ ਆਇਆ, ਕਦੋਂ ਤੋਂ ਨਸ਼ਾ ਕਰਦੇ ਹੋ, ਇਨ੍ਹਾਂ ਮੁੱਢਲੇ ਸਵਾਲਾਂ ਤੋਂ ਇਲਾਵਾ ਮੈਂ ਇਕੱਲੇ-ਇਕੱਲੇ ਵਿਅਕਤੀ ਨਾਲ ਵਿਸਥਾਰਪੂਰਵਕ ਗੱਲ ਕਰਦਾ। ਇਸ ਗੱਲ-ਬਾਤ ਸਮੇਂ ਮੈਂ ਕੋਸ਼ਿਸ਼ ਕਰਦਾ ਕਿ ਅਸੀਂ ਦੋਵੇਂ ਹੀ ਆਹਮੋ-ਸਾਹਮਣੇ ਹੋਈਏ। ਅਕਸਰ ਇਸ ਕੰਮ ਲਈ ਮੈਂ ਦੇਰ ਸ਼ਾਮ ਜਾਂ ਰਾਤ ਦੇ ਖੁੱਲ੍ਹੇ ਸਮੇਂ ਦੀ ਚੋਣ ਕਰਦਾ।

ਮੁੱਢਲੀ ਪੁੱਛ-ਗਿੱਛ ਤੋਂ ਬਾਅਦ ਮੈਂ ਉਨ੍ਹਾਂ ਨੂੰ ਥੋੜ੍ਹਾ ਆਰਾਮ ਦਿੰਦਾ, ਏਧਰ-ਓਧਰ ਦੀਆਂ ਗੱਲਾਂ ਕਰਨ ਲਗਦਾ ਤੇ ਫਿਰ ਪੁੱਛਦਾ ਕਿ ਨਸ਼ਾ ਕਿਉਂ ਕਰਦੇ ਹੋ। ਮੈਂ ਮਹਿਸੂਸ ਕੀਤਾ ਕਿ ਇਸ ਸਵਾਲ ਦਾ ਉੱਤਰ ਦੇਣ ਸਮੇਂ ਉਹ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਦੇ, ਫਿਰ ਨੀਵੀਂ ਪਾਉਂਦੇ, ਕੁਝ ਬੋਲਣ ਲੱਗਦੇ ਪਰ ਚੁੱਪ ਕਰ ਜਾਂਦੇ। ਅਜਿਹੇ ਸਵਾਲਾਂ ਦੇ ਉੱਤਰ ਦਿੰਦਿਆਂ ਉਨ੍ਹਾਂ ਨੂੰ ਸਮਾਂ ਲਗਦਾ ਤੇ ਔਖਿਆਈ ਹੁੰਦੀ। ਜਿਵੇਂ ਕੋਈ ਦੁਕਾਨਦਾਰ ਦੁਕਾਨ ਦੇ ਪਿੱਛੇ ਜਾਵੇ ਅਤੇ ਕੋਈ ਵਸਤੂ ਲੱਭ ਕੇ ਗਾਹਕ ਨੂੰ ਦੇਵੇ, ਏਵੇਂ ਹੀ ਉਹ ਬੀਤ ਗਏ ਦੀਆਂ ਯਾਦਾਂ ਵਿੱਚ ਜਾਂਦੇ। ਕੋਈ ਅੱਖਾਂ ਬੰਦ ਕਰਦਾ, ਕੋਈ ਸਿਰ ਖੁਰਕਦਾ ਤੇ ਫਿਰ ਕੁਝ ਨਾ ਕੁਝ ਬੋਲ ਦਿੰਦੇ। ਗੱਲ-ਬਾਤ ਦੇ ਇਸ ਪੜਾਅ ਲਈ ਮੈਂ ਉਨ੍ਹਾਂ ਨੂੰ ਢੁੱਕਵਾਂ ਮਾਹੌਲ ਦਿੰਦਾ, ਪੁੱਛ-ਗਿੱਛ ਦਾ ਜ਼ਿਆਦਾ ਸਮਾਂ ਮੈਂ ਇਸੇ ਸਵਾਲ ਤੇ ਲਾਉਂਦਾ। ਦਰਅਸਲ ਮੈਂ ਜਾਨਣ ਦੀ ਕੋਸ਼ਿਸ ਕਰਦਾ ਕਿ ਕਿਹੜੇ ਕਦਮਾਂ ਤੇ ਚੱਲ ਕੇ ਉਹ ਅਭਾਗੇ ਨੌਜਵਾਨ ਨਸ਼ਿਆਂ ਅਤੇ ਜ਼ੁਰਮ ਦੀ ਦਲਦਲ ਵਿੱਚ ਧਸ ਗਏ ਹਨ। ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਹਾਲਾਤ ਤੋਂ ਜਾਣੂ ਤੇ ਚੌਕਸ ਕਰਾਉਣ ਦੀ ਕੋਸ਼ਿਸ਼ ਹੀ ਇਸ ਪੁਸਤਕ ਦਾ ਮੁੱਖ ਉਦੇਸ਼ ਹੈ।

ਇਸ ਕਿਤਾਬ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿੱਚ ਨਸ਼ਿਆਂ ਦੇ ਵਿਅਕਤੀਆਂ ਅਤੇ ਪਰਿਵਾਰਾਂ ਤੇ ਪੈ ਰਹੇ ਮਾੜੇ ਪ੍ਰਭਾਵਾਂ ਦਾ ਵਰਣਨ ਹੈ। ਨਸ਼ਿਆਂ ਨੇ ਕਿੰਨਾ ਕੁ ਨੁਕਸਾਨ ਕੀਤਾ, ਇਸ ਦਾ ਅੰਦਾਜ਼ਾ ਲਾਉਣਾ ਔਖਾ ਕੰਮ ਹੈ। ਵੱਡਾ



Sri Satguru Jagjit Singh Ji eLibrary NamdhariElibrary@gmail.com

ਨੁਕਸਾਨ ਪਰਦੇ ਪਿੱਛੇ ਹੋ ਰਿਹਾ ਹੈ ਜੋ ਸਮੇਂ ਦੀਆਂ ਆਉਂਦੀਆਂ ਪਰਤਾਂ ਵਿੱਚ ਸਪੱਸ਼ਟ ਵਿਖਾਈ ਦੇਣ ਲੱਗੇਗਾ। ਇਹ ਸਤਰਾਂ ਲਿਖਣ ਸਮੇਂ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਇੱਕ ਵਟਸਐਪ ਸੁਨੇਹਾ ਪੜ੍ਹਨ ਨੂੰ ਮਿਲਿਆ :-

*"ਅਫ਼ਗਾਨਿਸਤਾਨ ਦਾ ਅੱਜ ਦੇ ਪੰਜਾਬ ਨੂੰ ਸਵਾਲ...*
*ਪੰਜਾਬ ਸਿਆਂ ਕੀ ਹਾਲ ਏ...ਸਿਰ ਜਿਹਾ ਕਿਉਂ ਸਿੱਟੀ ਬੈਠਾਂ ?*
*ਪਛਾਣਿਆ ਮੈਨੂੰ ?*
*ਓ ਦੇਖ ਤਾਂ ਸਹੀ ਉਤਾਂਹ ਨੂੰ...!!*
*ਮੈਂ ਅਫ਼ਗਾਨ...*
*ਓਹੀ ਆਂ ਸ਼ਰੀਕ ਤੇਰਾ ਜੋ ਤੈਨੂੰ ਢਾਹੁਣ ਨੂੰ ਫਿਰਦਾ ਸੀ,*
*ਬੜੇ ਦਿਨ ਸੀ ਮੱਲਾ ਤੇਰੇ ਓਦੋਂ....*
*ਮੇਰੀ ਹਿੱਕ ਦਾ ਸਰਾਹਣਾ ਲਾ ਕੇ ਸੌਂਦਾ ਸੀ,*
*ਤਿੱਬਤ ਤੱਕ ਦੇ ਬਰਫੀਲੇ ਪਹਾੜ ਤੇ ਰਾਜਸਥਾਨ ਦਾ ਮਾਰੂਥਲ ਤੇਰੀਆਂ ਬਾਹਾਂ ਦੀ ਬੁੱਕਲ 'ਚ ਹੁੰਦਾ ਸੀ...*
*ਬੜੇ ਸ਼ੇਰ ਪੁੱਤ ਜੰਮੇ ਸੀ ਤੂੰ....*
*ਮੇਰੇ ਪੁੱਤ ਬਾਬਰ ਨੂੰ ਜਾਬਰ ਕਹਿੰਦਾ ਥੱਕਦਾ ਨੀਂ ਸੀ ਮੂੰਹ 'ਤੇ,*
*ਫਿਰ ਮੈਂ ਅਬਦਾਲੀ ਨੂੰ ਘੱਲਿਆ ਸੀ ਤੈਨੂੰ ਢਾਹੁਣ ਨੂੰ, ਵਿਚਾਰਾ ਹਮਲੇ ਕਰਦਾ ਥੱਕ ਗਿਆ...!!*
*ਨਾਦਰ ਸ਼ਾਹ ਵਰਗਾ ਤੇਰੇ ਤੋਂ ਜਾਨ ਛੁਡਾ, ਸਿੱਧਾ ਲਾਹੌਰ ਜਾ ਜ਼ਕਰੀਏ ਨੂੰ ਪੁੱਛਦਾ ਸੀ ਆਹ ਕੌਣ ਨੇ ਸ਼ੇਰ ਦੀ ਦਾੜ੍ਹ 'ਚੋਂ ਮਾਸ ਖੋਹਣ ਵਾਲੇ... ? ਇਹ ਕੌਣ ਬਲਾਵਾਂ ਨੇ ਜਿਨ੍ਹਾਂ ਮੇਰਾ ਖੂੰਖਾਰ ਭੁੱਖੇ ਸ਼ੇਰਾਂ ਵਾਂਗ ਪਿੱਛਾ ਕੀਤਾ ਏ...!!*
*ਹੋਰ ਵੀ ਕਈ ਗਜ਼ਨਵੀ ਵਰਗੇ ਮੇਰੇ ਯੋਧਿਆਂ ਦੇ ਮੂੰਹ ਭੰਨੇ ਸੀ ਤੂੰ...*
*ਤੇਰਾ ਤਾਂ ਹਰੀ ਸਿੰਘ ਨਲੂਆ ਨੀ ਸੀ ਮਾਨ ਭਰਾਵਾ...!!*
*ਅਜੇ ਵੀ ਮੇਰੇ ਪੋਤਰੇ-ਪੜਪੋਤਰੇ ਡਰਦੇ ਨੇ ਓਹਦੇ ਨਾਮ ਤੋਂ...!!*
*ਕੋਈ ਨੀ ਢਾਹ ਸਕਿਆ ਸੀ ਤੈਨੂੰ...*
*ਹੁਣ ਸੁਣਾ...!*
*ਹੁਣ ਕੀ ਹੋ ਗਿਆ... ??*
*ਹੁਣ ਤਾਂ ਮੈਂ ਨੀ ਭੇਜਿਆ ਕਿਸੇ ਨੂੰ...!*
*ਹੁਣ ਤਾਂ ਮੈਂ ਫ਼ਸਲ ਵੇਚਦਾਂ ਤੇ ਤੇਰੇ ਪੁੱਤ ਖ਼ਰੀਦਦੇ ਆ...*
*ਕੀ ਕਹਿੰਦੇ ਆ ਉਹਨੂੰ ਥੋਡੇ ਏਥੇ... ?*



Sri Satguru Jagjit Singh Ji eLibrary NamdhariElibrary@gmail.com

*ਆਹੋ 'ਚਿੱਟਾ'...*
*ਦੇਖ ਲੈ ਢਾਹ ਲਿਆ ਨਾ ਮੈਂ ਤੈਨੂੰ ਪੰਜਾਬ ਸਿਆਂ..."*

ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਮੌਤਾਂ ਨਸ਼ਿਆਂ ਦੇ ਸਭ ਤੋਂ ਵੱਡੇ ਤੇ ਘਾਤਕ ਪ੍ਰਭਾਵ ਹਨ। ਕਈ ਦਿਨਾਂ ਦਾ ਭੁੱਖਾ ਵਿਅਕਤੀ ਜਿਵੇਂ ਵੱਧ ਖਾਣਾ ਖਾ ਕੇ ਬਿਮਾਰ ਹੋ ਜਾਂਦਾ ਹੈ ਇਵੇਂ ਹੀ ਨਸ਼ੇ ਦੀ ਤੋੜ ਨਾਲ ਜੱਦੋ-ਜਹਿਦ ਕਰਦਾ ਵਿਅਕਤੀ ਅਚਾਨਕ ਵੱਧ ਡੋਜ਼ ਭਰ ਲੈਂਦਾ ਹੈ, ਜਿਸ ਵਿੱਚ ਨਸ਼ੇ ਦੀ ਘਣਤਾ ਵੀ ਵਧੇਰੇ ਹੁੰਦੀ ਹੈ, ਜੋ ਸਿੱਧੀ ਨਿਊਰੋ ਸਿਸਟਮ ਨੂੰ ਪ੍ਰਭਾਵਿਤ ਕਰਦੀ ਹੈ ਤੇ ਜਿੰਨੀ ਦੇਰ ਹਥਲਾ ਵਾਕ ਲਿਖਣ ਲਈ ਲੱਗੀ ਓਨੀ ਦੇਰ ਵਿੱਚ ਮੌਤ ਆ ਛੂੰਹਦੀ ਹੈ। ਪੰਜ ਵਰ੍ਹਿਆਂ ਦੌਰਾਨ ਅਜਿਹੀਆਂ ਦਸ-ਬਾਰਾਂ ਅਭਾਗੀਆਂ ਘਟਨਾਵਾਂ ਨੂੰ ਮੈਂ ਬਹੁਤ ਨੇੜਿਓਂ ਦੇਖਿਆ, ਵਿਅਕਤੀਆਂ ਤੇ ਪਰਿਵਾਰਾਂ ਤੇ ਪੈਣ ਵਾਲੇ ਪ੍ਰਭਾਵ ਗਹੁ ਨਾਲ ਤੱਕੇ ਤੇ ਇਸ ਲਿਖਤ ਵਿੱਚ ਵਰਣਨ ਕਰਨ ਦਾ ਯਤਨ ਕੀਤਾ।

ਅਜਿਹੀ ਹੀ ਇੱਕ ਘਟਨਾ ਵਿੱਚ ਇੰਗਲੈਂਡ ਰਹਿੰਦਾ ਇੱਕ ਨੌਜਵਾਨ ਵਿਆਹ ਕਰਾਉਣ ਲਈ ਦੇਸ ਆਇਆ। ਇੱਕ ਸਵੇਰ ਉਹ ਟ੍ਰੈਕ ਸੂਟ ਵਿੱਚ ਹੀ ਆਪਣੀ ਪਤਨੀ ਤੇ ਮਾਪਿਆਂ ਨੂੰ ਇਹ ਕਹਿ ਕੇ ਸ਼ਹਿਰ ਚੱਲਿਆ ਗਿਆ ਕਿ ਟਿਕਟਾਂ ਕਨਫਰਮ ਕਰਾਉਣੀਆਂ ਹਨ ਲੇਕਿਨ ਉਹ ਰਾਤ ਤੱਕ ਵਾਪਸ ਨਾ ਆਇਆ। ਅਗਲੀ ਸਵੇਰ ਮੁੱਖ ਸੜਕ ਤੇ ਪਾਸੇ ਖੜ੍ਹੀ ਕਾਰ ਦੀ ਡਰਾਈਵਿੰਗ ਸੀਟ ਤੇ ਉਸ ਦੀ ਲਾਸ਼ ਪਈ ਸੀ। ਡਰਾਈਵਰ ਸੀਟ ਪਿੱਛੇ ਨੂੰ ਕੀਤੀ ਹੋਈ, ਟ੍ਰੈਕ ਸੂਟ ਦਾ ਹੇਠਲਾ ਹਿੱਸਾ ਥੱਲੇ ਨੂੰ ਖਸਕਾਇਆ ਹੋਇਆ ਤੇ ਇੱਕ ਸਰਿੰਜ ਉਸ ਦੇ ਪੱਟ ਵਿੱਚ ਖੁੱਭੀ ਹੋਈ ਸੀ। ਘਰ ਵਿੱਚ ਮੰਜਿਆਂ ਤੇ ਪਈਆਂ ਮਠਿਆਈਆਂ ਹਾਲੇ ਮੁੱਕੀਆਂ ਨਹੀਂ ਸਨ ਕਿ ਚਿੱਟੀਆਂ ਚਾਦਰਾਂ ਵਿਛ ਗਈਆਂ। ਉਸ ਦੀ ਪਤਨੀ ਡੂੰਘੀ ਬੇਹੋਸ਼ੀ ਵਿੱਚ ਚਲੀ ਗਈ ਤੇ ਤਿੰਨ ਮਹੀਨੇ ਹਸਪਤਾਲ ਵਿੱਚ ਜੇਰੇ ਇਲਾਜ ਰਹੀ। ਉਸ ਦੀ ਭੈਣ ਦੀ ਹਾਲਤ ਨੀਮ ਪਾਗਲਾਂ ਵਾਲੀ ਹੋਈ ਤੇ ਮਾਂ ਦੀ ਬੋਲ ਸਕਣ ਦੀ ਸਮਰੱਥਾ ਚਲੀ ਗਈ। ਉਸ ਦੇ ਬਾਪ ਨੇ ਸਾਜ਼ਸ਼ ਅਧੀਨ ਹੋਏ ਕਤਲ ਦਾ ਮੁਕੱਦਮਾ ਦਰਜ ਕਰਾਇਆ ਤੇ ਪਰਿਵਾਰ ਥਾਣਿਆਂ ਅਤੇ ਅਦਾਲਤਾਂ ਦੇ ਗੇੜਿਆਂ ਵਿੱਚ ਪੀਸਿਆ ਜਾਣ ਲੱਗਾ।

ਸਰਕਾਰੀ ਨੌਕਰੀਆਂ ਤੇ ਵਿਦੇਸ਼ ਜਾਣ ਦੇ ਯਤਨ, ਨੌਜਵਾਨਾਂ ਨੂੰ ਆਪਣੇ ਭਵਿੱਖ ਬਾਰੇ ਆਸ ਦੀ ਕੋਈ ਕਿਰਨ ਵਿਖਾਈ ਨਹੀਂ ਦਿੰਦੀ ਹੈ। ਦੂਜੇ ਭਾਗ ਵਿੱਚ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਇਨ੍ਹਾਂ ਨੌਜਵਾਨਾਂ ਨਾਲ ਕੁਝ ਗੱਲਾਂ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਹੋ ਰਹੇ ਨੁਕਸਾਨ ਨੂੰ ਘਟਾਇਆ ਜਾ ਸਕੇ। ਡਿਊਟੀ ਨਿਭਾਉਂਦਿਆਂ ਮੈਂ ਜਵਾਨੀ ਦਾ ਛੋਟੀਆਂ-ਛੋਟੀਆਂ ਗ਼ਲਤੀਆਂ, ਕਮੀਆਂ ਤੇ



Sri Satguru Jagjit Singh Ji eLibrary NamdhariElibrary@gmail.com

ਲਾਪਰਵਾਹੀ ਕਾਰਨ ਜੋ ਘਾਣ ਹੁੰਦਾ ਵੇਖਿਆ, ਉਸ ਤੋਂ ਬਚਣ ਲਈ ਨੌਜਵਾਨ ਪੀੜ੍ਹੀ ਨਾਲ ਕੁਝ ਸੁਝਾਅ ਵੀ ਇਸ ਭਾਗ ਵਿੱਚ ਵਿਚਾਰੇ ਗਏ ਹਨ।

ਢੁੱਕਵੇਂ ਰੁਜ਼ਗਾਰ ਦੀ ਅਣਹੋਂਦ ਕਾਰਨ ਨੌਜਵਾਨਾਂ ਨੂੰ ਕਿਹੜੀਆਂ-ਕਿਹੜੀਆਂ ਮੁਸੀਬਤਾਂ ਤੇ ਕਿਹੋ ਜਿਹੀ ਮਨੋ-ਦਸ਼ਾ ਵਿੱਚੋਂ ਲੰਘਣਾ ਪੈਂਦਾ ਹੈ, ਆਖ਼ਰੀ ਭਾਗ ਵਿੱਚ ਇਸ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ।

ਡਾ. ਕਰਨੈਲ ਸਿੰਘ ਸੋਮਲ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਹੁਰਾਂ ਨੇ ਇਨ੍ਹਾਂ ਲੇਖਾਂ ਬਾਰੇ ਮੈਨੂੰ ਸਾਰਥਕ ਸੁਝਾਓ ਦਿੱਤੇ ਅਤੇ ਮੇਰੀ ਹੌਸਲਾ ਅਫ਼ਜਾਈ ਕਰਦੇ ਰਹੇ। ਡਾ. ਦੇਵਿੰਦਰ ਸੈਫ਼ੀ ਤੇ ਹਰਮੀਤ ਸਿੰਘ ਅਟਵਾਲ ਨਾਲ ਮੈਂ ਇਨ੍ਹਾਂ ਵਿਸ਼ਿਆਂ ਬਾਰੇ ਵਿਚਾਰ-ਵਟਾਂਦਰਾ ਕਰਦਾ ਰਿਹਾ ਹਾਂ। ਪ੍ਰੋ. ਬਲਵੰਤ ਸਿੰਘ ਸੰਧੂ ਤੇ ਮੇਰੀ ਪਤਨੀ ਸ਼੍ਰੀਮਤੀ ਰੁਪਿੰਦਰ ਕੌਰ ਨੇ ਇਸ ਲਿਖਤ ਨੂੰ ਪੜ੍ਹਿਆ ਤੇ ਲੋੜੀਂਦੀ ਸੋਧ ਕੀਤੀ। ਟਾਈਟਲ ਕਵਰ ਚਿੱਤਰ ਮਨਵੀਰ ਸਿੰਘ ਦੀ ਹੱਥ ਕਿਰਤ ਹੈ, ਕਮਲਜੀਤ ਕੌਰ ਨੇ ਅੱਖਰਕਾਰੀ ਨਾਲ਼ ਇਸ ਨੂੰ ਸ਼ਿੰਗਾਰਿਆ ਅਤੇ ਤੇਜ ਪ੍ਰਤਾਪ ਸਿੰਘ ਸੰਧੂ ਨੇ ਸਰਵਰਕ ਚਿੱਤਰ ਨੂੰ ਅਮਲੀ ਰੂਪ ਦਿੱਤਾ ਹੈ। ਰਾਜੂ ਸੋਮਲ, ਅਮਨਪ੍ਰੀਤ ਸਿੰਘ ਤੇ ਕੁਲਵਿੰਦਰ ਸਿੰਘ ਨੇ ਇਸ ਪੁਸਤਕ ਦੀ ਕੰਪਿਊਟਰ ਟਾਈਪਿੰਗ ਦਾ ਕੰਮ ਮੁਕੰਮਲ ਕੀਤਾ। ਇਨ੍ਹਾਂ ਸਾਰਿਆਂ ਦੇ ਯੋਗਦਾਨ ਤੋਂ ਬਿਨਾਂ ਇਸ ਪੁਸਤਕ ਦੀ ਹੋਂਦ ਸੰਭਵ ਨਹੀਂ ਸੀ। ਇਨ੍ਹਾਂ ਸਾਰਿਆਂ ਦਾ ਮੈਂ ਵਿਸ਼ੇਸ਼ ਰਿਣੀ ਹਾਂ। ਪਹਿਲੇ ਅਤੇ ਤੀਜੇ ਭਾਗ ਵਿੱਚ ਵਰਨਣ ਲੇਖ 'ਪੰਜਾਬੀ ਟ੍ਰਿਬਿਊਨ' ਵਿੱਚ ਛਪ ਚੁੱਕੇ ਹਨ। ਮੈਂ ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਦਾ ਧੰਨਵਾਦੀ ਹਾਂ।

13-04-2018 ਗੁਰਪ੍ਰੀਤ ਸਿੰਘ ਤੂਰ



Sri Satguru Jagjit Singh Ji eLibrary NamdhariElibrary@gmail.com

# ਭਾਗ-ਪਹਿਲਾ



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਬੇੜਾ ਬੰਧਿ ਨਾ ਸਕਿਓ ਬੰਧਨ ਕੀ ਵੇਲਾ

ਚੋਣਾਂ ਨੂੰ ਲੋਕਤੰਤਰ ਦਾ ਥੰਮ੍ਹ ਕਿਹਾ ਗਿਆ ਹੈ। ਪੰਚਾਇਤ ਚੋਣਾਂ ਰਾਜਨੀਤਿਕ ਮਹਿਲ ਦੀਆਂ ਨੀਹਾਂ ਹਨ। ਪੰਚਾਂ-ਸਰਪੰਚਾਂ ਨੂੰ ਲੋਕਤੰਤਰ ਸਫ਼ਰ ਦੇ ਪਹਿਲੇ ਪਾਂਧੀ ਹੋਣ ਦਾ ਮਾਣ ਵੀ ਹਾਸਲ ਹੈ ਪਰ ਖ਼ਰਚੇ, ਪਾਰਟੀਬਾਜ਼ੀ, ਗੁੱਟਬੰਦੀ, ਸ਼ਰਾਬ ਤੇ ਨਸ਼ੇ ਜਿਹੇ ਕਈ ਸਵਾਲੀਆ ਨਿਸ਼ਾਨ ਵੀ ਪੰਚਾਇਤ ਚੋਣਾਂ (2013) ਦੌਰਾਨ ਸਾਹਮਣੇ ਆਏ। ਵਿਆਹਾਂ ਦੇ ਵੱਡੇ ਖ਼ਰਚੇ ਅਤੇ ਸਮਾਜ 'ਚ ਸ਼ਰਾਬ ਦਾ ਬਹੁਤ ਵੱਧ ਸੇਵਨ ਪਰਦੇ ਪਿੱਛੇ ਨਸ਼ਿਆਂ ਦਾ ਧਰਾਤਲ ਸਿਰਜਦੇ ਹਨ। ਇਸੇ ਦ੍ਰਿਸ਼ਟੀਕੋਣ ਤੋਂ ਪੰਚਾਇਤ ਚੋਣਾਂ ਦੌਰਾਨ ਸ਼ਰਾਬ ਦਾ ਵਹਾਅ ਅਤੇ ਪ੍ਰਭਾਵ ਇਸ ਲੇਖ ਵਿੱਚ ਵਿਚਾਰੇ ਜਾ ਰਹੇ ਹਨ।

ਭਾਵੇਂ ਸ਼ਰਾਬ ਦਾ ਸਮੂਹਿਕ ਰੁਝਾਨ ਚੋਣਾਂ ਦੇ ਐਲਾਨ ਨਾਲ ਹੀ ਸ਼ੁਰੂ ਹੋ ਗਿਆ ਸੀ, ਪਰ ਪਿਛਲੇ ਦਸ ਦਿਨ ਸ਼ਰਾਬ ਦੀ ਸਪਲਾਈ ਅਤੇ ਸੇਵਨ ਨਿਰੰਤਰ ਅਤੇ ਲਾਮਬੰਦ ਹੋ ਗਈ ਸੀ। ਆਖ਼ਰੀ ਚਾਰ ਦਿਨ ਇਹ ਦੌਰ ਸਿਖਰ 'ਤੇ ਸੀ। ਪੰਜਾਹ-ਸੌ ਬੰਦਿਆਂ ਦੀ ਰੋਟੀ ਸਾਂਝੀ ਥਾਂ ਬਣਨ ਲੱਗੀ ਅਤੇ ਅੱਧੀ ਰਾਤ ਤੱਕ ਮਹਿਫ਼ਲਾਂ ਜੁੜਦੀਆਂ ਰਹੀਆਂ। ਜਿਹੜੇ ਵਿਅਕਤੀ ਇਸ ਇਕੱਠ ਵਿੱਚ ਨਾ ਆ ਸਕਦੇ, ਉਨ੍ਹਾਂ ਦੇ ਘਰਾਂ 'ਚ ਸ਼ਰਾਬ ਦੀਆਂ ਬੋਤਲਾਂ ਭੇਜੀਆਂ ਜਾਣ ਲੱਗੀਆਂ। ਛੱਤੀ ਸੌ ਵੋਟ ਵਾਲੇ ਅਜਿਹੇ ਇੱਕ ਪਿੰਡ ਵਿੱਚ ਲਗਭਗ ਨੌਂ ਸੌ ਘਰ ਸਨ। ਇਨ੍ਹਾਂ ਵਿੱਚੋਂ ਲਗਭਗ ਚਾਰ ਕੁ ਸੌ ਘਰਾਂ ਨੇ ਇੱਕ ਜਾਂ ਦੂਜੀ ਪਾਰਟੀ ਤੋਂ ਆਖ਼ਰੀ ਦਸ ਦਿਨ ਔਸਤਨ ਸ਼ਰਾਬ ਦੀ ਇੱਕ-ਇੱਕ ਬੋਤਲ ਪ੍ਰਤੀ ਦਿਨ ਹਾਸਲ ਕੀਤੀ। ਇਸ ਪਿੰਡ ਵਿੱਚ ਚੋਣਾਂ ਦੌਰਾਨ ਅੰਦਾਜ਼ਨ ਪੰਜ ਕੁ ਸੌ ਡੱਬੇ ਸ਼ਰਾਬ ਦੇ ਲੱਗੇ। ਸਬ-ਡਵੀਜ਼ਨ ਪੱਧਰ ਦੇ ਇੱਕ ਪੇਂਡੂ ਸ਼ਹਿਰ ਦੇ ਆਸੇ-ਪਾਸੇ ਦੇ ਨੌਂ ਸੌ ਤੋਂ ਤਰਤਾਲੀ ਸੌ ਵੋਟਾਂ ਵਾਲੇ ਅੱਠ ਪਿੰਡਾਂ ਵਿੱਚ ਚੋਣਾਂ ਦੌਰਾਨ ਸ਼ਰਾਬ ਦੀ ਖਪਤ ਲਗਭਗ 240, 285, 350, 420, 500, 575, 640 ਤੇ 700 ਡੱਬੇ ਸਨ। ਇਸ ਘੇਰੇ ਵਿੱਚ ਸਰਬ-ਸੰਮਤੀ ਵਾਲੇ ਇੱਕ ਪਿੰਡ ਵਿੱਚ ਸ਼ਰਾਬ ਦੀ ਲਾਗਤ ਔਸਤ ਤੋਂ ਘੱਟ ਗਈ ਸੀ ਪਰ ਕਈ ਪਿੰਡਾਂ ਵਿੱਚ ਦੋਵਾਂ ਪਾਰਟੀਆਂ ਦੇ ਸਰਪੰਚ ਅਤੇ ਪੰਚ ਲਈ ਖੜ੍ਹੇ ਉਮੀਦਵਾਰ ਇੱਕ-ਇੱਕ ਘਰ ਨੂੰ ਵੱਖੋ-ਵੱਖਰੇ ਤੌਰ ਤੇ ਸ਼ਰਾਬ ਦੀਆਂ ਬੋਤਲਾਂ ਸਪਲਾਈ ਕਰਦੇ ਵੇਖੇ ਗਏ। ਅਜਿਹੇ ਪਿੰਡਾਂ ਦੇ ਅੰਕੜੇ ਆਸਾਨੀ ਨਾਲ ਚਾਰ ਅੰਕਾਂ ਦੀ ਗਿਣਤੀ ਪਾਰ ਕਰ



Sri Satguru Jagjit Singh Ji eLibrary NamdhariElibrary@gmail.com

ਗਏ। ਠੇਕਿਆਂ ਦੇ ਮੁਨੀਮਾਂ ਦੀਆਂ ਜੇਬਾਂ ਵਿੱਚ ਪਈਆਂ ਪਰਚੀਆਂ ਪਿੰਡਾਂ ਦੇ ਵਰਤਮਾਨ ਤੇ ਭਵਿੱਖ ਦੀਆਂ ਕਈ ਪਰਤਾਂ ਸਮੋਈ ਬੈਠੀਆਂ ਸਨ।

ਅਜਿਹੇ ਹਾਲਾਤ ਨੇ ਇੱਕ ਨਵੇਂ ਰੁਝਾਨ ਨੂੰ ਜਨਮ ਦਿੱਤਾ। ਉਹ ਔਰਤਾਂ ਜੋ ਅਬਾਦੀ ਦੇ ਧੁਰ ਅੰਦਰ ਤੱਕ ਠੇਕਿਆਂ ਵਿਰੁੱਧ ਲਾਮਬੰਦ ਹੋਣ ਲੱਗੀਆਂ ਸਨ ਅਤੇ ਜਿਨ੍ਹਾਂ ਨੇ ਸ਼ਰਾਬੀ ਪਤੀਆਂ ਤੋਂ ਤੰਗ ਆ ਕੇ ਜ਼ਿੰਦਗੀ ਨਾਲ ਦੋ-ਚਾਰ ਹੋ ਜਾਣ ਦਾ ਮਨ ਬਣਾਉਣਾ ਸ਼ੁਰੂ ਕੀਤਾ ਸੀ, ਆਪ ਹੀ ਸਵਾਲ ਕੀਤਾ ਕਿ ਜੇ ਬੰਦਿਆਂ ਨੂੰ ਸ਼ਰਾਬ ਦੀਆਂ ਬੋਤਲਾਂ ਤਾਂ ਸਾਡੇ ਲਈ ਕੀ? ਇਸ ਵਹਾਅ ਨੇ ਔਰਤਾਂ ਲਈ ਪ੍ਰਤੀ ਘਰ ਠੰਢਿਆਂ ਦੀਆਂ ਦੋ-ਦੋ ਬੋਤਲਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਉਹ ਔਰਤਾਂ ਜੋ ਅੱਜ ਤੱਕ ਆਦਮੀਆਂ ਵਲੋਂ ਸ਼ਰਾਬ ਪੀਣ ਵਿਰੁੱਧ ਜੂਝਦੀਆਂ ਰਹੀਆਂ, ਅਚਾਨਕ ਤੇ ਅਚੇਤ ਰੂਪ ਵਿੱਚ ਕੋਲਡ ਡਰਿੰਕਸ ਦੀਆਂ ਦੋ ਬੋਤਲਾਂ ਨੇ ਉਨ੍ਹਾਂ ਔਰਤਾ ਤੋਂ ਹੀ ਸ਼ਰਾਬ ਦੀ ਇਸ ਪੱਧਰ ਤੱਕ ਸਪਲਾਈ ਦੀ ਹਾਮੀ ਭਰਵਾ ਦਿੱਤੀ। ਇਨ੍ਹਾਂ ਪੰਚਾਇਤ ਚੋਣਾਂ ਦਾ ਇਹ ਸਭ ਤੋਂ ਵੱਡਾ ਝਟਕਾ ਸੀ। ਇਨ੍ਹਾਂ ਚੋਣਾਂ ਵਿੱਚ ਚੁੱਲ੍ਹਾ-ਚੌਕਾਂ ਸਾਂਭਣ ਤੋਂ ਬਾਅਦ ਔਰਤਾਂ ਰਾਤ ਸਮੇਂ ਵੀ ਚੋਣ ਪ੍ਰਚਾਰ ਵਿੱਚ ਰੁੱਝੀਆਂ ਵਿਖਾਈ ਦਿੱਤੀਆਂ। ਸ਼ਰਾਬੀਆਂ ਉੱਤੇ ਰਾਤ ਸਮੇਂ ਵੇਲੇ ਸਿਰ ਘਰ ਮੁੜ ਆਉਣ ਲਈ ਔਰਤਾਂ ਦਾ ਅਸਰਦਾਰ ਪ੍ਰਭਾਵ ਰਿਹਾ ਹੈ। ਇਸ ਰੁਝਾਨ ਨੇ ਇਸ ਪ੍ਰਭਾਵ ਨੂੰ ਵੀ ਫਿੱਕਾ ਕਰ ਦਿੱਤਾ ਜਦ ਕਿ ਔਰਤਾਂ ਨੂੰ ਨਸ਼ਿਆਂ ਖਿਲਾਫ਼ ਜੰਗ ਲਈ ਮਾਈ ਭਾਗੋ ਬਣ ਜਾਣਾ ਚਾਹੀਦਾ ਸੀ।

ਚੋਣਾਂ ਦੇ ਪ੍ਰਚਾਰ ਅਤੇ ਸ਼ਰਾਬ ਦੇ ਸੇਵਨ ਵਿੱਚ ਡੁੱਬੇ ਪਿੰਡ, ਨਸ਼ਈਆਂ ਅਤੇ ਸ਼ਰਾਬੀਆਂ ਲਈ ਬਹੁਤ ਹੀ ਢੁਕਵਾਂ ਮਾਹੌਲ ਬਣਿਆ ਰਿਹਾ। ਮਹੀਨਾ ਭਰ ਉਹ ਜ਼ਿੰਮੇਵਾਰ ਤੇ ਸੂਝਵਾਨ ਨਜ਼ਰ ਆਏ। ਕਈਆਂ ਨੇ ਸ਼ਰਾਬ ਦਾ ਬਰਾਂਡ ਵੇਖ ਕੇ ਆਪਣੀ ਪਾਰਟੀ ਬਦਲ ਲਈ। ਆਸੇ-ਪਾਸੇ ਦੇ ਪਿੰਡਾਂ ਵਿੱਚ ਕੀ ਵਾਪਰ ਰਿਹਾ ਉਹ ਅਜਿਹੀ ਪੂਰੀ ਸੂਝ ਰੱਖਦੇ ਰਹੇ। ਇੱਕ ਵਿਅਕਤੀ ਨੂੰ ਜਦ ਦੋ ਬੋਤਲਾਂ ਦਿੱਤੀਆਂ ਗਈਆਂ ਤਾਂ ਉਸ ਨੇ ਵੋਟਾਂ ਵਾਲਿਆਂ ਨੂੰ ਪਿੱਛੋਂ ਅਵਾਜ਼ ਮਾਰ ਕੇ ਵਾਪਸ ਬੁਲਾਇਆ ਤੇ ਪੁੱਛਿਆ, 'ਮੇਰੀ ਘਰ ਆਲੀ ਤਾਂ ਨੀ ਸ਼ਰਾਬ ਪੀਂਦੀ ਬਈ।' ਉਨ੍ਹਾਂ ਹੱਥ ਜੋੜ ਕੇ ਨਾਂਹ ਵਿੱਚ ਉਤਰ ਦਿੱਤਾ, 'ਰੱਖੋ ਫਿਰ ਠੰਢਿਆਂ ਦੀਆਂ ਦੋ ਬੋਤਲਾਂ', ਉਸ ਦੀ ਦਲੀਲ ਸੀ। 'ਇੱਧਰਲੇ ਘਰਾਂ ਤੋਂ ਸ਼ੁਰੂ ਕਰਿਆ ਕਰੋ', ਜਾਣ ਲੱਗਿਆਂ ਨੂੰ ਉਸ ਨੇ ਚਾਹ ਪਾਣੀ ਪੁੱਛ ਕੇ ਵੋਟਾਂ ਵਾਲਿਆਂ ਨੂੰ ਸਲਾਹ ਵੀ ਦਿੱਤੀ। ਪਰ ਜਿਹੜੇ ਪਿੰਡਾਂ ਵਿੱਚ ਸਰਬ-ਸੰਮਤੀ ਹੋ ਗਈ, ਉਨ੍ਹਾਂ ਪਿੰਡਾਂ ਦੇ ਅਜਿਹੇ ਲੋਕ ਉਦਾਸ ਸਨ। ਆਥਣ ਵੇਲੇ ਉਹ ਇਕੱਠੇ ਹੋ ਕੇ ਪਿੰਡ ਦੇ ਪਤਵੰਤਿਆਂ ਨੂੰ ਕੋਸਦੇ ਰਹਿੰਦੇ। ਇੱਕ ਅਜਿਹੇ ਪਿੰਡ ਤਾਂ ਉਹ ਉਲਾਭਾਂ ਦੇਣ ਵੀ ਚਲੇ ਗਏ। ਉੱਠਦੇ ਬੱਦਲ ਵੱਲ ਹੱਥ ਕਰ ਕੇ ਉਨ੍ਹਾਂ ਪੁੱਛਿਆ, 'ਦੱਸੋ ਹੁਣ ਅਸੀਂ ਕਿਹੜੇ ਪਿੰਡ ਦਾਰੂ ਪੀਣ ਜਾਈਏ?'



Sri Satguru Jagjit Singh Ji eLibrary NamdhariElibrary@gmail.com

ਇੱਕ ਪਿੰਡ ਵਿੱਚ ਚੋਣਾਂ ਵਾਲੇ ਦਿਨ ਪਿਉ ਤੇ ਪੁੱਤ ਦੋਵੇਂ ਵੋਟਾਂ ਪਾਉਣ ਵੇਲੇ ਹੀ ਸ਼ਰਾਬੀ ਹੋ ਗਏ ਸਨ। ਉਸ ਘਰ ਦਾ ਪੋਤਰਾ ਵੀ ਗੋਲੀਆਂ-ਕੈਪਸੂਲਾਂ ਦੇ ਨਸ਼ੇ ਦਾ ਆਦੀ ਹੋ ਚੁੱਕਾ ਹੈ। ਇੱਕ ਸਮਾਂ ਅਜਿਹਾ ਸੀ ਕਿ ਜਦ ਸ਼ਰਾਬੀ ਬਾਪ ਨੂੰ ਬਾਹੋਂ ਫੜ ਕੇ ਘਰ ਲਿਆਉਣਾਂ ਪੈਂਦਾ ਤਾਂ ਪੁੱਤ ਘਰੋਂ ਬਾਹਰ ਨਿਕਲਣੋਂ ਹਟ ਜਾਂਦਾ ਸੀ ਅਤੇ ਜੇ ਪੁੱਤ ਕੁਰਾਹੇ ਪੈ ਜਾਂਦਾ ਤਾਂ ਬਾਪ ਸੱਥ ਵਿੱਚ ਬੈਠਣ ਦਾ ਹੌਸਲਾ ਨਹੀਂ ਕਰਦਾ ਸੀ ਪਰ ਹੁਣ ਅਸੀਂ ਅਜਿਹੇ ਸਾਰੇ ਪਰਦੇ ਚੁੱਕ ਦਿੱਤੇ ਹਨ। ਸਮਾਜਿਕ ਕੁਰੀਤੀਆਂ ਵਿਰੁੱਧ ਸਮਾਜਿਕ ਦਬਾਉ ਖ਼ਤਮ ਹੁੰਦਾ ਜਾ ਰਿਹਾ ਹੈ।

ਮੂੰਹ ਹਨੇਰੇ ਜਦ ਚੋਣਾਂ ਦਾ ਨਤੀਜਾ ਐਲਾਨਿਆ ਗਿਆ ਤਾਂ ਇੱਕ ਪਿੰਡ ਦੇ ਸਕੂਲ ਵਿੱਚ ਅਚਾਨਕ ਹਲਚਲ ਜਿਹੀ ਮੱਚ ਗਈ। ਬਹੁਤ ਲੋਕ ਮੋਬਾਇਲ ਫ਼ੋਨ 'ਤੇ ਗੱਲਾਂ ਕਰਨ ਲੱਗੇ। ਉੱਚੀ-ਉੱਚੀ ਅਵਾਜ਼ਾਂ ਸੁਣਾਈ ਦੇਣ ਲੱਗੀਆਂ ਤੇ ਨਾਅਰੇ ਲੱਗਣ ਲੱਗੇ। ਨਸ਼ੇ ਵਿੱਚ ਧੁੱਤ ਇੱਕ ਸ਼ਰਾਬੀ ਨੇ ਹੱਥ ਦੇ ਇਸ਼ਾਰੇ ਨਾਲ ਆਪਣੇ ਸਾਥੀਆਂ ਨੂੰ ਪੁੱਛਿਆ ਕਿ, ਕੀ ਹੋਇਆ ਹੈ? ਉਨ੍ਹਾਂ ਸਮਝਾਇਆ ਕਿ ਆਪਣੀ ਪਾਰਟੀ ਦਾ ਉਮੀਦਵਾਰ ਸਰਪੰਚ ਦੀ ਚੋਣ ਜਿੱਤ ਗਿਆ ਹੈ ਪਰ ਉਸ ਨੂੰ ਕੁਝ ਵੀ ਸਮਝ ਨਹੀਂ ਲੱਗ ਰਿਹਾ ਸੀ। ਘੱਟ ਪੀਤੀ ਵਾਲੇ ਉਸ ਦੇ ਇੱਕ ਸਾਥੀ ਨੇ ਫਿਰ ਸਾਹਮਣੇ ਲੱਗੇ ਬੈਨਰ 'ਤੇ ਚੋਣ ਨਿਸ਼ਾਨ 'ਮੇਜ਼' ਤੇ ਆਪਣੀ ਉਂਗਲ ਰੱਖੀ ਤੇ ਫਿਰ ਦੋਵੇਂ ਹੱਥ ਉੱਪਰ ਨੂੰ ਕਰ ਕੇ ਉਸ ਨੂੰ ਸਮਝਾਉਣ ਲੱਗਾ। ਹੁਣ ਉਹ ਹੱਸਿਆ ਤੇ ਉਸ ਨੇ ਬੈਨਰ ਖੋਲ੍ਹ ਕੇ ਆਪਣੇ ਸਰੀਰ ਤੇ ਲਪੇਟ ਲਿਆ। ਆਪਣੇ ਸਾਥੀਆਂ ਨੂੰ ਕਹਿਣ ਲੱਗਾ ਕਿ ਇਸ ਮੇਜ਼ 'ਤੇ ਰੱਖ ਕੇ ਸ਼ਰਾਬ ਪੀਣੀ ਆ, ਗਲਾਸ ਭਰ-ਭਰ ਕੇ ਮੇਜ਼ 'ਤੇ ਰੱਖਣ ਦੀ ਕੋਸ਼ਿਸ਼ ਕਰਦਿਆਂ ਉਹ ਚਾਰ-ਪੰਜ ਗਲਾਸ ਆਪਣੇ ਕੱਪੜਿਆਂ 'ਤੇ ਹੀ ਡੋਲ੍ਹ ਕੇ ਬੀਹੀ ਵਿੱਚ ਡਿੱਗ ਪਿਆ।

ਧਰਤੀ ਵਿੱਚ ਬੀਜਿਆ ਹਰ ਬੀਜ ਜੇ ਪੌਦਾ ਨਹੀਂ ਵੀ ਬਣ ਪਾਉਂਦਾ ਪਰ ਉਹ ਪੁੰਗਰਦਾ ਤੇ ਉੱਗਣ ਦੀ ਕੋਸ਼ਿਸ਼ ਜ਼ਰੂਰ ਕਰਦਾ ਹੈ। ਇਵੇਂ ਹੀ ਪੰਚਾਇਤ ਚੋਣਾਂ ਵਿੱਚ ਵੰਡੀਆਂ ਗਈਆਂ ਬੋਤਲਾਂ ਸਮਾਜ ਵਿੱਚ ਥੋੜ੍ਹਾ ਜਾਂ ਬਹੁਤਾ ਮਾੜਾ ਅਸਰ ਜ਼ਰੂਰ ਪਾਉਂਦੀਆਂ ਹਨ। ਬੀਅਰ ਤੇ ਸ਼ਰਾਬ ਦੀ ਬਹੁਤ ਵੱਧ ਵਰਤੋਂ ਨੂੰ ਨਸ਼ਿਆਂ ਦੇ ਬੂਹੇ ਆਖਿਆ ਜਾਂਦਾ ਹੈ। ਸ਼ਰਾਬ ਦੀ ਤੋੜ ਦੂਰ ਕਰਨ ਲਈ ਵਿਅਕਤੀ ਦੂਜੇ ਨਸ਼ਿਆਂ ਦਾ ਸਹਾਰਾ ਲੈਣ ਲਗਦਾ ਹੈ। ਕੇਵਲ ਇੰਨਾ ਹੀ ਨਹੀਂ ਸ਼ਰਾਬ ਨਾ ਮਿਲਣ ਤੇ ਕਈ ਹੋਰ ਨਸ਼ੇ ਉਨ੍ਹਾਂ ਦਾ ਬਦਲ ਬਣ ਕੇ ਸਾਹਮਣੇ ਆ ਜਾਂਦੇ ਹਨ। ਗੋਲੀਆਂ-ਕੈਪਸੂਲ ਤੇ ਸ਼ੀਸ਼ੀਆਂ ਅਜਿਹੇ ਸਫ਼ਰ ਦੇ ਹੀ ਪੜਾਅ ਹਨ। ਹੈਰੋਇਨ ਅਤੇ ਆਈਸ ਵਰਗੇ ਕਈ ਖ਼ਤਰਨਾਕ ਨਸ਼ਿਆਂ ਨੂੰ 'ਪਾਰਟੀ ਡਰੱਗ' ਕਿਹਾ ਜਾਣ ਲੱਗਾ ਹੈ। ਸ਼ਰਾਬ ਪੀਂਦਿਆਂ ਉਨ੍ਹਾਂ ਦਾ ਸੇਵਨ ਪ੍ਰਚਲਿਤ ਹੋਣ ਲੱਗਾ ਹੈ। ਨੌਜਵਾਨ ਪੀੜ੍ਹੀ ਲਈ ਇਹ ਅਭਾਗਾ ਅਤੇ ਅਤਿਅੰਤ ਖ਼ਤਰਨਾਕ ਪਲੇਟਫ਼ਾਰਮ ਹੈ। ਚੋਣਾਂ ਵਿੱਚ ਹੋਈ ਸਪਲਾਈ



Sri Satguru Jagjit Singh Ji eLibrary NamdhariElibrary@gmail.com

ਨੇ ਕਈ ਨਵੇਂ ਵਿਅਕਤੀਆਂ ਨੂੰ ਸ਼ਰਾਬ ਤੇ ਲਾਇਆ, ਬਹੁਤਿਆਂ ਦਾ ਝਾਕਾ ਖੋਲ੍ਹਿਆ ਅਤੇ ਪਹਿਲੇ ਪਿਆਕੜਾਂ ਨੂੰ ਹੋਰ ਨਸ਼ਿਆਂ ਤੇ ਪੱਕਾ ਕਰ ਦਿੱਤਾ।

ਨਸ਼ਿਆਂ ਦੀ ਰੋਕਥਾਮ ਲਈ ਨਸ਼ਈ ਦਾ ਇਲਾਜ ਕਰਾਉਣਾ ਇੱਕ ਮਹੱਤਵਪੂਰਨ ਪੱਖ ਹੈ। ਇਲਾਜ ਖ਼ੁਦ ਪ੍ਰੇਰਿਤ ਹੋਣ ਤੋਂ ਸ਼ੁਰੂ ਹੁੰਦਾ ਹੈ ਅਤੇ ਚੰਗਾ ਪਰਿਵਾਰਿਕ ਤੇ ਸਮਾਜਿਕ ਮਾਹੌਲ ਇਸ ਦੇ ਆਧਾਰ ਹਨ ਲੇਕਿਨ ਸ਼ਰਾਬ ਦਾ ਇੰਨਾਂ ਵੱਧ ਵਹਾਅ ਨਸ਼ੇ ਛੱਡਣ ਲਈ ਯਤਨਸ਼ੀਲ ਅਜਿਹੇ ਵਿਅਕਤੀਆਂ ਲਈ ਬਹੁਤ ਹੀ ਘਾਤਕ ਹੈ। ਅਜਿਹੇ ਹਾਲਾਤ ਵਿੱਚ ਉਨ੍ਹਾਂ ਦਾ ਫਿਰ ਵਾਪਸ ਮੁੜ ਜਾਣਾ ਸੁਭਾਵਿਕ ਹੈ। 'ਸਰਕਾਰ ਚਾਹੇ ਤਾਂ ਨਸ਼ੇ ਸ਼ਾਮ ਤੱਕ ਬੰਦ ਹੋ ਸਕਦੇ ਹਨ', ਲੋਕ ਅਕਸਰ ਅਜਿਹਾ ਸੋਚਦੇ ਤੇ ਕਹਿੰਦੇ ਹਨ। ਲੇਕਿਨ ਇਨ੍ਹਾਂ ਚੋਣਾਂ ਵਿੱਚ ਸ਼ਰਾਬ ਦੀ ਖਪਤ ਨੇ ਇਸ ਪ੍ਰਸ਼ਨ ਦਾ ਸਪੱਸ਼ਟ ਉੱਤਰ ਦਿੱਤਾ ਹੈ। ਨਸ਼ੇ ਗੁੰਝਲਦਾਰ ਤੇ ਸਮਾਜਿਕ ਸਮੱਸਿਆ ਹੈ ਜਿਸਦੀ ਰੋਕਥਾਮ ਲਈ ਸਮੂਹਿਕ ਤੇ ਬਹੁਤ ਸਾਰੇ ਸਾਂਝੇ ਯਤਨਾਂ ਦੀ ਲੋੜ ਹੈ।

ਨਸ਼ਿਆਂ ਦੀ ਰੋਕਥਾਮ ਲਈ ਨਵੀਆਂ ਚੁਣੀਆਂ ਪੰਚਾਇਤਾਂ ਵੱਡਾ ਯੋਗਦਾਨ ਪਾਉਣ ਦੇ ਸਮਰੱਥ ਹਨ। ਖਾਸ ਤੌਰ ਤੇ ਚੁਣੇ ਗਏ ਨੌਜਵਾਨਾਂ ਤੇ ਮਹਿਲਾਵਾਂ ਲਈ ਇਹ ਸੁਨਹਿਰੀ ਮੌਕਾ ਹੈ। ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਮਹਿਸੂਸ ਕਰਨੀ, ਕਬੂਲਣੀ ਅਤੇ ਨਿਭਾਉਣੀ ਚਾਹੀਦੀ ਹੈ। ਇੰਝ ਸਮਾਜ ਨੂੰ ਏਨਾ ਨੇੜਿਉਂ ਵੇਖਣ ਤੇ ਸੇਵਾ ਕਰਨ ਦਾ ਮੌਕਾ ਹਰ ਇੱਕ ਨੂੰ ਨਹੀਂ ਮਿਲਦਾ। ਤੁਸੀਂ ਘਰ ਬੈਠੇ ਘਰ ਲਈ ਕੰਮ ਕਰ ਸਕਦੇ ਹੋ ਤੇ ਕੋਠੇ ਚੜ੍ਹ ਕੇ ਪਿੰਡ ਤੇ ਸਮਾਜ ਲਈ ਬਹੁਤ ਯੋਗਦਾਨ ਪਾ ਸਕਦੇ ਹੋ। ਨੌਜਵਾਨਾਂ ਨੂੰ ਕਿਤਾਬਾਂ ਤੇ ਖੇਡ ਮੈਦਾਨਾਂ ਨਾਲ ਜੋੜਨਾ ਨਸ਼ਿਆਂ ਵਿਰੁੱਧ ਕਾਰਗਰ ਕਦਮ ਹੋਵੇਗਾ। ਵਿਆਹਾਂ 'ਤੇ ਘੱਟ ਖ਼ਰਚੇ ਅਤੇ ਸਾਧਾਰਨ ਜੀਵਨ-ਜਾਚ ਹਰ ਅਜਿਹਾ ਕਦਮ ਆਮ ਆਦਮੀ ਲਈ ਵਰਦਾਨ ਹੋਵੇਗਾ। ਮੈਡੀਕਲ ਦਵਾਈਆਂ ਵੇਚਣ ਵਾਲਿਆਂ ਨੂੰ ਪੰਚਾਇਤ ਵਿੱਚ ਸੱਦ ਕੇ ਮਤਾ ਪਾਈਏ, ਨਸ਼ਾ ਕਰਨ ਵਾਲਿਆਂ ਨੂੰ ਨਸ਼ਾ-ਛਡਾਊ ਕੇਂਦਰ ਤੱਕ ਪ੍ਰੇਰਿਤ ਕਰੀਏ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਸਖ਼ਤ ਤਾੜਨਾ ਦਿੱਤੀ ਜਾਵੇ। ਪੇਂਡੂ ਵਿਕਾਸ ਜਾਂ ਸਮਾਜਿਕ ਸੁਰੱਖਿਆ ਵਿਭਾਗ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਅਤੇ ਰੋਕਥਾਮ ਬਾਰੇ ਡਾਕੂਮੈਂਟਰੀ ਤਿਆਰ ਕਰ ਕੇ ਨਵੀਆਂ ਪੰਚਾਇਤਾਂ ਤੱਕ ਪਹੁੰਚਾਉਣੀ ਚਾਹੀਦੀ ਹੈ।

ਪਰ ਚੋਣਾਂ ਦੌਰਾਨ ਸ਼ਰਾਬ ਦੀ ਏਨੀ ਖੁੱਲ੍ਹੀ ਵਰਤੋਂ ਨਸ਼ਿਆਂ ਲਈ ਜ਼ਰਖੇਜ਼ ਜ਼ਮੀਨ ਹੈ ਅਤੇ ਇਸ ਦੇ ਪਰਿਵਾਰਾਂ 'ਤੇ ਪੈਣ ਵਾਲੇ ਪ੍ਰਭਾਵ ਤੁਰੰਤ ਤੇ ਘਾਤਕ ਹਨ। ਚੋਣਾਂ ਤੋਂ ਬਾਅਦ ਸ਼ਰਾਬ ਦੀ ਖੁੱਲ੍ਹੀ ਸਪਲਾਈ ਇੱਕ-ਦਮ ਰੁਕ ਗਈ ਤਾਂ ਸ਼ਰਾਬ ਪੀਣ ਦੇ ਆਦੀ ਵਿਅਕਤੀ ਪੈਸੇ ਦੀ ਮੰਗ ਕਰਦੇ ਪਰਿਵਾਰਾਂ ਤੇ ਹਿੰਸਕ ਹੋਣ ਲੱਗੇ। ਘਰਾਂ ਵਿੱਚ ਕਲੇਸ਼ ਵਧਣ ਲੱਗਾ ਅਤੇ ਪਤਨੀਆਂ ਤੇ ਮਾਂਵਾਂ ਉੱਤੇ ਹੱਥ ਚੁਕੇ ਜਾਣ ਲੱਗੇ।



Sri Satguru Jagjit Singh Ji eLibrary NamdhariElibrary@gmail.com

ਪੈਂਤੀ ਕੁ ਵਰ੍ਹਿਆਂ ਦੇ ਇੱਕ ਵਿਅਕਤੀ ਨੇ ਨਸ਼ਿਆਂ ਤੇ ਸ਼ਰਾਬ ਦੀ ਲਤ ਪੂਰੀ ਕਰਨ ਲਈ ਮਾਂ ਦੀਆਂ ਵਾਲੀਆਂ ਅੱਠ ਹਜ਼ਾਰ ਰੁਪਏ 'ਚ ਵੇਚ ਦਿੱਤੀਆਂ। ਉਹਦਾ ਪਿੰਡ ਦੋ ਸ਼ਹਿਰਾਂ ਦੇ ਵਿਚਕਾਰ ਇੱਕੋ ਜਿਹੇ ਫ਼ਾਸਲੇ ਤੇ ਹੈ, ਸਵੇਰ ਵੇਲੇ ਉਹ ਇਕ ਸ਼ਹਿਰ ਤੋਂ ਗੋਲੀਆਂ-ਕੈਪਸੂਲਾਂ ਦੇ ਫੱਕੇ ਮਾਰ ਆਉਂਦਾ ਅਤੇ ਆਥਣ ਨੂੰ ਦੂਜੇ ਸ਼ਹਿਰ ਸ਼ਰਾਬ ਪੀਣ ਚਲਾ ਜਾਂਦਾ। ਉਹ ਪਰਿਵਾਰ ਪੁਰਾਣਾ ਮਕਾਨ ਉਧੇੜ ਕੇ ਨਵੇਂ ਕਮਰੇ ਪਾ ਰਿਹਾ ਸੀ। ਚੋਣਾਂ ਤੋਂ ਦਸਵੇਂ ਦਿਨ ਉਸ ਨੇ ਪੰਜ ਗਾਡਰ ਵੇਚ ਦਿੱਤੇ। ਪਤਨੀ ਵੱਲੋਂ ਵਿਰੋਧ ਕਰਨ ਤੇ ਕਲੇਸ਼ ਵੱਧ ਗਿਆ। ਉਸ ਨੇ ਚਾਰ-ਪੰਜ ਸੋਟੀਆਂ ਪਤਨੀ ਦੇ ਮਾਰੀਆਂ, ਜਦ ਮਾਂ ਰੋਕਣ ਲਈ ਵਿਚਕਾਰ ਆਈ ਤਾਂ ਉਸ ਨੂੰ ਵੀ ਝੰਬ ਸੁੱਟਿਆ। ਉਨ੍ਹਾਂ ਦੀਆਂ ਚੀਕਾਂ ਸੁਣ ਕੇ ਸਕੂਲ ਦਾ ਹੋਮ-ਵਰਕ ਕਰਦੀ ਉਸ ਦੀ ਚੌਥੀ ਜਮਾਤ ਵਿੱਚ ਪੜ੍ਹਦੀ ਧੀ ਰੋਣ ਲੱਗੀ। ਹੁਣ ਉਸ ਨੇ ਸੋਟੀ ਹਥੋਂ ਛੱਡ ਦਿੱਤੀ ਤੇ ਮੰਜੇ ਤੇ ਬੈਠੀ ਕੁੜੀ ਨੂੰ ਬਾਹੋਂ ਫੜ ਕੇ ਪਹਿਲੀ ਮੰਜ਼ਿਲ ਤੋਂ ਥੱਲੇ ਸੁੱਟ ਦਿੱਤਾ। ਉਹ ਵਿਅਕਤੀ ਜਿੱਥੇ ਖੜ੍ਹਾ ਸੀ, ਉਸ ਦੇ ਇੱਕ ਪਾਸੇ ਪਿੰਡ ਦੇ ਵਿਚਕਾਰੋਂ ਲੰਘਦੀਆਂ ਬਿਜਲੀ ਦੀਆਂ ਨੰਗੀਆਂ ਤਾਰਾਂ ਸਨ ਤੇ ਦੂਜੇ ਪਾਸੇ ਬਣ ਰਹੇ ਮਕਾਨ ਲਈ ਰੇਤੇ ਦਾ ਢੇਰ, ਉਹ ਬਾਲੜੀ ਰੇਤੇ ਦੇ ਢੇਰ ਤੇ ਡਿੱਗੀ ਸੀ।

ਉਹ ਪਿੰਡ ਜਿੱਥੇ, ਪਹਿਲੇ ਪਹਿਰ ਬਲਦਾਂ ਦੀਆਂ ਟੱਲੀਆਂ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਸਨ, ਜਿਉਂ-ਜਿਉਂ ਹਾਲ਼ੀ ਪਿੰਡ ਤੋਂ ਦੂਰ ਹੋਈ ਜਾਂਦੇ, ਇਸ ਟੁਣਕਾਰ ਦੀ ਥਾਂ ਨਿਰਮਲੇ ਸਾਧੂਆਂ ਦੀ ਪ੍ਰਭਾਤ ਫੇਰੀ ਸਮੇਂ ਹਰਮੋਨੀਅਮ ਦਾ ਮਧੁਰ ਸੰਗੀਤ ਲੈ ਲੈਂਦਾ। 'ਚਿੜੀ ਚੂਹਕਦੀ ਨਾਲ ਉਠ ਤੁਰੇ ਪਾਂਧੀ, ਪਈਆਂ ਦੁੱਧਾਂ ਦੇ ਵਿੱਚ ਮਧਾਣੀਆਂ ਈ' ਕੰਮੀ ਧੰਦੀਂ ਲੱਗੀਆਂ ਔਰਤਾਂ ਪਹੁ-ਫੁਟਾਲੇ ਦੀ ਸੁਰਮਈ ਲਾਲੀ 'ਚ ਰਚ-ਮਿਚ ਜਾਂਦੀਆਂ। ਜਦ ਤੱਕ ਸੂਰਜ ਦੀਆਂ ਕਿਰਨਾਂ ਕਾਮਿਆਂ ਦੇ ਮੱਥਿਆਂ ਨੂੰ ਚੁੰਮਦੀਆਂ ਉਦੋਂ ਤੱਕ ਪਿਉ-ਪੁੱਤ ਇੱਕ-ਇੱਕ ਖੇਤ ਵਾਹ ਚੁੱਕੇ ਹੁੰਦੇ। ਅਜਿਹੀ ਸਵੇਰ ਦੀ ਸ਼ਾਮ ਅਸੀਂ ਕਿਵੇਂ ਬਿਤਾ ਰਹੇ ਹਾਂ, ਛਿਪਦੇ ਸੂਰਜ ਦੀਆਂ ਕਿਰਨਾਂ ਦਿਨ ਸਮੇਂ ਹੀ ਸ਼ਰਾਬੀ ਹੋਏ ਪਿਉ-ਪੁੱਤ ਤੋਂ ਲੁਕਦੀਆਂ ਲੁਕਾਉਂਦੀਆਂ ਬੱਦਲਾਂ ਦੀ ਟੁਕੜੀ ਦਾ ਸਹਾਰਾ ਲੈ ਕੇ ਲੋਪ ਹੋ ਗਈਆਂ। ਕੁਝ ਸੁਆਣੀਆਂ ਧਾਰਾਂ ਵੇਲੇ ਸ਼ਰਾਬ ਅਤੇ ਕੋਲਡ ਡਰਿੰਕਸ ਦੀਆਂ ਖ਼ਾਲੀ ਬੋਤਲਾਂ ਸਾਂਭਣ 'ਚ ਰੁੱਝ ਗਈਆਂ ਸਨ। ਬੀਹੀ 'ਚ ਡਿੱਗੇ ਪਏ ਸ਼ਰਾਬੀ ਬੰਦੇ ਨੂੰ ਵੇਖ ਕੇ ਕੁੱਤਾ ਰਾਹ ਬਦਲ ਗਿਆ। ਟਿਕੀ ਰਾਤ ਇੱਕ ਉੱਲੂ ਸਕੂਲ ਵਾਲੀ ਨਿੰਮ ਤੋਂ ਉੱਡ ਕੇ ਸਿਵਿਆਂ ਵਾਲੀ ਕਿੱਕਰ 'ਤੇ ਜਾ ਬੈਠਾ ਸੀ। ਅਜਿਹੇ ਹਾਲਾਤ ਵਿੱਚ ਵੀ ਕੁਦਰਤ ਨੇ ਸਾਨੂੰ ਆਵਾਜ਼ ਮਾਰੀ ਹੈ, 'ਬੰਬੀਹਾ ਅੰਮ੍ਰਿਤ ਵੇਲੇ ਬੋਲਿਆ।'

•



Sri Satguru Jagjit Singh Ji eLibrary NamdhariElibrary@gmail.com

# ਹਥੁ ਨਾ ਲਾਇ ਕਸੁੰਭੜੈ ਜਲਿ ਜਾਸੀ ਢੋਲਾ

ਧਾਰਮਿਕ ਸ਼ਖ਼ਸੀਅਤਾਂ ਵਾਂਗ ਵਿੱਦਿਅਕ ਸੰਸਥਾਵਾਂ ਦਾ ਵੀ ਆਭਾ-ਮੰਡਲ ਹੁੰਦਾ ਹੈ। ਸਕੂਲਾਂ-ਕਾਲਜਾਂ ਦਾ ਪ੍ਰਭਾਵ ਸਾਨੂੰ ਪੂਰੀ ਜ਼ਿੰਦਗੀ ਪ੍ਰਭਾਵਿਤ ਕਰਦਾ ਹੈ। ਅਧਿਆਪਕ, ਪ੍ਰੋਫ਼ੈਸਰ, ਕਲਾਸ ਰੂਮ ਪ੍ਰਯੋਗਸ਼ਾਲਾਵਾਂ, ਕਾਲਜ ਕੰਟੀਨ, ਖੇਡ ਗਰਾਊਂਡ ਇੱਥੋਂ ਤੱਕ ਕੇ ਇਮਾਰਤਾਂ ਦੀਆਂ ਇੱਟਾਂ ਵੀ ਸਾਡੇ ਹੁੰਗਾਰੇ ਭਰਦੀਆਂ ਰਹਿੰਦੀਆਂ ਹਨ। ਖ਼ਾਲਸਾ ਕਾਲਜ ਅੰਮ੍ਰਿਤਸਰ, ਡੀ.ਏ.ਵੀ. ਕਾਲਜ ਜਲੰਧਰ, ਮਹਿੰਦਰਾ ਕਾਲਜ ਪਟਿਆਲਾ, ਗੁਰੂ ਹਰ ਗੋਬਿੰਦ ਖਾਲਸਾ ਕਾਲਜ ਸੁਧਾਰ, ਹੁਸ਼ਿਆਰਪੁਰ ਤੇ ਲੁਧਿਆਣਾ ਦੇ ਗੌਰਮਿੰਟ ਕਾਲਜ ਅਤੇ ਪੰਜਾਬ, ਪੰਜਾਬੀ, ਗੁਰੂ ਨਾਨਕ ਦੇਵ ਤੇ ਖੇਤੀ ਯੂਨੀਵਰਸਿਟੀ ਆਦਿ, ਵਿੱਦਿਅਕ ਸੰਸਥਾਵਾਂ ਇਸ ਪੱਖੋਂ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਸ਼ਖ਼ਸੀਅਤ ਦੇ ਨਿਖਾਰ ਲਈ ਇਨ੍ਹਾਂ ਸੰਸਥਾਵਾਂ ਦਾ ਰੋਲ ਮਾਂਵਾਂ ਵਾਂਗ ਹੈ। ਲੇਕਿਨ ਪਿਛਲੇ ਦੋ-ਢਾਈ ਦਹਾਕਿਆਂ ਤੋਂ ਵਿੱਦਿਆ ਦੇ ਮਿਆਰ ਦੇ ਪੱਧਰ 'ਚ ਗਿਰਾਵਟ ਅਤੇ ਵਿੱਦਿਆ ਦੇ ਪ੍ਰਾਈਵੇਟ ਹੋਣ ਨਾਲ ਇਸ ਆਧਾਰ ਨੂੰ ਖ਼ੋਰਾ ਲੱਗਾ ਹੈ। ਇਨ੍ਹਾਂ ਸੰਸਥਾਵਾਂ ਦਾ ਆਕਾਰ ਸੁੰਗੜ ਗਿਆ, ਖੇਡ ਗਰਾਊਂਡ ਖ਼ਤਮ ਹੋਣ ਲੱਗੇ ਅਤੇ ਲਾਇਬ੍ਰੇਰੀਆਂ ਬੇ-ਰੌਣਕ ਰਹਿਣ ਲੱਗੀਆਂ ਹਨ। ਪਹਿਲਾਂ ਜਿੱਥੇ ਪ੍ਰੋਫ਼ੈਸਰ ਹੀ ਕਈ ਵਿਦਿਆਰਥੀਆਂ ਦੇ ਰਿਸ਼ਤੇ ਤੈਅ ਕਰ ਦਿੰਦੇ ਸਨ ਹੁਣ ਇਹ ਰਿਸ਼ਤੇ ਇੱਕ ਪੀਰੀਅਡ ਵੀ ਨਿਭਦੇ ਨਜ਼ਰ ਨਹੀਂ ਆਉਂਦੇ। ਕਈ ਅਜਿਹੇ ਕਾਲਜ ਦੁਕਾਨਾਂ ਵਾਂਗ ਦਿਖਾਈ ਦਿੰਦੇ ਹਨ। ਵਿੱਦਿਆ ਦੇ ਮਿਆਰ 'ਚ ਨਿਰੰਤਰ ਗਿਰਾਵਟ ਆ ਰਹੀ ਹੈ ਤੇ ਵਿੱਦਿਆ ਦੇ ਮੌਜੂਦਾ ਹਾਲਾਤ ਵਿਦਿਆਰਥੀਆਂ ਨੂੰ ਜ਼ਿੰਦਗੀ ਜੀਣ ਲਈ ਕੋਈ ਸੇਧ ਦੇਣ ਤੋਂ ਵੀ ਅਸਮਰੱਥ ਹਨ।

ਉਹ ਜਦ ਕਾਲਜਾਂ ਤੋਂ ਬਾਹਰ ਨਿਕਲਦੇ ਹਨ ਤਾਂ ਕੰਮ ਤੇ ਰੁਜ਼ਗਾਰ ਉਨ੍ਹਾਂ ਦੀ ਮੁੱਖ ਲੋੜ ਹੁੰਦੀ ਹੈ। ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ, ਰੁਜ਼ਗਾਰ ਦੀ ਲੋੜ ਗਹਿਰੀ ਤੇ ਗੰਭੀਰ ਹੁੰਦੀ ਜਾਂਦੀ ਹੈ। ਕਾਲਜਾਂ 'ਚ ਉਡਾਰੀ ਮਾਰਦੀ ਉਨ੍ਹਾਂ ਦੀ ਸੋਚ ਅਸਮਾਨ 'ਚ ਉੱਡਣਾ ਚਾਹੁੰਦੀ ਹੈ ਪਰ ਅਸਲੀਅਤ 'ਚ ਉਨ੍ਹਾਂ ਨੂੰ ਟੇਢੀਆਂ-ਮੇਢੀਆਂ ਪਗਡੰਡੀਆਂ 'ਤੇ ਹੀ ਤੁਰਨਾ ਪੈਂਦਾ ਹੈ। ਜ਼ਿੰਦਗੀ ਦੇ ਨਾਲ-ਨਾਲ ਵਿੱਦਿਆ ਦਾ ਵਪਾਰੀਕਰਨ ਹੋ ਜਾਣ ਕਾਰਨ ਵਿਦਿਆਰਥੀ ਗੁੰਮਰਾਹ ਹੋ ਰਹੇ ਹਨ। ਵਿੱਦਿਆ 'ਚ ਵੀ ਮਿਲਾਵਟ ਤੇ ਜ਼ਾਲ੍ਹਸਾਜ਼ੀ ਦੇ ਅੰਸ਼ ਨਜ਼ਰ ਆਉਣ ਲੱਗੇ ਹਨ। ਪੰਜ-ਸੱਤ



Sri Satguru Jagjit Singh Ji eLibrary NamdhariElibrary@gmail.com

ਹਜ਼ਾਰ ਦੀਆਂ ਨੌਕਰੀਆਂ, ਨੌਜਵਾਨਾਂ ਦੇ ਸੁਪਨੇ ਟੁੱਟਣ ਲੱਗਦੇ ਹਨ। ਕਲਪਨਾ ਤੇ ਅਸਲੀਅਤ ਵਿਚਲਾ ਫਰਕ ਇਹ ਹੈ ਕਿ ਉਹ ਕੱਚ ਦੇ ਭਾਂਡੇ ਵਾਂਗ ਤਿੜਕ ਜਾਂਦੇ ਹਨ। ਫੁੱਲਾਂ ਭਰੀ ਚੰਗੇਰ ਦੀ ਥਾਂ ਤਿੜਕੀ ਜ਼ਿੰਦਗੀ ਦੀ ਕੈਨਵਸ 'ਤੇ ਘਾਹ-ਬੂਟੀਆਂ ਉੱਗ ਪੈਂਦੀਆਂ ਹਨ। ਇਹੋ ਨੌਜਵਾਨ ਪੀੜ੍ਹੀ ਦਾ ਦੁਖਾਂਤ ਹੈ। ਇੱਥੋਂ ਨਸ਼ਿਆਂ ਵੱਲ ਮੁੜਦੇ ਨੌਜਵਾਨਾਂ ਦੀ ਗਿਣਤੀ ਬਹੁਤ ਵੱਡੀ ਹੈ। ਬੇਰੁਜ਼ਗਾਰੀ ਤੇ ਕਿਰਤ ਦੇ ਮੁੱਲ ਦੀ ਅਣਹੋਂਦ ਨੌਜਵਾਨਾਂ ਦੇ ਇਸ ਦੁਖਾਂਤ ਨੂੰ ਹੋਰ ਗੂੜ੍ਹਾ ਕਰਦੀ ਹੈ। ਵਿੱਦਿਆ, ਵਿਦਿਆਲੇ ਤੇ ਵਿਦਿਆਰਥੀ ਬਹੁਤ ਹੀ ਮਹੱਤਵਪੂਰਨ ਸ਼ਬਦ ਹਨ, ਲੇਕਿਨ ਇਹ ਲੇਖ ਇਨ੍ਹਾਂ ਸ਼ਬਦਾਂ ਦੇ ਵਿਚਕਾਰਲੇ ਸਫ਼ਰ ਦੀ ਦਾਸਤਾਨ ਹੈ।

ਇੱਕ ਕਾਲਜ ਵਿਦਿਆਰਥੀ ਸਮੈਕ ਦੇ ਨਸ਼ੇ ਦੀਆਂ ਪੁੜੀਆਂ ਸਮੇਤ ਫੜਿਆ ਗਿਆ। ਉਸ ਨੂੰ ਤੇ ਉਸ ਦੇ ਪਰਿਵਾਰਕ ਪਿਛੋਕੜ ਨੂੰ ਦੇਖਦਿਆਂ ਇਹ ਸੱਚ ਪ੍ਰਤੀਤ ਨਹੀਂ ਹੋ ਰਿਹਾ ਸੀ। ਦਰਅਸਲ ਇੱਕ ਦਿਨ ਉਹ ਆਪਣਾ ਕਾਲਜ ਛੱਡ ਕੇ ਦੂਜੇ ਸ਼ਹਿਰ ਦੇ ਕਾਲਜ 'ਚ ਵਿਦਿਆਰਥੀ ਚੋਣਾਂ ਵਾਲੇ ਦਿਨ ਆਪਣੇ ਦੋਸਤਾਂ ਦੇ ਨਾਲ ਚਲਾ ਗਿਆ। ਉੱਥੇ ਉਸ ਦੀ ਮੁਲਾਕਾਤ ਇੱਕ ਅਜਿਹੇ ਨੌਜਵਾਨ ਨਾਲ ਹੋਈ ਜੋ ਲੜਾਈ-ਝਗੜੇ ਦੇ ਕੇਸ 'ਚ ਜੇਲ੍ਹ 'ਚ ਬੰਦ ਸੀ ਤੇ ਪੰਦਰ੍ਹਾਂ ਦਿਨ ਦੀ ਛੁੱਟੀ ਤੇ ਜੇਲ੍ਹ ਤੋਂ ਬਾਹਰ ਆਇਆ ਹੋਇਆ ਸੀ। ਕੁਝ ਘੰਟਿਆਂ ਦੀ ਦੋਸਤੀ ਦੌਰਾਨ ਹੀ ਉਸ ਨੇ ਇਸ ਨੌਜਵਾਨ ਤੋਂ ਤੀਹ ਹਜ਼ਾਰ ਰੁਪਏ ਸ਼ਾਮ ਤੱਕ ਹੀ ਮੰਗਵਾ ਲਏ। ਉਸ ਨੇ ਇਹ ਰੁਪਏ ਆਪਣੇ ਮਾਪਿਆਂ ਤੋਂ ਦੋਸਤ ਦੀ ਬਿਮਾਰ ਮਾਂ ਦੇ ਤੁਰੰਤ ਇਲਾਜ ਦਾ ਬਹਾਨਾ ਬਣਾ ਕੇ ਲਏ ਸਨ। ਬਹਾਨੇ ਦੀ ਤਰਕੀਬ ਵੀ ਜੇਲ੍ਹ 'ਚੋਂ ਛੁੱਟੀ ਆਏ ਨੌਜਵਾਨ ਨੇ ਹੀ ਘੜੀ ਸੀ। ਇਹੋ ਪਲ ਉਸ ਨੌਜਵਾਨ ਦੇ ਦੁਖਾਂਤ ਦਾ ਕਾਰਨ ਬਣੇ। ਮਾਪਿਆਂ ਦਾ ਪੈਸੇ ਵਾਪਸੀ ਲਈ ਪੁੱਤ ਤੇ ਦਬਾਅ ਵਧਦਾ ਗਿਆ। ਜੇਲ੍ਹ 'ਚ ਬੈਠੇ ਉਸ ਨੌਜਵਾਨ ਨੇ ਕਿਹਾ, 'ਰੁਪਏ ਤਾਂ ਨਹੀਂ ਹਨ, ਮੇਰਾ ਮਾਲ ਕੱਢਵਾ ਦੇ।' ਉਹ ਨੌਜਵਾਨ ਹੁਣ ਦੂਸਰੇ ਜਾਲ 'ਚ ਫਸ ਚੁੱਕਾ ਸੀ। ਸਮੈਕ ਦੀਆਂ ਪੁੜੀਆਂ ਸਮੇਤ ਉਹ ਗ੍ਰਿਫ਼ਤਾਰ ਹੋ ਗਿਆ। ਵਿਦਿਆਰਥੀ ਚੋਣਾਂ ਦੌਰਾਨ ਨਸ਼ਿਆਂ ਦੀ ਚੇਟਕ ਤੇ ਲੜਾਈ-ਝਗੜਿਆਂ ਕਾਰਨ ਨੌਜਵਾਨ ਪੀੜ੍ਹੀ ਦਾ ਅਥਾਹ ਨੁਕਸਾਨ ਹੋ ਰਿਹਾ ਹੈ। ਗੁੱਟਬੰਦੀ ਤੇ ਲੜਾਈ-ਝਗੜੇ ਤੋਂ ਬਿਨਾਂ ਛੋਟੀਆਂ-ਛੋਟੀਆਂ ਘਟਨਾਵਾਂ ਅਕਸਰ ਹੀ ਨੌਜਵਾਨਾਂ ਨੂੰ ਸਮਗਲਿੰਗ ਤੇ ਗੈਂਗਵਾਰ ਤੱਕ ਲੈ ਜਾਂਦੀਆਂ ਹਨ।

ਕਾਲਜ ਪੜ੍ਹਦਿਆਂ ਜਦ ਕਬੱਡੀ ਦੀ ਟੀਮ ਯੂਨੀਵਰਸਿਟੀ ਖੇਤਰੀ ਟੂਰਨਾਮੈਂਟ ਜਿੱਤ ਕੇ ਵਾਪਸ ਆਈ ਤਾਂ ਟੀਮ ਦੇ ਕਪਤਾਨ ਨੂੰ ਅਗਲੇ ਹਫ਼ਤੇ ਹੋਣ ਵਾਲੀਆਂ ਕਾਲਜ ਚੋਣਾਂ 'ਚ ਪ੍ਰਧਾਨ ਚੁਣ ਲਿਆ ਗਿਆ। ਇਹੋ ਫ਼ੈਸਲਾ ਉਸ ਦੇ ਜੀਵਨ ਦੇ ਪਤਨ ਦਾ ਕਾਰਨ ਬਣਿਆ। ਚੋਣਾਂ ਤੋਂ ਬਾਅਦ ਕਾਲਜ 'ਚ ਲੜਾਈ ਹੋਈ, ਉਹ



Sri Satguru Jagjit Singh Ji eLibrary NamdhariElibrary@gmail.com

ਜ਼ਖ਼ਮੀ ਹੋਇਆ ਤੇ ਉਸ ਵਿਰੁੱਧ ਮੁਕੱਦਮਾ ਵੀ ਦਰਜ ਕੀਤਾ ਗਿਆ। ਉਹ ਕਦੀ-ਕਦਾਈਂ ਘਰੋਂ ਬਾਹਰ ਰਹਿੰਦਾ ਤੇ ਕੈਪਸੂਲ ਖਾਣ ਤੇ ਸ਼ੀਸ਼ੀਆਂ ਪੀਣ ਦਾ ਆਦੀ ਹੋਣ ਲੱਗਾ। ਉਸ ਦੀ ਖੇਡ 'ਚ ਗਿਰਾਵਟ ਆਈ ਤੇ ਉਹ ਇੱਕ-ਇੱਕ ਕਰ ਕੇ ਕਈ ਵਿਸ਼ਿਆਂ 'ਚੋਂ ਫੇਲ੍ਹ ਹੁੰਦਾ ਗਿਆ। ਆਸੇ-ਪਾਸੇ ਦੇ ਵਿਦਿਆਰਥੀ ਉਸ ਨੂੰ ਆਪਣੇ ਝਗੜਿਆਂ ਦੇ ਫ਼ੈਸਲੇ ਕਰਵਾਉਣ ਲਈ ਬੁਲਾਉਣ ਲੱਗੇ। ਡਿਗਰੀ ਦੇ ਸਰਟੀਫ਼ਿਕੇਟ ਤੋਂ ਬਿਨਾਂ ਹੀ ਉਹ ਸਮੈਕ ਦੇ ਨਸ਼ੇ ਦਾ ਆਦੀ ਹੋ ਕੇ ਘਰ ਬੈਠ ਗਿਆ। ਉਸ ਵਿਰੁੱਧ ਮੁਕੱਦਮੇ ਦਰਜ ਹੋਣ ਕਾਰਨ ਉਹ ਭਰਾ ਵੱਲੋਂ ਵਿਦੇਸ਼ ਤੋਂ ਭੇਜੀ ਰਾਹਦਾਰੀ ਦਾ ਵੀ ਕੋਈ ਫ਼ਾਇਦਾ ਨਾ ਲੈ ਸਕਿਆ। ਇਸੇ ਕਾਰਨ ਉਸ ਦੀ ਮਾਂ ਵੀ ਕੇਨੈਡਾ ਨਾ ਜਾ ਸਕੀ। ਨਸ਼ੇ ਛਡਾਉਣ ਲਈ ਪਹਿਲਾ ਯਤਨ ਉਸ ਦੀ ਮਾਂ ਨੇ ਕੀਤਾ ਤੇ ਤਿੰਨ ਵਰ੍ਹਿਆਂ ਬਾਅਦ ਇਹੋ ਅਸਫ਼ਲ ਯਤਨ ਉਸ ਦੀ ਪਤਨੀ ਵੱਲੋਂ ਦੁਹਰਾਇਆ ਗਿਆ। ਉਸ ਦੀ ਪਤਨੀ ਜਣੇਪੇ ਕਾਰਨ ਤੇ ਉਹ ਆਪ ਨਸ਼ਿਆਂ ਵਿਰੁੱਧ ਜੱਦੋ-ਜਹਿਦ ਕਾਰਨ, ਇੱਕ ਸਮੇਂ ਇੱਕੋ ਹਸਪਤਾਲ 'ਚ ਦਾਖ਼ਲ ਸਨ। ਉਹ ਮੈਨੂੰ ਦਿਵਾਲੀ ਤੋਂ ਦੋ ਦਿਨ ਪਹਿਲਾਂ ਮਿਲਿਆ ਜਦੋਂ ਉਹ ਪੰਜ ਗ੍ਰਾਮ ਸਮੈਕ ਦੀ ਬਰਾਮਦਗੀ ਕਾਰਨ ਜੇਲ੍ਹ ਜਾ ਰਿਹਾ ਸੀ। ਇੱਕੀ ਤੋਂ ਬੱਤੀ ਵਰ੍ਹਿਆਂ ਦੀ ਉਮਰ ਤੱਕ ਦਾ ਸਫ਼ਰ, ਉਹ ਕਈ ਟੋਇਆਂ-ਟਿੱਬਿਆਂ 'ਚ ਡਿੱਗ ਕੇ ਫ਼ਨਾਹ ਹੋ ਚੁੱਕਾ ਸੀ।

ਇੱਕ ਵਿਦਿਆਰਥੀ ਕਾਲਜ ਦੇ ਯੂਥ ਫੈਸਟੀਵਲ ਵਾਲੇ ਦਿਨ ਕਾਲਜ ਤੋਂ ਬਾਹਰ ਰਹਿੰਦੇ ਵਿਦਿਆਰਥੀਆਂ ਕੋਲ ਰਾਤ ਰੁਕ ਗਿਆ। ਉੱਥੇ ਉਸ ਨੂੰ ਸਮੈਕ ਦਾ ਇੱਕ ਸੂਟਾ ਲਵਾ ਦਿੱਤਾ ਗਿਆ। ਹੁਣ ਉਹ ਹਫ਼ਤਾ ਦਸ ਦਿਨ ਬਾਅਦ ਅਕਸਰ ਹੀ ਰਾਤ ਉਨ੍ਹਾਂ ਕੋਲ ਰੁਕਣ ਲੱਗਾ। ਉਸ ਦੀ ਸਮੈਕ ਪੀਣ ਦੀ ਆਦਤ ਪੱਕੀ ਹੋਣ ਲੱਗੀ। ਮਹੀਨੇ 'ਚ ਪ੍ਰਤੀ ਦਿਨ ਬਾਹਰ ਰਹਿਣ ਦੀ ਗਿਣਤੀ ਵੀ ਵਧਣ ਲੱਗ ਪਈ। ਉਸ ਦੀ ਪੜ੍ਹਾਈ ਛੁੱਟ ਗਈ ਸੀ ਲੇਕਿਨ ਉਹ ਘਰੋਂ ਕਾਲਜ ਫੀਸ ਦਾ ਬਹਾਨਾ ਲਾ ਕੇ ਨਿਰੰਤਰ ਪੈਸੇ ਲੈਂਦਾ ਰਿਹਾ। ਖ਼ਰਚਾ ਕੱਢਣ ਲਈ ਉਸ ਨੇ ਨਸ਼ਾ ਵੇਚਣਾ ਵੀ ਸ਼ੁਰੂ ਕਰ ਦਿੱਤਾ। ਮਾਪਿਆਂ ਨੂੰ ਉਸ ਦੇ ਇਸ ਸਫ਼ਰ ਦਾ ਖ਼ੁਲਾਸਾ ਉਦੋਂ ਹੋਇਆ ਜਦੋਂ ਉਹ ਜੇਲ੍ਹ ਚਲਾ ਗਿਆ। ਪਹਿਲਾ ਸੂਟਾ ਲਾਉਣ ਤੋਂ ਜੇਲ੍ਹ ਜਾਣ ਤੱਕ ਉਸ ਨੂੰ ਲਗਭਗ ਦੋ ਵਰ੍ਹਿਆਂ ਦਾ ਸਮਾਂ ਲੱਗਾ। ਕੁਝ ਵਰ੍ਹੇ ਪਹਿਲਾਂ ਤੱਕ ਕੁੜੀਆਂ ਘਰੋਂ ਬਾਹਰ ਜਾਂਦੀਆਂ ਤਾਂ ਮਾਪੇ ਬਹੁਤ ਫ਼ਿਕਰ ਤੇ ਸ਼ਿੱਦਤ ਨਾਲ ਉਨ੍ਹਾਂ ਦੀ ਦੇਖ-ਰੇਖ ਤੇ ਸੰਭਾਲ ਕਰਦੇ ਸੀ। ਲੇਕਿਨ ਅੱਜ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਇਸ ਤੋਂ ਵੱਧ ਸ਼ਿੱਦਤ ਦੀ ਲੋੜ ਹੈ। ਨੌਜਵਾਨਾਂ ਵੱਲੋਂ ਵਿਆਹ-ਸ਼ਾਦੀਆਂ ਸਮੇਂ ਬੀਅਰ ਤੇ ਸ਼ਰਾਬ ਦੀ ਵਰਤੋਂ ਸਮੈਕ ਤੇ ਹੈਰੋਇਨ ਜਿਹੇ ਘਾਤਕ ਨਸ਼ਿਆਂ ਦੇ ਦਰਵਾਜ਼ੇ ਹਨ।

ਵਿੱਦਿਆ ਦੇ ਪ੍ਰਾਈਵੇਟ ਹੋਣ ਨਾਲ ਵਿਦਿਆਰਥੀਆਂ ਉੱਤੇ ਅਨੁਸ਼ਾਸਨਿਕ



Sri Satguru Jagjit Singh Ji eLibrary NamdhariElibrary@gmail.com

ਹੋਣ ਦਾ ਬੋਝ ਵੀ ਘਟਿਆ ਹੈ ਤੇ ਉਨ੍ਹਾਂ ਦੇ ਕੁਰਾਹੇ ਪੈਣ ਦੀ ਸੰਭਾਵਨਾ ਬਹੁਤ ਵੱਧ ਗਈ ਹੈ। ਹੋਸਟਲ ਮਨਫ਼ੀ ਹੋਣ ਲੱਗੇ ਹਨ ਤੇ ਪੇਇੰਗ ਗੈਸਟਾਂ ਦਾ ਰੁਝਾਨ ਸਾਹਮਣੇ ਆਇਆ ਹੈ। ਲੇਕਿਨ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ ਲਈ ਹੋਸਟਲ ਜੋ ਮਾਹੌਲ ਸਿਰਜਦੇ ਰਹੇ ਹਨ, ਉਸ ਦੇ ਉਲਟ ਪੇਇੰਗ ਗੈਸਟਾਂ ਦਾ ਵਰਤਾਰਾ ਅਜਿਹੀ ਕਿਸੇ ਦੇਣ ਦੇ ਅਸਮਰੱਥ ਹੈ। ਸ਼ਹਿਰ ਦੇ ਨੇੜੇ ਤੇ ਮੁੱਖ ਸੜਕ ਤੋਂ ਕਿਲੋਮੀਟਰ ਹਟਵੇਂ ਇੱਕ ਪਿੰਡ 'ਚ ਦਸ-ਬਾਰ੍ਹਾਂ ਵਿਦਿਆਰਥੀ ਵੱਖ-ਵੱਖ ਘਰਾਂ 'ਚ ਪੇਇੰਗ ਗੈਸਟ ਦੇ ਤੌਰ 'ਤੇ ਰਹਿਣ ਲੱਗੇ। ਇੱਕ ਅਜਿਹੇ ਘਰ ਵਿੱਚ ਕਾਲਜ ਦੀ ਪੜ੍ਹਾਈ ਅਧੂਰੀ ਛੱਡ ਕੇ ਆਇਆ ਨੌਜਵਾਨ ਆਪਣੇ ਬਿਮਾਰ ਮਾਂ-ਬਾਪ ਨਾਲ ਰਹਿੰਦਾ ਸੀ। ਮਾਪਿਆਂ ਨੇ ਘਰ ਦੀ ਰੌਣਕ ਬਰਕਰਾਰ ਰੱਖਣ ਲਈ ਦੋ ਵਿਦਿਆਰਥੀਆਂ ਨੂੰ ਪੇਇੰਗ ਗੈਸਟ ਦੇ ਤੌਰ 'ਤੇ ਰੱਖਿਆ। ਘਰ ਵਾਲਾ ਉਹ ਨੌਜਵਾਨ ਸਮੈਕ ਪੀਣ ਦਾ ਆਦੀ ਸੀ ਤੇ ਉਸ ਨੇ ਦੋਵੇਂ ਵਿਦਿਆਰਥੀਆਂ ਨੂੰ ਇਸ ਪਾਸੇ ਲਾ ਲਿਆ ਸੀ। ਗੁਆਂਢੀਆਂ ਨੇ ਪੁਲੀਸ ਨੂੰ ਬਿਲਕੁਲ ਉਸ ਸਮੇਂ ਸੂਚਿਤ ਕੀਤਾ ਜਦੋਂ ਉਹ ਨੌਜਵਾਨ ਤੇ ਦੋਵੇਂ ਵਿਦਿਆਰਥੀ ਸਮੈਕ ਦੇ ਸੂਟੇ ਲਾਹੁਣ 'ਚ ਮਗਨ ਸਨ। ਉਸ ਪਿੰਡ 'ਚ ਪੇਇੰਗ ਗੈਸਟ ਦੇ ਤੌਰ 'ਤੇ ਰਹਿੰਦੇ ਹੋਰ ਨੌਜਵਾਨਾਂ ਦੀ ਛਾਣ-ਬੀਣ ਕਰਦਿਆਂ ਪਤਾ ਲੱਗਿਆ ਕਿ ਇੱਕ ਹੋਰ ਘਰ 'ਚ ਵਿਦਿਆਰਥੀਆਂ ਨੇ ਉਸ ਘਰ ਦੇ ਨੌਜਵਾਨ ਨੂੰ ਸਮੈਕ ਪੀਣ ਲਾ ਦਿੱਤਾ ਸੀ। ਨੌਜਵਾਨ ਪੀੜ੍ਹੀ ਮੱਚਦੀਆਂ ਲਾਟਾ ਦੇ ਧੂੰਏਂ 'ਚ ਧੁਆਂਖੀ ਜਾ ਰਹੀ ਹੈ।

ਛੱਬੀ ਕੁ ਵਰ੍ਹਿਆਂ ਦੇ ਇੱਕ ਨੌਜਵਾਨ ਤੋਂ ਵੀਹ ਗ੍ਰਾਮ ਹੈਰੋਇਨ ਬਰਾਮਦ ਹੋਈ ਸੀ। ਕਾਲਜ ਪੜ੍ਹਦਿਆਂ ਹੀ ਦੋਸਤਾਂ ਨਾਲ ਰਲ਼ ਕੇ ਉਸ ਨੇ ਵਿਦੇਸ਼ ਜਾਣ ਦਾ ਯਤਨ ਕੀਤਾ ਸੀ। ਟਰੈਵਲ ਏਜੰਟ ਨੇ ਉਨ੍ਹਾਂ ਨੂੰ ਕੁਕਿੰਗ, ਹੇਅਰ ਕਟਿੰਗ ਜਾਂ ਨੈਨੀ ਕੇਅਰ ਕੋਰਸ ਕਰ ਲੈਣ ਦਾ ਸੁਝਾਅ ਦਿੱਤਾ। ਉਸ ਨੇ ਦੋ-ਤਿੰਨ ਵਾਰ 'ਨੈਨੀ ਕੇਅਰ' ਸ਼ਬਦਾਂ ਨੂੰ ਬੋਲ ਕੇ ਦੇਖਿਆ, ਫਿਰ ਕਾਲਜ ਕੰਟੀਨ 'ਚ ਬਣਦੇ ਸਮੋਸਿਆਂ ਵੱਲ ਵੇਖਣ ਲੱਗਾ ਤੇ ਅੰਤ 'ਚ ਉਸ ਨੇ ਹੇਅਰ ਕਟਿੰਗ ਕੋਰਸ ਲਈ ਹਾਂ ਕਰ ਦਿੱਤੀ। ਕਾਲਜ ਦੀ ਪੜ੍ਹਾਈ ਵਿੱਚੇ ਛੱਡ ਉਸ ਨੇ ਤਿੰਨ ਮਹੀਨਿਆਂ ਦਾ ਕੋਰਸ ਵੱਡੇ ਸ਼ਹਿਰ 'ਚ ਕੀਤਾ। ਉਹ ਦਿੱਲੀ ਤੋਂ ਜਹਾਜ਼ ਚੜ੍ਹਿਆ ਤੇ ਦੋ ਮਹੀਨਿਆਂ ਬਾਅਦ ਸਿੰਗਾਪੁਰ ਤੋਂ ਵਾਪਸ ਆ ਗਿਆ। ਨਿਰਾਸ਼ਾਜਨਕ ਹਾਲਾਤ 'ਚ ਉਸ ਨੇ ਮੁੱਖ ਸੜਕ 'ਤੇ ਪੈਂਦੇ ਕਸਬੇ 'ਚ ਹੇਅਰ ਕਟਿੰਗ ਸੈਲੂਨ ਦਾ ਕੰਮ ਸ਼ੁਰੂ ਕੀਤਾ। ਸਲਾਹ ਦੇਣ ਵਾਲੇ ਨੇ ਕਸਬੇ ਨੇੜੇ ਹਵਾਈ ਅੱਡੇ ਦੇ ਕਰਮਚਾਰੀਆਂ ਦੀ ਗਿਣਤੀ ਦਾ ਇਹਸਾਸ ਕਰਵਾਉਂਦਿਆਂ ਉਸ ਦੀ ਥਿੜਕੀ ਮਨੋ-ਦਸ਼ਾ ਨੂੰ ਸੇਧ ਦੇਣ ਦਾ ਯਤਨ ਕੀਤਾ ਸੀ। ਪਰ ਉਸ ਦਾ ਇਸ ਕੰਮ 'ਚ ਮਨ ਨਹੀਂ ਲਗਦਾ ਸੀ। ਨਿਰਾਸ਼ਾ ਦੀ ਹਾਲਤ 'ਚ ਉਹ ਸ਼ਰਾਬ ਪੀਣ ਦਾ ਆਦੀ ਹੋ ਗਿਆ। ਅਜਿਹੇ ਸਾਥ 'ਚ ਹੀ ਉਸ ਦੇ ਇੱਕ ਸਾਥੀ ਨੇ ਸਿਆਲਾਂ ਦੀ



Sri Satguru Jagjit Singh Ji eLibrary NamdhariElibrary@gmail.com

ਹੋਣ ਦਾ ਬੋਝ ਵੀ ਘਟਿਆ ਹੈ ਤੇ ਉਨ੍ਹਾਂ ਦੇ ਕੁਰਾਹੇ ਪੈਣ ਦੀ ਸੰਭਾਵਨਾ ਬਹੁਤ ਵੱਧ ਗਈ ਹੈ। ਹੋਸਟਲ ਮਨਫ਼ੀ ਹੋਣ ਲੱਗੇ ਹਨ ਤੇ ਪੇਇੰਗ ਗੈਸਟਾਂ ਦਾ ਰੁਝਾਨ ਸਾਹਮਣੇ ਆਇਆ ਹੈ। ਲੇਕਿਨ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ ਲਈ ਹੋਸਟਲ ਜੋ ਮਾਹੌਲ ਸਿਰਜਦੇ ਰਹੇ ਹਨ, ਉਸ ਦੇ ਉਲਟ ਪੇਇੰਗ ਗੈਸਟਾਂ ਦਾ ਵਰਤਾਰਾ ਅਜਿਹੀ ਕਿਸੇ ਦੇਣ ਦੇ ਅਸਮਰੱਥ ਹੈ। ਸ਼ਹਿਰ ਦੇ ਨੇੜੇ ਤੇ ਮੁੱਖ ਸੜਕ ਤੋਂ ਕਿਲੋਮੀਟਰ ਹਟਵੇਂ ਇੱਕ ਪਿੰਡ 'ਚ ਦਸ-ਬਾਰ੍ਹਾਂ ਵਿਦਿਆਰਥੀ ਵੱਖ-ਵੱਖ ਘਰਾਂ 'ਚ ਪੇਇੰਗ ਗੈਸਟ ਦੇ ਤੌਰ 'ਤੇ ਰਹਿਣ ਲੱਗੇ। ਇੱਕ ਅਜਿਹੇ ਘਰ ਵਿੱਚ ਕਾਲਜ ਦੀ ਪੜ੍ਹਾਈ ਅਧੂਰੀ ਛੱਡ ਕੇ ਆਇਆ ਨੌਜਵਾਨ ਆਪਣੇ ਬਿਮਾਰ ਮਾਂ-ਬਾਪ ਨਾਲ ਰਹਿੰਦਾ ਸੀ। ਮਾਪਿਆਂ ਨੇ ਘਰ ਦੀ ਰੌਣਕ ਬਰਕਰਾਰ ਰੱਖਣ ਲਈ ਦੋ ਵਿਦਿਆਰਥੀਆਂ ਨੂੰ ਪੇਇੰਗ ਗੈਸਟ ਦੇ ਤੌਰ 'ਤੇ ਰੱਖਿਆ। ਘਰ ਵਾਲਾ ਉਹ ਨੌਜਵਾਨ ਸਮੈਕ ਪੀਣ ਦਾ ਆਦੀ ਸੀ ਤੇ ਉਸ ਨੇ ਦੋਵੇਂ ਵਿਦਿਆਰਥੀਆਂ ਨੂੰ ਇਸ ਪਾਸੇ ਲਾ ਲਿਆ ਸੀ। ਗੁਆਂਢੀਆਂ ਨੇ ਪੁਲੀਸ ਨੂੰ ਬਿਲਕੁਲ ਉਸ ਸਮੇਂ ਸੂਚਿਤ ਕੀਤਾ ਜਦੋਂ ਉਹ ਨੌਜਵਾਨ ਤੇ ਦੋਵੇਂ ਵਿਦਿਆਰਥੀ ਸਮੈਕ ਦੇ ਸੂਟੇ ਲਾਹੁਣ 'ਚ ਮਗਨ ਸਨ। ਉਸ ਪਿੰਡ 'ਚ ਪੇਇੰਗ ਗੈਸਟ ਦੇ ਤੌਰ 'ਤੇ ਰਹਿੰਦੇ ਹੋਰ ਨੌਜਵਾਨਾਂ ਦੀ ਛਾਣ-ਬੀਣ ਕਰਦਿਆਂ ਪਤਾ ਲੱਗਿਆ ਕਿ ਇੱਕ ਹੋਰ ਘਰ 'ਚ ਵਿਦਿਆਰਥੀਆਂ ਨੇ ਉਸ ਘਰ ਦੇ ਨੌਜਵਾਨ ਨੂੰ ਸਮੈਕ ਪੀਣ ਲਾ ਦਿੱਤਾ ਸੀ। ਨੌਜਵਾਨ ਪੀੜ੍ਹੀ ਮੱਚਦੀਆਂ ਲਾਟਾ ਦੇ ਧੂੰਏਂ 'ਚ ਧੁਆਂਖੀ ਜਾ ਰਹੀ ਹੈ।

ਛੱਬੀ ਕੁ ਵਰ੍ਹਿਆਂ ਦੇ ਇੱਕ ਨੌਜਵਾਨ ਤੋਂ ਵੀਹ ਗ੍ਰਾਮ ਹੈਰੋਇਨ ਬਰਾਮਦ ਹੋਈ ਸੀ। ਕਾਲਜ ਪੜ੍ਹਦਿਆਂ ਹੀ ਦੋਸਤਾਂ ਨਾਲ ਰਲ਼ ਕੇ ਉਸ ਨੇ ਵਿਦੇਸ਼ ਜਾਣ ਦਾ ਯਤਨ ਕੀਤਾ ਸੀ। ਟਰੈਵਲ ਏਜੰਟ ਨੇ ਉਨ੍ਹਾਂ ਨੂੰ ਕੁਕਿੰਗ, ਹੇਅਰ ਕਟਿੰਗ ਜਾਂ ਨੈਨੀ ਕੇਅਰ ਕੋਰਸ ਕਰ ਲੈਣ ਦਾ ਸੁਝਾਅ ਦਿੱਤਾ। ਉਸ ਨੇ ਦੋ-ਤਿੰਨ ਵਾਰ 'ਨੈਨੀ ਕੇਅਰ' ਸ਼ਬਦਾਂ ਨੂੰ ਬੋਲ ਕੇ ਦੇਖਿਆ, ਫਿਰ ਕਾਲਜ ਕੰਟੀਨ 'ਚ ਬਣਦੇ ਸਮੋਸਿਆਂ ਵੱਲ ਵੇਖਣ ਲੱਗਾ ਤੇ ਅੰਤ 'ਚ ਉਸ ਨੇ ਹੇਅਰ ਕਟਿੰਗ ਕੋਰਸ ਲਈ ਹਾਂ ਕਰ ਦਿੱਤੀ। ਕਾਲਜ ਦੀ ਪੜ੍ਹਾਈ ਵਿੱਚੇ ਛੱਡ ਉਸ ਨੇ ਤਿੰਨ ਮਹੀਨਿਆਂ ਦਾ ਕੋਰਸ ਵੱਡੇ ਸ਼ਹਿਰ 'ਚ ਕੀਤਾ। ਉਹ ਦਿੱਲੀ ਤੋਂ ਜਹਾਜ਼ ਚੜ੍ਹਿਆ ਤੇ ਦੋ ਮਹੀਨਿਆਂ ਬਾਅਦ ਸਿੰਗਾਪੁਰ ਤੋਂ ਵਾਪਸ ਆ ਗਿਆ। ਨਿਰਾਸ਼ਾਜਨਕ ਹਾਲਾਤ 'ਚ ਉਸ ਨੇ ਮੁੱਖ ਸੜਕ 'ਤੇ ਪੈਂਦੇ ਕਸਬੇ 'ਚ ਹੇਅਰ ਕਟਿੰਗ ਸੈਲੂਨ ਦਾ ਕੰਮ ਸ਼ੁਰੂ ਕੀਤਾ। ਸਲਾਹ ਦੇਣ ਵਾਲੇ ਨੇ ਕਸਬੇ ਨੇੜੇ ਹਵਾਈ ਅੱਡੇ ਦੇ ਕਰਮਚਾਰੀਆਂ ਦੀ ਗਿਣਤੀ ਦਾ ਇਹਸਾਸ ਕਰਵਾਉਂਦਿਆਂ ਉਸ ਦੀ ਥਿੜਕੀ ਮਨੋ-ਦਸ਼ਾ ਨੂੰ ਸੇਧ ਦੇਣ ਦਾ ਯਤਨ ਕੀਤਾ ਸੀ। ਪਰ ਉਸ ਦਾ ਇਸ ਕੰਮ 'ਚ ਮਨ ਨਹੀਂ ਲਗਦਾ ਸੀ। ਨਿਰਾਸ਼ਾ ਦੀ ਹਾਲਤ 'ਚ ਉਹ ਸ਼ਰਾਬ ਪੀਣ ਦਾ ਆਦੀ ਹੋ ਗਿਆ। ਅਜਿਹੇ ਸਾਥ 'ਚ ਹੀ ਉਸ ਦੇ ਇੱਕ ਸਾਥੀ ਨੇ ਸਿਆਲਾਂ ਦੀ



Sri Satguru Jagjit Singh Ji eLibrary NamdhariElibrary@gmail.com

ਇੱਕ ਰਾਤ ਨੂੰ ਉਸ ਨੂੰ ਹੈਰੋਇਨ ਦਾ ਇੱਕ ਸੂਟਾ ਲਵਾਇਆ। ਅਖਾੜੇ 'ਚ ਇੱਕ ਪਹਿਲਵਾਨ ਜਿਵੇਂ ਦੂਜੇ ਨੂੰ ਪਲੋ-ਪਲੀ ਢਾਹ ਲੈਂਦਾ ਹੈ, ਇਵੇਂ ਹੀ ਇਸ ਨਸ਼ੇ ਨੇ ਉਸ ਨੂੰ ਬਹੁਤ ਜਲਦੀ ਕਾਬੂ ਕੀਤਾ। ਅਜਿਹੀ ਜੀਵਨ-ਜਾਚ ਤੋਂ ਦੋ ਵਰ੍ਹਿਆਂ ਬਾਅਦ ਹੋਰ ਨਸ਼ਈ ਨੌਜਵਾਨਾਂ ਦੀ ਪੈੜ ਲੱਭਦਿਆਂ-ਲੱਭਦਿਆਂ ਉਹ ਪੁਲੀਸ ਦੇ ਹੱਥ ਲੱਗਾ। ਉਦੋਂ ਤੱਕ ਉਸ ਦਾ ਸਰੀਰ ਭਾਰਾ ਹੋ ਚੁੱਕਾ ਸੀ, ਬੁੱਲ੍ਹ ਕਾਲੇ ਹੋ ਗਏ ਸਨ ਤੇ ਜੀਭ ਖ਼ੁਸ਼ਕ ਰਹਿਣ ਲੱਗੀ ਸੀ। ਭਾਵੇਂ ਉਸ ਦੀ ਆਪਣੀ ਹੇਅਰ ਕਟਿੰਗ ਸੈਲੂਨ ਸੀ ਪਰ ਉਸ ਦੇ ਵਾਲ ਖ਼ੁਸ਼ਕ ਤੇ ਬੇਤਰਤੀਬੇ ਹੋ ਗਏ ਸਨ। ਉਹ ਸੋਚਦਾ ਤਾਂ ਉਸ ਦੇ ਮੱਥੇ 'ਤੇ ਪਸੀਨਾ ਸਿੰਮ ਆਉਂਦਾ, ਬੋਲਦਾ ਤਾਂ ਉਸ ਦੀ ਅਵਾਜ਼ ਥਥਲਾਉਣ ਲੱਗਦੀ ਤੇ ਜਦ ਤੁਰਦਾ ਤਾਂ ਉਸ ਦੀ ਚਾਲ ਡਗਮਗਾ ਜਾਂਦੀ। ਉਸ ਨਾਲ ਲੰਬੀ ਗੱਲ-ਬਾਤ ਕਰਨ ਤੋਂ ਬਾਅਦ ਮੈਨੂੰ ਇਉਂ ਲੱਗਿਆ ਜਿਵੇਂ ਮੂੜ੍ਹ-ਮੱਤ, ਬੇਰੁਜ਼ਗਾਰੀ ਤੇ ਪ੍ਰਾਂਤ ਦੇ ਮੌਜੂਦਾ ਹਾਲਾਤ ਨੇ ਉਸ ਤੇ ਕੋਈ ਪ੍ਰੈਕਟੀਕਲ ਕਰ ਕੇ ਵੇਖਿਆ ਹੋਵੇ।

'ਜੇ ਤੁਸੀਂ ਏ.ਟੀ.ਐਮ. 'ਚ ਪੈਸੇ ਨਾ ਪਾਏ ਤਾਂ ਮੈਂ ਲੁੱਟਣ ਚਲਾ ਜਾਣਾ। ਹੁਣ ਅੱਠ ਵੱਜੇ ਹਨ, ਮੈਂ ਸਾਢੇ ਅੱਠ ਵਜੇ ਤੱਕ ਉਡੀਕ ਕਰਾਂਗਾ ਮੰਮੀ,' ਪ੍ਰਾਂਤ ਦੇ ਇੱਕ ਨਾਮਵਰ ਟੈਕਨੀਕਲ ਕਾਲਜ 'ਚੋਂ ਚੰਗੇ ਦਰਜੇ ਦੀ ਪੜ੍ਹਾਈ ਕਰਦੇ ਇੱਕ ਵਿਦਿਆਰਥੀ ਦਾ ਆਪਣੀ ਮਾਂ ਨੂੰ ਫ਼ੋਨ ਰਾਹੀਂ ਦਿੱਤਾ ਇਹ ਇੱਕ ਅਭਾਗਾ ਸੁਨੇਹਾ ਸੀ। ਦਰਅਸਲ ਉਸ ਸਾਊ ਤੇ ਸਾਧਾਰਨ ਵਿਦਿਆਰਥੀ ਦਾ ਕਾਲਜ 'ਚੋਂ ਬਰਖ਼ਾਸਤ ਹੋਏ ਅਤੇ ਧੱਕੇ ਨਾਲ ਹੋਸਟਲ 'ਚ ਰਹਿੰਦੇ ਇੱਕ ਨੌਜਵਾਨ ਨਾਲ ਮਮੂਲੀ ਤਕਰਾਰ ਹੋਇਆ। ਉਸ ਲੜਕੇ ਨੇ ਕਾਲਜ ਦੀ ਖੇਡ ਗਰਾਊਂਡ ਵੱਲ ਜਾਂਦੇ ਉਸ ਵਿਦਿਆਰਥੀ ਨੂੰ ਰੋਕ ਕੇ ਚਪੇੜਾਂ ਮਾਰੀਆਂ ਅਤੇ ਮੁੰਡਿਆਂ-ਕੁੜੀਆਂ ਦੇ ਸਾਹਮਣੇ ਉਸ ਦੀ ਕਮੀਜ਼ ਉਤਾਰ ਕੇ ਉਸ ਦੀ ਬੇਇੱਜਤੀ ਕੀਤੀ ਸੀ। ਕਾਲਜ ਦੀ ਅਨੁਸ਼ਾਸਨ ਕਮੇਟੀ ਤੋਂ ਪੁਲੀਸ ਸਟੇਸ਼ਨ ਤੱਕ ਉਸ ਨੇ ਕਈ ਯਤਨ ਕੀਤੇ ਪਰ ਉਸ ਨੂੰ ਕੋਈ ਇਨਸਾਫ਼ ਨਾ ਮਿਲਿਆ। ਬਲਕਿ ਬਰਖ਼ਾਸਤ ਹੋਇਆ ਨੌਜਵਾਨ ਉਸ ਨੂੰ ਚਿੜਾਉਂਦਾ ਵੀ ਰਿਹਾ। ਅੱਕ ਕੇ ਉਸ ਨੇ ਸ਼ਹਿਰ ਦੇ ਡਿਗਰੀ ਕਾਲਜ ਦੇ ਵਿਦਿਆਰਥੀਆਂ ਦੀ ਮੱਦਦ ਨਾਲ ਆਪਣੀ ਬੇਇੱਜਤੀ ਦਾ ਬਦਲਾ ਲਿਆ। ਲੇਕਿਨ ਉਨ੍ਹਾਂ ਵਿਦਿਆਰਥੀਆਂ ਦੇ ਸਾਥ 'ਚ ਉਹ ਵਿਦਿਆਰਥੀ ਸਮੈਕ ਪੀਣ ਦਾ ਆਦੀ ਹੋ ਗਿਆ। ਇੱਕ ਵਰ੍ਹੇ ਦੇ ਅੰਦਰ-ਅੰਦਰ ਉਸ ਦੀ ਹਾਲਤ ਗੰਭੀਰ ਹੋਣ ਲੱਗੀ। ਸਮੈਕ ਦੀ ਤੋੜ ਨਾ ਸਹਾਰਦਿਆਂ ਉਸ ਨੇ ਆਪਣੀ ਮਾਂ ਨੂੰ ਰਾਤ ਦੇ ਅੱਠ ਵਜੇ ਮੋਬਾਇਲ ਫ਼ੋਨ 'ਤੇ ਇਹੋ ਸੁਨੇਹਾ ਦਿੱਤਾ ਸੀ। 'ਜੇ ਤੁਸੀਂ ਏ.ਟੀ.ਐਮ. 'ਚ ਪੈਸੇ ਨਾ ਪਾਏ ਤਾਂ ਮੈਂ ਲੁੱਟਣ ਚਲਾ ਜਾਣਾ। ਹੁਣ ਅੱਠ ਵੱਜੇ ਹਨ, ਮੈਂ ਸਾਢੇ ਅੱਠ ਵਜੇ ਤੱਕ ਉਡੀਕ ਕਰਾਂਗਾ ਮੰਮੀ!'

ਦੋ-ਢਾਈ ਵਰ੍ਹੇ ਪੁਰਾਣੀ ਗੱਲ ਹੈ। ਨਵੇਂ ਭਰਤੀ ਹੋਏ ਸਿਪਾਹੀਆਂ ਦੇ



Sri Satguru Jagjit Singh Ji eLibrary NamdhariElibrary@gmail.com

ਵਿੱਦਿਅਕ ਯੋਗਤਾ ਸੰਬੰਧੀ ਸਰਟੀਫ਼ਿਕੇਟ ਤਸਦੀਕ ਕਰਵਾਏ ਜਾ ਰਹੇ ਸਨ। ਅਜਿਹੇ ਹੀ ਇੱਕ ਭਰਤੀ ਹੋਏ ਨੌਜਵਾਨ ਨੇ ਜਦੋਂ ਬਾਰ੍ਹਵੀਂ ਦਾ ਇਮਤਿਹਾਨ ਦਿੱਤਾ ਤਾਂ ਉਸ ਦੀ ਅੰਗਰੇਜ਼ੀ ਵਿਸ਼ੇ 'ਚੋਂ ਕੰਪਾਰਟਮੈਂਟ ਆ ਗਈ ਸੀ। ਜਦੋਂ ਉਹ ਉਪਰੋਕਤ ਪੇਪਰ ਦੇ ਫ਼ਾਰਮ ਭਰਨ 'ਚ ਮਸ਼ਰੂਫ਼ ਸੀ ਤਾਂ ਉਸ ਨੂੰ ਇੱਕ ਵਿਅਕਤੀ ਨੇ ਸਲਾਹ ਦਿੱਤੀ ਕਿ ਫ਼ਾਰਮ ਭਰਨ ਦੀ ਲੋੜ ਨਹੀਂ, ਵੀਹ ਹਜ਼ਾਰ ਰੁਪਿਆ ਲੱਗੇਗਾ ਤੇ ਸਰਟੀਫ਼ਿਕੇਟ ਮਿਲ ਜਾਵੇਗਾ। ਅਜਿਹਾ ਹੀ ਹੋਇਆ ਤੇ ਇਸੇ ਸਰਟੀਫ਼ਿਕੇਟ ਦੇ ਅਧਾਰਿਤ ਉਹ ਭਰਤੀ ਹੋ ਗਿਆ। ਉਸ ਦੇ ਘਰ ਖ਼ੁਸ਼ੀਆਂ ਵਾਲਾ ਮਾਹੌਲ ਸੀ, ਉਸ ਨੂੰ ਰਿਸ਼ਤੇ ਆਉਣ ਲੱਗੇ ਤੇ ਮਾਪਿਆਂ ਨੇ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਅਖੰਡ ਪਾਠ ਰਖਵਾਇਆ। ਹਰਿਆਵਲ ਤੇ ਖ਼ੁਸ਼ੀ ਦੇ ਸੰਕੇਤ ਵਜੋਂ ਉਸ ਦੇ ਬਾਪ ਨੇ ਕੇਲਿਆਂ ਦੀਆਂ ਦੋ ਗੇਲੀਆਂ ਦਰਵਾਜ਼ਿਆਂ ਦੇ ਆਸੇ-ਪਾਸੇ ਗਡਵਾ ਲਈਆਂ ਸਨ। ਸਕੂਲ 'ਚ ਪੜ੍ਹਦੀਆਂ ਉਸ ਦੀਆਂ ਭੈਣਾਂ ਨੇ ਸੜਕ ਤੋਂ ਘਰ ਤੱਕ ਸੌ ਮੀਟਰ ਦੇ ਫ਼ਾਸਲੇ ਨੂੰ ਲਾਲ ਪੀਲੀਆਂ ਰੰਗਦਾਰ ਝੰਡੀਆਂ ਨਾਲ ਸਜ਼ਾ ਲਿਆ। ਘਰ ਦੇ ਇੱਕ ਖੂੰਜੇ ਤੋਂ ਖੇਤਾਂ ਵੱਲ ਖ਼ਾਲ ਦੇ ਨਾਲ-ਨਾਲ ਸਫ਼ੈਦਿਆਂ ਦੀ ਲੰਬੀ ਲਾਈਨ ਸੀ। ਉਨ੍ਹਾਂ ਬੱਚੀਆਂ ਨੇ ਲਾਲ, ਗੁਲਾਬੀ, ਹਰੇ ਤੇ ਪੀਲੇ ਰੰਗ ਦੀਆਂ ਝੰਡੀਆਂ ਦੀ ਇੱਕ ਲੜੀ ਦੂਰ ਤੱਕ ਸਫ਼ੈਦਿਆਂ ਦੇ ਰੁੱਖਾਂ ਦੇ ਨਾਲ-ਨਾਲ ਵੀ ਲਾ ਦਿੱਤੀ ਸੀ। ਮਾਂ ਕੋਠੇ 'ਤੇ ਚੜ੍ਹੀ ਤੇ ਉਸ ਨੇ ਨਜ਼ਰ ਲੱਗ ਜਾਣ ਦੇ ਡਰੋਂ ਬਨੇਰੇ 'ਤੇ ਕਾਲਾ ਕੁੱਜਾ ਟੰਗ ਦਿੱਤਾ। ਲੇਕਿਨ ਦਿਨ ਛਿਪਣ ਤੋਂ ਪਹਿਲਾਂ ਹੀ ਸਮੇਂ ਨੇ ਕੇਲਿਆਂ ਦੀਆਂ ਗੇਲੀਆਂ ਪੁੱਟ ਲਈਆਂ ਤੇ ਰੰਗਦਾਰ ਝੰਡੀਆਂ ਇਕੱਠੀਆਂ ਕਰ ਲਈਆਂ ਸਨ। ਤਸਦੀਕ ਦੌਰਾਨ ਉਹ ਸਰਟੀਫ਼ਿਕੇਟ ਜਾਅਲੀ ਪਾਇਆ ਗਿਆ। ਨੌਕਰੀ ਤੋਂ ਕੱਢੇ ਜਾਣ ਦਾ ਸੁਨੇਹਾ ਮਿਲ ਜਾਣ ਕਾਰਨ ਉਸ ਨੌਜਵਾਨ ਨੇ ਜ਼ਹਿਰ ਖਾ ਕੇ ਖ਼ੁਦਕਸ਼ੀ ਕਰ ਲਈ ਸੀ।

ਵੱਡੇ ਸ਼ਹਿਰ ਦੇ ਬਾਹਰ-ਬਾਹਰ, ਪੇਂਡੂ ਖੇਤਰ 'ਚ ਸਥਾਪਿਤ ਇੱਕ ਪ੍ਰਾਈਵੇਟ ਇੰਜਨੀਅਰਿੰਗ ਕਾਲਜ 'ਚ ਪੜ੍ਹਦੇ ਨੇੜਲੇ ਪਿੰਡਾਂ ਦੇ ਦੋ ਦੋਸਤ ਰਸਤੇ 'ਚ ਪੈਂਦੀ ਇੱਕ ਪੀਰ ਦੀ ਜਗ੍ਹਾ 'ਤੇ ਮੱਥਾ ਟੇਕਣ ਲਈ ਰੁਕ ਜਾਂਦੇ। ਉਸ ਮਜ਼ਾਰ 'ਤੇ ਉਨ੍ਹਾਂ ਨੂੰ ਕਾਲਜ ਦੇ ਹੋਰ ਵਿਦਿਆਰਥੀ ਵੀ ਮਿਲਦੇ। ਕਣਕਾਂ ਬੀਜਣ ਦੀ ਰੁੱਤ, ਵੀਰਵਾਰ ਦਾ ਦਿਨ, ਦੀਵਿਆਂ ਵੇਲਾ ਜਿੱਥੋਂ ਦੁਆਵਾਂ ਮਿਲਣੀਆਂ ਸਨ, ਉੱਥੇ ਉਨ੍ਹਾਂ ਦੋਸਤਾਂ ਨੂੰ ਸਮੈਕ ਦੇ ਸੂਟੇ ਲਾਉਂਦੇ ਨੌਜਵਾਨਾਂ ਨੇ ਆਪਣੇ ਵੱਲ ਖਿੱਚਿਆ। ਇਹੋ ਚਿੰਗਾਰੀ ਇੱਕ ਦਿਨ ਲਾਟ ਬਣ ਗਈ। ਹਰ ਵੀਰਵਾਰ, ਉਹ ਹਫ਼ਤੇ ਦਾ ਸਮਾਨ ਖ਼ਰੀਦਣ ਲੱਗੇ। ਪਰ ਇੱਕ ਬਦਕਿਸਮਤ ਦਿਨ ਉਹ ਕਾਲਜ ਟੂਰ ਦਾ ਬਹਾਨਾ ਬਣਾ ਕੇ ਸ਼ਾਹਬਾਦ ਤੋਂ ਹੈਰੋਇਨ ਖ਼ਰੀਦਣ ਚਲੇ ਗਏ। ਉਸ ਚਿੱਟੇ ਪਾਊਡਰ 'ਚ ਨਸ਼ੇ ਦੀ ਘਣਤਾ ਬਹੁਤ ਜ਼ਿਆਦਾ ਸੀ। ਉਨ੍ਹਾਂ ਪਹਿਲੇ ਹਿਸਾਬ ਨਾਲ ਚਾਰ-ਚਾਰ ਸੂਟੇ ਲਾਏ ਲੇਕਿਨ ਉਹ



Sri Satguru Jagjit Singh Ji eLibrary NamdhariElibrary@gmail.com

ਓਵਰ ਡੋਜ਼ ਸੀ। ਉਹ ਬੇਹੋਸ਼ ਹੋ ਗਏ। ਹਸਪਤਾਲ ਪਹੁੰਚਦਿਆਂ ਹੀ ਇੱਕ ਨੂੰ ਡਾਕਟਰਾਂ ਨੇ ਮ੍ਰਿਤਕ ਘੋਸ਼ਿਤ ਕੀਤਾ ਤੇ ਦੂਜਾ ਦੋ ਘੰਟਿਆਂ ਬਾਅਦ ਮਰ ਗਿਆ।

ਕਸੁੰਭੜਾ ਇੱਕ ਕੰਡਿਆਲਾ ਪੌਦਾ ਹੈ ਜਿਸ ਦਾ ਫੁੱਲ ਅੱਗ ਦੀ ਲਾਟ ਵਰਗਾ ਹੁੰਦਾ ਹੈ ਪਰ ਇਹ ਭੜਕੀਲਾ ਲਾਲ ਰੰਗ ਧੁੱਪ ਤੇ ਪਾਣੀ ਲੱਗਣ ਨਾਲ ਤੁਰੰਤ ਫਿੱਕਾ ਪੈ ਜਾਂਦਾ ਹੈ। ਗੁਰਬਾਣੀ ਵਿੱਚ ਵੀ ਮਾਇਆ ਅਤੇ ਪਦਾਰਥਾਂ ਦੇ ਚਮਤਕਾਰ ਕਸੁੰਭੇ ਰੰਗ ਜਿਹੇ ਵਰਨਣ ਕੀਤੇ ਗਏ ਹਨ। ਸਿਸਟਮ ਤੇ ਸਮਾਜ ਅੱਗੇ ਅਰਜੋਈ ਹੈ ਕਿ ਕਸੁੰਭ ਰੰਗ ਨੂੰ ਪਾਸੇ ਕਰ ਕੇ ਨੌਜਵਾਨਾਂ ਦੇ ਰਾਹਾਂ ਨੂੰ ਮਜੀਠ ਰੰਗ ਨਾਲ ਰੁਸ਼ਨਾਉਣ ਦਾ ਯਤਨ ਕਰੀਏ।

•



Sri Satguru Jagjit Singh Ji eLibrary NamdhariElibrary@gmail.com

# ਕਿਰਤ ਦਾ ਝੜਦਾ ਬੂਰ

ਫ਼ਲਾਂ ਤੇ ਸਬਜ਼ੀਆਂ ਦੇ ਚੰਗੇ ਉਤਪਾਦਨ ਲਈ ਫੁੱਲਾਂ ਦੀ ਫ਼ਲਾਂ ਤੱਕ ਅਪੜਨ ਦੀ ਸਮਰੱਥਾ ਚੰਗੇਰੀ ਹੋਣੀ ਚਾਹੀਦੀ ਹੈ। ਅੰਬ ਦੇ ਰੁੱਖ ਨੂੰ ਹਜ਼ਾਰ ਫੁੱਲ ਪਿੱਛੇ ਇੱਕ ਅੰਬ ਲਗਦਾ ਹੈ। ਔਲ਼ਿਆਂ 'ਚ ਵੀ ਤਿੰਨ ਚੌਥਾਈ ਫੁੱਲ ਝੜ ਜਾਂਦੇ ਹਨ। ਅਜਿਹਾ ਵਰਤਾਰਾ ਸਬਜ਼ੀਆਂ ਤੇ ਹੋਰ ਫ਼ਸਲਾਂ 'ਚ ਵੀ ਪਾਇਆ ਜਾਂਦਾ ਹੈ। ਤੇਜ਼ ਹਵਾਵਾਂ, ਅਣ-ਅਨੁਕੂਲ ਤਾਪਮਾਨ, ਖ਼ੁਰਾਕੀ ਤੱਤਾਂ ਅਤੇ ਫ਼ਲਾਂ ਦੇ ਵਧਣ-ਫੁੱਲਣ ਲਈ ਸਥਾਨ ਦੀ ਘਾਟ, ਫੁੱਲ ਝੜਨ ਦੇ ਮੂਲ ਕਾਰਨ ਹਨ। ਬੂਰ ਦਾ ਝੜਨਾ ਅਸਫ਼ਲਤਾ ਦਾ ਪ੍ਰਤੀਕ ਹੈ। ਫ਼ਲਾਂ ਤੇ ਸਬਜ਼ੀਆਂ ਦੀਆਂ ਕਈ ਚੰਗੀਆਂ ਕਿਸਮਾਂ ਜ਼ਿਆਦਾ ਫੁੱਲ ਝੜਨ ਕਾਰਨ ਹੀ ਫੇਲ੍ਹ ਹੋ ਜਾਂਦੀਆਂ ਹਨ। ਫ਼ਲਾਂ, ਸਬਜ਼ੀਆਂ ਤੇ ਫ਼ਸਲਾਂ ਵਾਂਗ ਬੂਰ ਝੜਨ ਦਾ ਵਰਤਾਰਾ ਮਨੁੱਖੀ ਜ਼ਿੰਦਗੀ 'ਚ ਵੀ ਪਾਇਆ ਜਾਂਦਾ ਹੈ। ਕਾਲੇ ਧਨ ਤੇ ਭ੍ਰਿਸ਼ਟਾਚਾਰ ਦੀ ਵਗਦੀ ਲੋਅ ਕਿਰਤ ਦੇ ਫੁੱਲਾਂ ਨੂੰ ਲੂਹ-ਲੂਹ ਕੇ ਝਾੜ ਦਿੰਦੀ ਹੈ। ਹਥਲੇ ਲੇਖ ਵਿੱਚ ਅਜਿਹੇ ਹਾਲਾਤ ਹੀ ਵਿਚਾਰੇ ਜਾ ਰਹੇ ਹਨ।

ਪਿਛਲੇ ਵਰ੍ਹੇ ਇੱਕ ਅਮੀਰ ਪਰਿਵਾਰ ਦੇ ਵਿਆਹ ਸਮੇਂ ਦੋ ਦਿਨਾਂ 'ਚ ਹੋਣ ਵਾਲੇ ਤਿੰਨ ਸਮਾਗਮਾਂ ਤੇ ਪੈਲੇਸ ਦਾ ਕਿਰਾਇਆ ਅਤੇ ਸਜਾਵਟੀ ਫੁੱਲਾਂ ਤੇ ਰੰਗੀਨ ਰੋਸ਼ਨੀਆਂ ਦਾ ਖ਼ਰਚਾ ਹੀ ਚੌਵੀ ਲੱਖ ਰੁਪਏ ਸੀ। ਅਜਿਹੇ ਵਿਆਹਾਂ ਦੇ ਕੁੱਲ ਖ਼ਰਚੇ ਦਾ ਅੰਦਾਜ਼ਾ ਲਾਉਣਾ ਆਮ ਆਦਮੀ ਦੀਆਂ ਗਿਣਤੀਆਂ-ਮਿਣਤੀਆਂ ਤੋਂ ਉੱਪਰ ਦੀ ਗੱਲ ਹੈ। ਵੱਡੇ ਸ਼ਹਿਰ ਦੇ ਬਾਹਰ-ਬਾਹਰ ਇੱਕ ਕੰਪਨੀ ਨੇ ਜ਼ਮੀਨ ਖ਼ਰੀਦ ਕੇ ਘਰ ਬਣਾ ਕੇ ਵੇਚਣੇ ਸ਼ੁਰੂ ਕੀਤੇ। ਘੱਟ ਤੋਂ ਘੱਟ ਕੀਮਤ ਵਾਲਾ ਫਲੈਟ ਚਾਰ ਕਰੋੜ ਦਾ ਅਤੇ ਵੱਧ ਤੋਂ ਵੱਧ ਕੀਮਤ ਦਾ ਘਰ ਬਾਰਾਂ ਕਰੋੜ ਦਾ ਹੈ। ਦੂਹਰਾ ਦੁੱਖ ਇਹ ਹੈ ਕਿ ਅਜਿਹੀਆਂ ਰਕਮਾਂ ਦਾ ਲਗਭਗ ਤਿੰਨ ਚੌਥਾਈ ਹਿੱਸਾ ਕਾਲੇ ਧਨ ਦੇ ਰੂਪ 'ਚ ਗਿਣਤੀ 'ਚ ਨਹੀਂ ਲਿਆਇਆ ਜਾਂਦਾ। ਇਹੋ ਪੈਸਾ ਚੀਜ਼ਾਂ ਦੇ ਭਾਅ ਅਸਮਾਨੀ ਚਾੜ੍ਹ ਦਿੰਦਾ ਹੈ। ਜ਼ਮੀਨਾਂ ਤੇ ਪਲਾਟਾਂ ਦੀਆਂ ਬਹੁਤ ਵਧਦੀਆਂ ਕੀਮਤਾਂ ਅਜਿਹੇ ਅਸੰਤੁਲਤ ਆਰਥਿਕ ਵਰਤਾਰੇ ਦਾ ਹੀ ਸਿੱਟਾ ਹਨ। ਅਜਿਹੇ ਹਾਲਾਤ ਆਮ ਆਦਮੀ ਨੂੰ ਉਲਟਾ-ਪੁਲਟਾ ਕੇ ਕਿਰਤ ਦਾ ਬੂਰ ਝਾੜਦੇ ਰਹਿੰਦੇ ਹਨ। ਨੌਜਵਾਨ ਤੜਫ-ਤੜਫ ਕੇ ਜ਼ਿੰਦਗੀ ਜਿਊਂਦੇ ਹਨ ਤੇ ਅਜਿਹੀਆਂ ਪਰੇਸ਼ਾਨੀਆਂ ਕਾਰਨ ਅਕਸਰ ਹੀ ਉਹ ਨਸ਼ਿਆਂ ਤੇ ਜੁਰਮਾਂ ਜਿਹੀਆਂ ਗੰਭੀਰ ਗ਼ਲਤੀਆਂ ਦਾ ਸ਼ਿਕਾਰ ਹੋ ਜਾਂਦੇ ਹਨ।



Sri Satguru Jagjit Singh Ji eLibrary NamdhariElibrary@gmail.com

ਇੱਕ ਨੌਜਵਾਨ ਲੜਾਈ ਝਗੜੇ ਦੇ ਕੇਸ 'ਚ ਜੇਲ੍ਹ ਚਲਾ ਗਿਆ। ਹਫ਼ਤੇ ਕੁ ਬਾਅਦ ਉਸਦਾ ਭਰਾ ਤੇ ਮਾਂ ਮੁਲਾਕਾਤ ਲਈ ਜੇਲ੍ਹ ਗਏ। ਜੇਲ੍ਹ ਅੰਦਰ ਬੰਦ ਨੌਜਵਾਨ ਨੇ ਆਪਣੇ ਭਰਾ ਤੇ ਮਾਂ ਨਾਲ ਉਸ ਦੇ ਨਾਲ ਜੇਲ੍ਹ 'ਚ ਬੰਦ ਇੱਕ ਹੋਰ ਵਿਅਕਤੀ ਦੀ ਮੁਲਾਕਾਤ ਕਰਵਾਈ ਜੋ ਨਸ਼ਿਆਂ ਦੇ ਗ੍ਰੋਹ ਦਾ ਮੈਂਬਰ ਸੀ। ਕੁਝ ਕੁ ਦਿਨਾਂ ਬਾਅਦ ਹੀ ਜੇਲ੍ਹ ਅੰਦਰ ਬੰਦ ਉਸ ਵਿਅਕਤੀ ਨੇ ਮੋਬਾਇਲ ਫ਼ੋਨ 'ਤੇ ਮੁਲਾਕਾਤ ਲਈ ਆਏ ਉਸ ਨੌਜਵਾਨ ਨੂੰ ਕੁਝ ਸਮਾਨ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਦੀ ਪੇਸ਼ਕਸ਼ ਕੀਤੀ। ਦਰਅਸਲ ਇੱਕ ਚੌਂਕ 'ਚ ਖੜ੍ਹਾ ਕਰ ਕੇ ਉਸ ਵਿਅਕਤੀ ਨੂੰ ਸਮੈਕ ਦਾ ਇੱਕ ਪੈਕੇਟ ਪਹੁੰਚਾਇਆ ਗਿਆ। ਇਹੋ ਪੈਕੇਟ ਉਸ ਨੂੰ ਦੂਜੀ ਥਾਂ 'ਤੇ ਪਹੁੰਚਾ ਕੇ ਪੈਸੇ ਪਹਿਲੀ ਥਾਂ 'ਤੇ ਪਹੁੰਚਾਉਣ ਲਈ ਆਖਿਆ ਗਿਆ। ਦੋਵੇਂ ਥਾਵਾਂ 'ਤੇ ਉਸ ਨੂੰ ਮਿਲਣ ਵਾਲੇ ਵਿਅਕਤੀਆਂ ਦੇ ਮੂੰਹ ਢਕੇ ਹੋਏ ਸਨ। ਪਹਿਲੀ ਸਫ਼ਲਤਾ ਤੋਂ ਬਾਅਦ ਜੇਲ੍ਹ ਅੰਦਰ ਬੈਠੇ ਵਿਅਕਤੀ ਨੇ ਪੁੱਛਿਆ ਕਿ ਤੈਨੂੰ ਕੰਮ 'ਤੇ ਮਹੀਨੇ ਦੇ ਕਿੰਨੇ ਪੈਸੇ ਮਿਲਦੇ ਹਨ? 'ਬਸ ਛੇ ਹਜ਼ਾਰ। ਛੱਡ ਇਹ ਕੰਮ! ਮੈਂ ਤੈਨੂੰ ਹਰ ਗੇੜੇ ਦੇ ਦੋ ਹਜ਼ਾਰ ਰੁਪਏ ਦੇ ਸਕਦਾ ਹਾਂ। ਮਹੀਨੇ 'ਚ ਘੱਟੋ-ਘੱਟ ਗੇੜਿਆਂ ਦੀ ਗਿਣਤੀ ਦਸ ਹੋਵੇਗੀ।' ਮਾਂ ਦੀ ਬਿਮਾਰੀ ਦੇ ਇਲਾਜ ਲਈ ਕਰਜੇ ਥੱਲ੍ਹੇ ਦੱਬਿਆ ਇਹ ਨੌਜਵਾਨ ਉਸ ਦੇ ਚੱਕਰ 'ਚ ਫਸ ਗਿਆ। ਇੱਕੋ ਸ਼ਹਿਰ 'ਚ ਤਿੰਨ ਤੋਂ ਪੰਜ ਕਿਲੋਮੀਟਰ ਦੇ ਫ਼ਾਸਲੇ 'ਤੇ ਸਮੈਕ ਦਾ ਪੈਕੇਟ ਫੜਾਉਣਾ ਤੇ ਪੈਸੇ ਫੜਨੇ। ਉਹ ਅਜਿਹੇ ਤੀਹ ਤੋਂ ਵੱਧ ਚੱਕਰ ਲਾਉਣ ਤੋਂ ਬਾਅਦ ਹੀ ਪੁਲੀਸ ਦੇ ਹੱਥ ਆਇਆ। ਜੇਲ੍ਹ 'ਚੋਂ ਵਾਪਸ ਆਉਣ ਤੋਂ ਬਾਅਦ ਇੱਕ ਵਰ੍ਹੇ ਦੇ ਅੰਦਰ ਹੀ ਉਹ ਇੱਕ ਗ੍ਰਾਮ ਸਮੈਕ ਪ੍ਰਤੀ ਦਿਨ ਪੀਣ ਦਾ ਆਦੀ ਹੋ ਗਿਆ ਤੇ ਉਸੇ ਗ੍ਰੋਹ ਦਾ ਸਰਗਰਮ ਮੈਂਬਰ ਬਣ ਗਿਆ।

ਇੱਕ ਹੋਰ ਨੌਜਵਾਨ ਸ਼ਾਪਿੰਗ ਮਾਲਜ਼ 'ਚ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨੇ ਤੇ ਸਕਿਊਰਟੀ ਗਾਰਡ ਦੀ ਡਿਊਟੀ ਕਰਨ ਲੱਗਾ। ਬੂਟ, ਕਮੀਜ਼ ਤੇ ਪਹਿਨਣ-ਪਰਚਣ ਵਾਲੀ ਹਰ ਚੀਜ਼ ਦਾ ਮੁੱਲ ਉਸ ਦੀ ਮਹੀਨੇ ਦੀ ਤਨਖ਼ਾਹ ਤੋਂ ਵੱਧ ਸੀ। ਮਨ 'ਚ ਉੱਠਦੇ ਖ਼ਿਆਲਾਂ ਨੂੰ ਉਹ ਬਹੁਤੀ ਦੇਰ ਰੋਕ ਨਾ ਸਕਿਆ ਤੇ ਤਿੰਨ ਦਿਨਾਂ ਦੀ ਛੁੱਟੀ ਲੈ ਕੇ ਮੂੰਹ ਢਕ ਕੇ ਉੱਥੇ ਹੀ ਲੁੱਟਣ ਆ ਗਿਆ। ਅਜਿਹੇ ਹਾਲਾਤ 'ਚ ਚੋਰੀ ਵਿੱਚ ਫਸੇ ਨੌਜਵਾਨਾਂ ਦੀ ਸੂਚੀ ਵੀ ਬਹੁਤ ਲੰਬੀ ਹੈ। ਮਾਪਿਆਂ, ਸਮਾਜ ਤੇ ਰੁਜ਼ਗਾਰ ਦੇ ਪਿਆਰ ਅਤੇ ਸਤਿਕਾਰ ਵਿਹੂਣੇ ਨੌਜਵਾਨ ਅਕਸਰ ਹੀ ਨਸ਼ਿਆਂ ਅਤੇ ਜ਼ੁਰਮਾਂ ਦੀ ਦਲਦਲ 'ਚ ਫਸ ਜਾਂਦੇ ਹਨ। ਇੱਕ ਨੌਜਵਾਨ ਤੋਂ ਪੰਜ ਗ੍ਰਾਮ ਸਮੈਕ ਬਰਾਮਦ ਹੋਈ ਲੇਕਿਨ ਇਹ ਪੱਕੀ ਸੂਚਨਾ ਸੀ ਕਿ ਉਸ ਨੇ ਉਸ ਸਵੇਰੇ ਹੀ ਸੌ ਗ੍ਰਾਮ ਸਮੈਕ ਖ਼ਰੀਦੀ ਹੈ। ਪੁੱਛ-ਗਿੱਛ ਦੌਰਾਨ ਉਸ ਨੇ ਦੱਸਿਆ ਕਿ ਉਹ ਅੱਗੇ ਚੌਹ ਥਾਵਾਂ 'ਤੇ



Sri Satguru Jagjit Singh Ji eLibrary NamdhariElibrary@gmail.com

ਵੇਚ ਚੁੱਕਿਆ ਹੈ। ਅਗਲੀ ਛਾਣ-ਬੀਣ ਕਰਦਿਆਂ ਪਹਿਲੇ ਵਿਅਕਤੀ ਨੇ ਦੱਸਿਆ ਕਿ ਵੀਹ ਗ੍ਰਾਮ ਸਮੈਕ ਪੱਚੀ ਹਜ਼ਾਰ 'ਚ ਵੇਚ ਦਿੱਤੀ ਹੈ। ਜਦ ਉਸ ਤੋਂ ਵੱਟਤ ਦੀ ਰਕਮ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਉਸ ਨੇ ਲੇਡੀਜ਼ ਸੂਟ ਖ਼ਰੀਦ ਲਏ ਹਨ। ਇੱਕ ਕਮਰੇ ਵਾਲੇ ਉਸ ਘਰ ਦੇ ਇੱਕ ਖੂੰਜੇ ਨਵੇਂ ਸੂਟਾਂ ਦਾ ਢੇਰ ਪਿਆ ਸੀ। ਉਸ ਨੇ ਕਿਹਾ, 'ਕੰਮ 'ਚ ਘਾਟਾ ਪੈ ਗਿਆ, ਉਧਾਰ ਸੂਟ ਕੋਈ ਦਿੰਦਾ ਨਹੀਂ ਸੀ, ਮੈਥੋਂ ਗ਼ਲਤੀ ਹੋ ਗਈ ਹੈ।' ਫੇਰੀ ਲਾਉਂਦੇ ਉਸ ਨੌਜਵਾਨ ਨੇ ਜੇਲ੍ਹ ਅੰਦਰ ਦਾਖ਼ਲ ਹੁੰਦਿਆਂ ਦੋ-ਤਿੰਨ ਵਾਰ ਪਿੱਛੇ ਮੁੜ ਕੇ ਦੇਖਿਆ ਤੇ ਫਿਰ ਉਸ ਦੀਆਂ ਅੱਖਾਂ 'ਚੋਂ ਹੰਝੂ ਵਗਣ ਲੱਗੇ। ਸਕੂਲ ਵਿਦਿਆਰਥੀ ਜਿਵੇਂ ਡਰਾਇੰਗ ਦੇ ਪੀਰੀਅਡ 'ਚ ਫੁੱਲ-ਬੂਟੀਆਂ ਨੂੰ ਟਰੇਸਿੰਗ ਪੇਪਰ 'ਤੇ ਟਰੇਸ ਲੈਂਦੇ ਹਨ, ਇਵੇਂ ਹੀ ਨਸ਼ਿਆਂ ਤੇ ਚੋਰੀਆਂ ਸੰਬੰਧੀ ਜੇਲ੍ਹ 'ਚ ਬੰਦ ਨੌਜਵਾਨਾਂ ਦੇ ਜੀਵਨ ਟਰੇਸ ਕੀਤੇ ਜਾਣ ਤਾਂ ਮੂਲ ਰੂਪ 'ਚ ਅਜਿਹੀਆਂ ਤਸਵੀਰਾਂ ਹੀ ਸਾਡੇ ਸਾਹਮਣੇ ਆਉਣਗੀਆਂ।

ਇੱਕ ਲੜਕਾ ਚੌਦਾਂ ਸਾਲ ਦੀ ਉਮਰ 'ਚ ਹੀ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਪਾਠ ਕਰਨ ਲੱਗਿਆ। ਆਵਾਜ਼ ਦੀ ਮਿਠਾਸ ਤੇ ਉਸ ਦੇ ਘਰੇਲੂ ਹਾਲਾਤ ਕਾਰਨ, ਤਿੰਨ ਵਰ੍ਹਿਆਂ ਬਾਅਦ ਹੀ ਉਸ ਨੇ ਗੁਰੂ ਘਰ ਦਾ ਪੂਰਾ ਕੰਮ ਸੰਭਾਲ ਲਿਆ। ਉਹ ਰੋਜ਼ ਸਵੇਰੇ ਤਿੰਨ ਵਜੇ ਉੱਠਦਾ, ਨਹਾ ਧੋ ਕੇ ਚਾਰ ਵਜੇ ਮਹਾਰਾਜ ਪ੍ਰਕਾਸ਼ ਕਰਦਾ ਤੇ ਲੋਕਾਂ ਨੂੰ ਜਗਾਉਂਦਾ, 'ਉਠੋ ਭਾਈ ਅੰਮ੍ਰਿਤ ਵੇਲਾ ਹੋ ਗਿਆ, ਇਸ਼ਨਾਨ ਕਰੋ ਤੇ ਨਾਮ ਜਪੋ।' ਪਿੰਡ ਦੇ ਸਵਾ ਸੌ ਤੋਂ ਵੱਧ ਘਰ ਹਨ, ਹਰ ਘਰ ਪੀਪਾ-ਪੀਪਾ ਦਾਣਿਆਂ ਦਾ ਹਾੜੀ-ਸਾਉਣੀ ਉਸ ਨੂੰ ਦਿੰਦਾ ਰਿਹਾ। ਇਹ ਸੇਵਾ ਨਿਭਾਉਂਦਿਆਂ ਹੀ ਉਸਦਾ ਵਿਆਹ ਹੋਇਆ ਤੇ ਉਸ ਨੇ ਦੋ ਪਸ਼ੂ ਵੀ ਰੱਖ ਲਏ ਸਨ। ਇਹ ਸਫ਼ਰ ਪੰਦਰ੍ਹਾਂ ਵਰ੍ਹੇ ਨਿਰੰਤਰ ਜਾਰੀ ਰਿਹਾ। ਲੇਕਿਨ ਪਿਛਲੇ ਵਰ੍ਹੇ ਦੇ ਸ਼ੁਰੂ 'ਚ ਪਿੰਡ ਦੋ ਧੜਿਆਂ 'ਚ ਵੰਡਿਆ ਗਿਆ। ਥਾਣੇ ਤੇ ਕਚਹਿਰੀਆਂ ਉੱਪਰ ਦੀ ਘੁੰਮ ਕੇ ਇੱਕ ਧੜੇ ਨੇ ਇੱਕ ਦਿਨ ਇਹ ਮੰਗ ਵੀ ਰੱਖ ਦਿੱਤੀ ਕਿ ਅਸੀਂ ਇਹ ਪਾਠੀ ਰੱਖਣਾ ਨਹੀਂ ਚਾਹੁੰਦੇ। ਇੱਥੋਂ ਹੀ ਉਸ ਨੌਜਵਾਨ ਦਾ ਜੀਵਨ ਥਿੜਕਣ ਲੱਗਾ। ਵਿਸਾਖੀ ਦੇ ਦਿਹਾੜੇ ਉਸ ਨੇ 'ਉੱਠੋ ਭਾਈ, ਅੰਮ੍ਰਿਤ ਵੇਲਾ, ਇਸ਼ਨਾਨ ਕਰੋ ਤੇ ਨਾਮ ਜਪੋ' ਸ਼ਬਦ ਥਿੜਕਦੀ ਆਵਾਜ਼ 'ਚ ਬੋਲੇ ਸਨ। ਇਹ ਉਸ ਦਾ ਗੁਰੂ ਘਰ 'ਚ ਆਖ਼ਰੀ ਦਿਨ ਸੀ। ਹੁਣ ਉਹ ਰੇਤਾ ਵੇਚਣ ਦਾ ਧੰਦਾ ਕਰਨ ਬਾਰੇ ਸੋਚਣ ਲੱਗਾ।

ਸ਼ਹਿਰ ਤੋਂ ਦਰਿਆ ਵਾਲੇ ਪਾਸੇ ਵਸੇ ਉਸ ਪਿੰਡ ਦੇ ਕਈ ਨੌਜਵਾਨ ਰੇਤਾ ਵੇਚਣ ਦਾ ਧੰਦਾ ਕਰਦੇ ਸਨ। ਆਪਣੇ ਹਿੱਸੇ ਦੀ ਦੋ ਕਨਾਲ ਜ਼ਮੀਨ ਉਸ ਨੇ ਡੇਢ ਲੱਖ ਰੁਪਏ 'ਚ ਵੇਚ ਕੇ ਕਿਸ਼ਤਾਂ 'ਤੇ ਪੰਜ ਲੱਖ ਤੋਂ ਉੱਪਰ ਕੀਮਤ ਦਾ ਟਰੈਕਟਰ ਕਢਵਾਇਆ। ਬਾਕੀ ਪੈਸੇ ਦੀਆਂ ਤਿੰਨ-ਤਿੰਨ ਮਹੀਨਿਆਂ ਬਾਅਦ ਚਾਲੀ-ਚਾਲੀ



Sri Satguru Jagjit Singh Ji eLibrary NamdhariElibrary@gmail.com

ਹਜ਼ਾਰ ਦੀਆਂ ਕਿਸ਼ਤਾਂ ਹੋ ਗਈਆਂ। ਅਠਾਨਵੇਂ ਹਜ਼ਾਰ ਦੀ ਉਸ ਨੇ ਪੁਰਾਣੀ ਟਰਾਲੀ ਖ਼ਰੀਦੀ, ਸੱਠ ਹਜ਼ਾਰ ਦੀਆਂ ਦੋਵੇਂ ਮੱਝਾਂ ਵੇਚੀਆਂ, ਅਠਾਈ ਹਜ਼ਾਰ ਦੀਆਂ ਪਤਨੀ ਦੀਆਂ ਵੰਗਾਂ ਤੇ ਦਸ ਹਜ਼ਾਰ ਉਧਾਰ ਕਰ ਲਿਆ। ਚਾਰ-ਪੰਜ ਮਹੀਨੇ ਉਸ ਦਾ ਕੰਮ ਚੰਗਾ ਚੱਲਿਆ। ਫਿਰ ਅਣ-ਅਧਿਕਾਰਤ ਖੁਦਾਈ ਤੇ ਸਖ਼ਤੀ ਹੋਣ ਕਾਰਨ ਉਸ ਵਿਰੁੱਧ ਮੁਕੱਦਮਾ ਦਰਜ ਹੋਇਆ ਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਜ਼ਮਾਨਤ 'ਤੇ ਆ ਕੇ ਉਹ ਢਹਿੰਦੀਆਂ ਕਲਾ 'ਚ ਸੀ। ਲੇਕਿਨ ਹੋਰ ਅਜਿਹਾ ਕੰਮ ਕਰਦੇ ਲੋਕਾਂ ਨੇ ਉਸ ਨੂੰ ਸਮਝਾਇਆ ਕਿ ਰਾਤ ਨੂੰ ਲੁਕ-ਛਿਪ ਕੇ, ਕੁਝ ਨਹੀਂ ਹੁੰਦਾ। ਦੂਜੀ ਵਾਰ ਜਦੋਂ ਉਹ ਜੇਲ੍ਹ ਗਿਆ ਤਾਂ ਉਹ ਰੇਤੇ ਦੀ ਟਰਾਲੀ ਸਮੇਤ ਅੱਧੀ ਰਾਤ ਵੇਲੇ ਫੜਿਆ ਗਿਆ ਸੀ। ਟਰੈਕਟਰ ਦੀਆਂ ਕਿਸ਼ਤਾਂ ਨੇ ਉਸ ਨੂੰ ਰੇਤੇ ਦੇ ਧੰਦੇ ਲਈ ਮਜਬੂਰ ਕੀਤਾ ਤੇ ਤੀਜੀ ਵਾਰ ਵੀ ਉਹ ਮੁਕੱਦਮਾ ਦਰਜ ਹੋਣ ਉਪਰੰਤ ਜੇਲ੍ਹ ਗਿਆ। ਜ਼ਮਾਨਤ ਹੋਣ ਤੇ ਉਹ ਕਿਸ਼ਤ ਉਤਾਰਨ ਲਈ ਕਿਸੇ ਘਰ ਚਾਲੀ ਹਜ਼ਾਰ ਰੁਪਏ ਮੰਗਣ ਗਿਆ। ਉਨ੍ਹਾਂ ਅਸਮਰੱਥਾ ਪ੍ਰਗਟਾਈ ਲੇਕਿਨ ਉੱਥੇ ਬੈਠੇ ਇੱਕ ਹੋਰ ਵਿਅਕਤੀ ਨੇ ਉਸ ਨੂੰ ਕਿਹਾ ਕਿ ਰੁਪਏ ਤਾਂ ਮੈਂ ਨਹੀਂ ਦੇ ਸਕਦਾ ਪਰ ਤੇਰਾ ਮਸਲਾ ਹੱਲ ਹੋ ਸਕਦਾ ਹੈ। ਉਸ ਨੂੰ ਮੋਬਾਇਲ ਫ਼ੋਨ ਕਰ ਕੇ ਅਗਲੇ ਦਿਨ ਹੀ ਸ਼ਹਿਰ ਬੁਲਾਇਆ ਗਿਆ। ਹਥੇਲੀ ਜਿੱਡੇ ਕਾਗਜ਼ ਦੀਆਂ ਤਿੰਨ-ਚਾਰ ਤੈਹਾਂ ਲਾ ਕੇ ਉਸ ਦੀ ਪੱਗ ਦੇ ਲੜ ਥੱਲੇ ਛੁਪਾਉਂਦਿਆਂ ਉਸ ਵਿਅਕਤੀ ਨੇ ਕਿਹਾ, ਇੱਕ ਪੁੜੀ ਪਹੁੰਚਾਉਣ ਦਾ ਦੋ ਸੌ ਰੁਪਇਆ ਮਿਲੇਗਾ। ਜੱਕੋ-ਤੱਕੀ 'ਚ ਉਸ ਵਿਅਕਤੀ ਨੇ ਪਹਿਲੇ ਦਿਨ ਦੋ ਪੁੜੀਆਂ ਟਿਕਾਣੇ 'ਤੇ ਪਹੁੰਚਾਈਆਂ ਪਰ ਉਸੇ ਦਿਨ ਹੀ ਉਹ ਇਸ ਕੰਮ ਤੋਂ ਤੋਬਾ ਕਰਨ ਲੱਗਾ, ਕਹਿੰਦਾ ਡਰ ਬਹੁਤ ਲਗਦਾ ਹੈ। 'ਤੇਰੇ ਡਰ ਦਾ ਇਲਾਜ ਵੀ ਹੈਗਾ ਮੇਰੇ ਕੋਲ', ਉਸ ਵਿਅਕਤੀ ਨੇ ਕਿਹਾ। ਫਿਰ ਨਾਂਹ-ਨੁੱਕਰ ਕਰਦਿਆਂ ਉਸ ਨੂੰ ਸਮੈਕ ਦਾ ਸੂਟਾ ਤੀਜੇ ਦਿਨ ਲਵਾਇਆ ਗਿਆ ਸੀ। ਉਸ ਦਾ ਸਿਰ ਚਕਰਾਉਣ ਲੱਗਾ ਤੇ ਉਸ ਨੂੰ ਉਲਟੀ ਆ ਗਈ। ਉਸ ਤੋਂ ਮਹੀਨਾ ਕੁ ਬਾਅਦ ਉਹ ਨੌਜਵਾਨ ਸਮੈਕ ਦੀਆਂ ਪੰਦਰ੍ਹਾਂ ਪੁੜੀਆਂ ਸਮੇਤ ਫੜਿਆ ਗਿਆ। ਜਦ ਉਸ ਨੂੰ ਚੌਥੀ ਵਾਰ ਜੇਲ੍ਹ ਭੇਜਣ ਲੱਗੇ ਤਾਂ ਉਹ ਧਾਹਾਂ ਮਾਰ ਕੇ ਰੋਇਆ, ਕਹਿੰਦਾ ਜੇਲ੍ਹ ਨਾ ਭੇਜੋ ਗੁਰਦੁਆਰਾ ਸਾਹਿਬ ਹੀ ਦੁਆਰਾ ਬਿਠਾ ਦਿਉ।

ਜੁਲਾਈ ਦਾ ਮਹੀਨਾ, ਗਿਆਰ੍ਹਾਂ ਵਜੇ ਦਾ ਵੇਲਾ, ਡਲਹੌਜ਼ੀ ਦਾ ਨਹਿਰੂ ਚੌਂਕ, ਕਾਲੀਆਂ ਘਟਾਵਾਂ ਚੜ੍ਹ ਕੇ ਆਈਆਂ ਪਰ ਮੀਂਹ ਨਾ ਪਿਆ। ਚੌਵੀ ਕੁ ਵਰ੍ਹਿਆਂ ਦਾ ਇੱਕ ਨੌਜਵਾਨ ਟੈਂਪੂ 'ਚੋਂ ਸਬਜ਼ੀ ਦੀ ਬੋਰੀ ਉਤਾਰ ਕੇ ਚੌਂਕ ਦੇ ਇੱਕ ਪਾਸੇ ਬੈਠ ਗਿਆ ਸੀ। ਜਿਸ ਦੁਕਾਨ ਦੇ ਬਾਹਰ ਅਸੀਂ ਚਾਹ ਪੀਣ ਬੈਠੇ, ਉਸਦਾ ਮਾਲਕ ਤੇਜ਼ੀ ਨਾਲ ਉਸ ਕੋਲ ਗਿਆ ਤੇ ਦੋ ਕਿਲੋ ਟਮਾਟਰ ਖ਼ਰੀਦ ਲਿਆਇਆ।



Sri Satguru Jagjit Singh Ji eLibrary NamdhariElibrary@gmail.com

ਉਸ ਨੇ ਦੱਸਿਆ ਕਿ ਇਸ ਮੁੰਡੇ ਦਾ ਪਿੰਡ ਇੱਥੋਂ ਦਸ ਕਿਲੋਮੀਟਰ ਦੂਰ ਚੰਬਾ ਰੋਡ 'ਤੇ ਹੈ। ਇਹ ਹਫ਼ਤੇ 'ਚ ਦੋ ਦਿਨ ਟਮਾਟਰ ਲੈ ਕੇ ਆਉਂਦਾ ਹੈ। ਇਸ ਦੇ ਟਮਾਟਰ ਜੈਵਿਕ ਢੰਗ ਨਾਲ ਉਗਾਏ ਹੋਏ ਤੇ ਬਜ਼ਾਰ ਨਾਲੋਂ ਪੰਜ ਰੁਪਏ ਪ੍ਰਤੀ ਕਿਲੋ ਸਸਤੇ ਹੁੰਦੇ ਹਨ। ਅਸੀਂ ਬਾਹਰ ਬੈਂਚ 'ਤੇ ਬੈਠੇ ਸੀ ਤੇ ਉਹ ਸਾਥੋਂ ਵੀਹ-ਪੱਚੀ ਮੀਟਰ ਫ਼ਾਸਲੇ 'ਤੇ ਹੀ ਸੀ। ਚਾਹ ਦਾ ਪਿਆਲਾ ਫੜ ਮੈਂ ਉਸ ਦੇ ਪਿੱਛੇ ਜਾ ਖੜ੍ਹਾ ਹੋਇਆ। ਦਸ ਕੁ ਮਿੰਟਾਂ 'ਚ ਹੀ ਖ਼ਰੀਦਦਾਰਾਂ ਦੀ ਲਾਈਨ ਲੱਗ ਗਈ ਸੀ। ਟਮਾਟਰਾਂ ਦੀ ਬੋਰੀ 'ਚੋਂ ਤਿੰਨ ਗੋਲ ਬੈਂਗਣ ਤੇ ਚਾਰ ਸ਼ਿਮਲਾ ਮਿਰਚਾਂ ਵੀ ਸਨ। ਲਾਲ, ਹਰੇ ਤੇ ਜਾਮਣੀ ਰੰਗ ਦੀ ਤਾਜ਼ਗੀ ਅੱਖਾਂ ਨੂੰ ਧੂਹ ਪਾਉਣ ਵਾਲੀ ਸੀ। ਉਸ ਨੇ ਕਾਗਜ਼ ਦੇ ਇੱਕ ਟੁਕੜੇ ਤੇ ਬੋਰੀ 'ਚੋਂ ਨਿਕਲੇ ਤਿੰਨ ਬੈਂਗਣਾਂ ਨਾਲ ਚਾਰ ਟਮਾਟਰ ਤੇ ਦੂਜੇ ਟੁਕੜੇ ਤੇ ਚਾਰ ਸ਼ਿਮਲਾ ਮਿਰਚਾਂ ਨਾਲ ਤਿੰਨ ਟਮਾਟਰ ਰੱਖ ਦਿੱਤੇ ਅਤੇ ਦੋਵਾਂ ਤੇ ਵੀਹ-ਵੀਹ ਰੁਪਏ ਮੁੱਲ ਲਿਖ ਦਿੱਤਾ। ਇੰਝ ਲਿਖਦਿਆਂ ਉਸ ਨੇ ਪੈੱਨ ਚੁੱਕਿਆ ਵੀ ਨਹੀਂ ਸੀ ਕਿ ਦੋਵੇਂ ਕਾਗਜ਼ਾਂ ਵਾਲੀਆਂ ਸਬਜ਼ੀਆਂ ਵਿਕ ਗਈਆਂ ਸਨ। ਅੱਧੇ ਘੰਟੇ 'ਚ ਉਹ ਨੌਜਵਾਨ ਸਾਰੀ ਸਬਜ਼ੀ ਵੇਚ ਕੇ ਵਿਹਲਾ ਹੋ ਗਿਆ। ਪੰਜਾਂ-ਦਸਾਂ ਦੇ ਨੋਟ ਗਿਣਦਾ-ਗਿਣਦਾ ਉਹ ਪਹਾੜੀ ਢਲਾਣ ਉਤਰਨ ਲੱਗਾ, ਉਸ ਦੇ ਕਦਮਾਂ 'ਚੋਂ ਕਿਰਤ ਦੀ ਛਣਕਾਰ ਸੁਣਾਈ ਦੇਣ ਲੱਗੀ। ਇਹ ਘਟਨਾ ਕਿਰਤ ਦੇ ਰੰਗਾਂ ਤੇ ਖ਼ੁਸ਼ਬੋਆਂ ਅਤੇ ਕਿਰਤੀ ਜੀਵਨ ਦੀਆਂ ਖ਼ੁਸ਼ੀਆਂ ਤੇ ਖੇੜਿਆਂ ਦੀ ਅਮਿੱਟ ਛਾਪ ਛੱਡ ਗਈ। ਕਾਮਾ ਉਥੋਂ ਚਲਾ ਗਿਆ ਪਰ ਕਿਰਤ ਦੀ ਖ਼ੁਸ਼ਬੋ ਮੌਜੂਦ ਸੀ।

ਪੰਜਾਬ ਪ੍ਰਾਂਤ 'ਚ ਖੇਤੀ ਦੀ ਖੜੋਤ ਨੂੰ ਦੂਰ ਕਰਨ ਲਈ ਡੇਅਰੀ ਬਹੁਤ ਹੀ ਲਾਹੇਵੰਦ ਧੰਦਾ ਸਾਬਤ ਹੋ ਸਕਦਾ ਸੀ ਲੇਕਿਨ ਅਜਿਹਾ ਹੋ ਨਹੀਂ ਸਕਿਆ। ਕਾਲੇ ਧਨ ਦਾ ਤੇਜ਼ ਵਹਾਅ ਹੱਥਾਂ-ਪੈਰਾਂ ਨਾਲ ਕੀਤੀ ਮਿਹਨਤ ਦੇ ਮੁੱਲ ਨੂੰ ਵਹਾਅ ਕੇ ਲੈ ਗਿਆ। ਉਸੇ ਥਾਂ 'ਤੇ ਕਾਮਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਘਾਹ-ਫੂਸ ਤੇ ਕੰਡਿਆਲੀਆਂ ਝਾੜੀਆਂ ਉੱਗ ਆਈਆਂ ਹਨ। ਦਰਅਸਲ ਖੇਤ ਤੇ ਪਸ਼ੂ, ਰੋਟੀ ਤੇ ਦੁੱਧ, ਕੁਦਰਤ ਤੇ ਕਿਰਤ, ਮਨੁੱਖੀ ਜ਼ਿੰਦਗੀ ਲਈ ਸੁਨਹਿਰੀ ਸੇਜ ਹੈ। ਇੱਕ ਸਵੇਰ ਵੇਰਕਾ ਮਿਲਕ ਪਲਾਂਟ ਦੇ ਸੇਲ ਬੂਥ 'ਚ ਇਹ ਸੁਹੱਪਣ ਮਾਨਣ ਦਾ ਮੌਕਾ ਮਿਲਿਆ। ਦੁੱਧ ਦੀਆਂ ਅੱਧੇ ਤੇ ਇੱਕ ਲੀਟਰ ਦੀਆਂ ਪੌਲੀਥੀਨ ਪੈਕਿੰਗਾਂ ਤੋਂ ਇਲਾਵਾ ਲੱਸੀ ਇੱਕ ਲੀਟਰ ਦੀ ਪੈਕਿੰਗ, ਮੈਂ ਇਨ੍ਹਾਂ ਠੰਢੇ-ਠਾਰ ਪੈਕਟਾਂ ਨੂੰ ਹੱਥਾਂ 'ਚ ਫੜਿਆ ਤੇ ਮੱਥੇ ਨਾਲ ਲਾਇਆ। ਗੱਤੇ ਦੀ ਡੱਬੀ ਵਾਲੀ ਦੋ ਸੌ ਮਿਲੀਲੀਟਰ, ਮਿੱਠੀ, ਨਮਕੀਨ ਤੇ ਗੁਲਾਬ ਦੀ ਸੁਗੰਧ ਵਾਲੀ ਲੱਸੀ ਦੀਆਂ ਤਿੰਨ ਕਿਸਮਾਂ ਸਨ। ਦਹੀਂ ਤੇ ਪਨੀਰ ਦੀਆਂ ਪੈਕਿੰਗਾਂ ਦੇਖ ਕੇ ਮੂੰਹ 'ਚ ਪਾਣੀ ਭਰ ਆਇਆ। ਮੱਖਣ ਦੀਆਂ ਦਸ ਤੋਂ ਪੰਜ ਸੌ ਗ੍ਰਾਮ ਤੱਕ ਦੀਆਂ ਦਿਲ ਖਿੱਚਵੀਆਂ ਚਾਰ ਪੈਕਿੰਗਾਂ ਸਨ। ਮੈਂ ਹਰ ਟੁਕੜੀ ਨੂੰ



Sri Satguru Jagjit Singh Ji eLibrary NamdhariElibrary@gmail.com

ਚੁੱਕਿਆ ਤੇ ਗਲ ਨਾਲ ਲਾਇਆ। ਘਿਉ ਦੀਆਂ ਗੱਤੇ ਤੇ ਟੀਨ ਵਾਲੀਆਂ ਦਸ ਤੋਂ ਵੱਧ ਪੈਕਿੰਗਾਂ ਸਨ। ਇਹ ਚੀਜ਼ਾਂ ਵੇਖਦਿਆਂ ਮੇਰੀ ਨਿਗ੍ਹਾ ਵੇਰਕਾ ਦੇ ਕੂਲਿੰਗ ਪਲਾਂਟ 'ਤੇ ਪਈ, ਮੀਂਹ ਪੈਣ ਵਾਂਗ ਪਾਈਪਾਂ ਤੋਂ ਡਿੱਗਦੇ ਪਾਣੀ ਦੇ ਤੁਪਕੇ ਸੁੰਦਰ ਦ੍ਰਿਸ਼ ਪੇਸ਼ ਕਰ ਰਹੇ ਸਨ। ਮੇਰੇ ਹੱਥ ਵਿੱਚ ਫੜੀ ਠੰਢਕ ਇੱਥੋਂ ਹੀ ਆ ਰਹੀ ਸੀ। ਜਦ ਮੈਂ ਉੱਠਣ ਲੱਗਾ ਤਾਂ ਵੇਰਕਾ ਦੇ ਸੇਲਜ਼ ਮੈਨੇਜ਼ਰ ਨੇ ਮੁਸਕਰਾਉਂਦਿਆ ਹੋਇਆ ਇੱਕ ਡੱਬੀ ਤੋਂ ਢੱਕਣ ਲਾਹਿਆ ਤੇ ਆਖਿਆ ਜਰਾ ਵੇਰਕਾ ਦੀ ਖੀਰ ਦਾ ਸੁਆਦ ਦੇਖੋ। ਕਾਸ਼ ਇਸ ਮੁਸਕਰਾਹਟ ਤੇ ਮਿਠਾਸ ਦਾ ਅਨੰਦ ਇਨ੍ਹਾਂ ਪਦਾਰਥਾਂ ਨੂੰ ਪੈਦਾ ਕਰਨ ਵਾਲੇ ਵੀ ਮਾਣ ਸਕਦੇ ਹੁੰਦੇ। ਲੇਕਿਨ ਉਨ੍ਹਾਂ ਦੇ ਬੱਚੇ ਜ਼ਿੰਦਗੀ ਦੀ ਆਰਥਿਕ ਥਕਾਵਟ ਤੋਂ ਘਬਰਾ ਕੇ ਨਸ਼ਿਆਂ ਦੇ ਰਾਹ ਪੈ ਗਏ ਹਨ। ਕਮਾਈ ਦੇ ਅਸਿੱਧੇ ਢੰਗਾਂ ਨੇ ਕਿਰਤ ਦੀ ਸਤਰੰਗੀ ਪੀਂਘ ਨੂੰ ਕਾਲੇ ਰੰਗ ਨਾਲ ਢਕ ਲਿਆ ਹੈ।

ਸਤੰਬਰ ਦਾ ਦੂਜਾ ਪੰਦਰਵਾੜਾ, ਦਿਨ ਛਿਪਣ ਦਾ ਵੇਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਖੋਜ ਖੇਤਰ, ਦੂਰ-ਦੁਰਾਡੇ ਤੱਕ ਝੋਨੇ, ਤਿਲ, ਮੂੰਗਫਲੀ, ਕਪਾਹ, ਨਰਮੇ, ਮੱਕੀ ਤੇ ਕਮਾਦ ਦੀਆਂ ਤਜਰਬੇ ਦੇ ਤੌਰ 'ਤੇ ਉਗਾਈਆਂ ਫ਼ਸਲਾਂ, ਹਰੇ ਰੰਗ ਦੇ ਸ਼ੇਡ ਕੁਦਰਤ ਦੇ ਸੁਹੱਪਣ ਦਾ ਅਦਭੁਤ ਨਮੂਨਾ ਪੇਸ਼ ਕਰ ਰਹੀਆਂ ਸਨ। ਇਨ੍ਹਾਂ ਖੇਤਾਂ ਦੇ ਇੱਕ ਪਾਸੇ ਦੂਰ ਤੱਕ ਪਹੀ ਤੇ ਦੂਸਰੇ ਪਾਸੇ ਦੋ ਉਚੀਆਂ-ਲੰਮੀਆਂ ਟਾਹਲੀਆਂ ਦੇ ਰੁੱਖ ਹਨ। ਝੋਨੇ ਦੀ ਫ਼ਸਲ ਸਾਹਮਣੇ ਕਪਾਹ, ਮੱਕੀ, ਤਿਲ, ਮੂੰਗਫ਼ਲੀ ਤੇ ਕਮਾਦ ਦੇ ਖੇਤਾਂ ਵਿਚਕਾਰ ਦੀ ਸਾਫ਼-ਸੁਥਰਾ ਘੜਿਆ ਹੋਇਆ ਖਾਲ਼ ਭਰ ਕੇ ਵਗਦਾ ਸੀ। ਮੱਕੀ ਦੇ ਖੇਤ ਨੂੰ ਪਾਣੀ ਲੱਗ ਰਿਹਾ ਸੀ, ਗਿੱਲੀ ਮਿੱਟੀ ਦੀ ਖ਼ੁਸ਼ਬੋ ਤੇ ਟਾਂਡਿਆਂ ਦੇ ਬਾਵੂਆਂ ਦੀ ਮਹਿਕ, ਹਵਾ ਦੇ ਬੁੱਲਿਆਂ ਨੇ ਦੋਵੇਂ ਸੁਗੰਧੀਆਂ ਆਪਸ 'ਚ ਰਲਾ-ਮਿਲਾ ਦਿੱਤੀਆਂ ਸਨ। ਨਹਿਰ ਵੱਲ ਨੂੰ ਜਾਂਦੀ ਪੰਛੀਆਂ ਦੀ ਡਾਰ ਢਲਦੇ ਸੂਰਜ ਨੂੰ ਕਈ ਹਿੱਸਿਆਂ 'ਚ ਵੰਡਣ ਲੱਗੀ। ਅਗੇਤੇ ਝੋਨੇ ਦੀਆਂ ਲਸਰਾਂ, ਕਾਲੇ ਤਿਲਾਂ ਦੇ ਚਿੱਟੇ ਫੁੱਲ, ਮੱਕੀ ਦੀਆਂ ਛੱਲੀਆਂ ਤੇ ਗੰਨੇ ਦੀਆਂ ਪੋਰੀਆਂ ਜਿਵੇਂ ਪ੍ਰਾਇਮਰੀ ਸਕੂਲ ਦੀਆਂ ਬੱਚੀਆਂ ਸਜ-ਧਜ ਕੇ ਸਕੂਲ ਆਈਆਂ ਹੋਣ। ਪਹੀ 'ਤੇ ਟਹਿਲਦਾ ਮੈਂ ਇਨ੍ਹਾਂ ਫ਼ਸਲਾਂ ਦੇ ਸੁਹੱਪਣ ਨੂੰ ਮਾਨਣ ਲੱਗਾ। ਡੁੱਬਦਾ ਸੂਰਜ ਜਿਸ ਤਰ੍ਹਾਂ ਅਸਤ ਹੋਣ ਤੋਂ ਪਹਿਲਾਂ ਸਭ ਕੁਝ ਲੁਟਾ ਦੇਣਾ ਚਾਹੁੰਦਾ ਹੋਵੇ, ਮੁੱਠੀਆਂ ਭਰ-ਭਰ ਕੇ ਸੁਨਹਿਰੀ ਰੰਗ ਅਸਮਾਨ 'ਚ ਬਿਖੇਰਨ ਲੱਗਾ। ਪਰ ਕੁਦਰਤ ਦੇ ਇੰਨੇ ਸੁਹੱਪਣ ਦੇ ਬਾਵਜੂਦ ਵੀ ਖੇਤਾਂ 'ਚ ਕੰਮ ਕਰਨ ਵਾਲੇ ਕਾਮੇ ਤੇ ਕਿਸਾਨ ਵਾਹੋ-ਦਾਹੀ ਖ਼ੁਦ-ਕੁਸ਼ੀਆਂ ਕਿਉਂ ਕਰ ਰਹੇ ਹਨ ?

ਇਸੇ ਮਹੀਨੇ ਇੱਕ ਜ਼ਿਲ੍ਹੇ 'ਚ ਇੱਕੋ ਦਿਨ ਵਾਪਰੀਆਂ ਤਿੰਨ ਘਟਨਾਵਾਂ ਦਾ ਜ਼ਿਕਰ ਹੈ। ਤੀਹ ਕੁ ਵਰ੍ਹਿਆਂ ਦੀ ਇੱਕ ਔਰਤ ਨੇ ਸ਼ਹਿਰ 'ਚ ਜ਼ਹਿਰ ਖਾ ਕੇ



Sri Satguru Jagjit Singh Ji eLibrary NamdhariElibrary@gmail.com

ਖ਼ੁਦਕੁਸ਼ੀ ਕੀਤੀ। ਇੱਕ ਪਿੰਡ 'ਚ ਕਿਸਾਨ ਨੇ ਪੱਖੇ ਨਾਲ ਫਾਹਾ ਲੈ ਲਿਆ ਸੀ। ਚੌਵੀ ਕੁ ਵਰ੍ਹਿਆਂ ਦਾ ਇੱਕ ਨੌਜਵਾਨ ਸਮੈਕ ਦੇ ਨਸ਼ੇ ਦੀ ਥੋੜ੍ਹ ਕਾਰਨ ਤੜਫਣ ਲੱਗਾ। ਉਸ ਦਾ ਸਰੀਰ ਕੰਬ ਰਿਹਾ ਸੀ। ਉਸ ਨੇ ਆਪਣੇ ਦੋ-ਤਿੰਨ ਸਾਥੀਆਂ ਨਾਲ ਮੋਬਾਇਲ ਫ਼ੋਨ 'ਤੇ ਗੱਲ-ਬਾਤ ਕੀਤੀ ਪਰ ਨਸ਼ੇ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਉਸ ਨੇ ਖੰਘ ਵਾਲੀ ਦਵਾਈ ਦੀ ਇੱਕ ਸ਼ੀਸ਼ੀ ਪੀਤੀ ਪਰ ਸਰੀਰਕ ਤੋੜ 'ਚ ਕੋਈ ਫ਼ਰਕ ਨਾ ਪਿਆ। ਉਸ ਦੀ ਗੰਭੀਰ ਹਾਲਤ ਦੇਖ ਕੇ ਉਸ ਦੇ ਦੋ ਸਾਥੀ ਉਸ ਨੂੰ ਨਹਿਰ ਦੇ ਇੱਕ ਪੁਲ 'ਤੇ ਉਤਾਰ ਕੇ ਤੇਜ਼ੀ ਨਾਲ ਵੱਖ-ਵੱਖਰੇ ਪਾਸੇ ਸਮੈਕ ਦੇ ਇੰਤਜ਼ਾਮ ਲਈ ਚਲੇ ਗਏ। ਉਸ ਨੌਜਵਾਨ ਨੇ ਦਿਨ ਛਿਪੇ ਤੱਕ ਆਪਣੇ ਸਾਥੀਆਂ ਨੂੰ ਉਡੀਕਿਆਂ, ਫਿਰ ਸਰੀਰਕ ਤੜਫ਼ ਨਾ ਸਹਾਰਦਾ ਹੋਇਆ ਨਹਿਰ 'ਚ ਛਾਲ ਮਾਰ ਕੇ ਮੁੱਕ ਗਿਆ।

•



Sri Satguru Jagjit Singh Ji eLibrary NamdhariElibrary@gmail.com

## ਇੱਕੋ ਦਿਨ ਵਾਪਰੀਆਂ ਘਟਨਾਵਾਂ

ਦੁਪਿਹਰ ਦੇ ਕਰੀਬ ਬਾਰਾਂ ਵਜੇ ਕੰਟਰੋਲ ਰੂਮ ਤੋਂ ਕਿਸੇ ਔਰਤ ਨੂੰ ਕਤਲ ਕਰ ਕੇ ਘਰ ਲੁੱਟ ਲੈ ਜਾਣ ਦੀ ਸੂਚਨਾ ਪ੍ਰਾਪਤ ਹੋਈ। ਅਸੀਂ ਪੰਦਰਾਂ ਕੁ ਮਿੰਟਾਂ ਵਿੱਚ ਉੱਥੇ ਪਹੁੰਚੇ। ਪਿੰਡ ਤੋਂ ਤਿੰਨ ਸੌ ਮੀਟਰ ਬਾਹਰ ਲਿੰਕ ਰੋਡ 'ਤੇ ਸਥਿਤ ਘਰ ਦੇ ਇੱਕ ਕਮਰੇ ਵਿੱਚ ਗੌਦਰੇਜ ਦੀ ਖੁੱਲ੍ਹੀ ਅਲਮਾਰੀ ਕੋਲ ਉਸ ਦੀ ਲਾਸ਼ ਪਈ ਸੀ। ਨੌ ਵਜੇ ਤੱਕ ਉਸ ਦਾ ਪਤੀ ਪੜ੍ਹਾਉਣ, ਛੋਟਾ ਪੁੱਤ ਸਕੂਲ ਤੇ ਵੱਡਾ ਪੁੱਤ ਜਿੰਮ ਚਲਾ ਗਿਆ। ਸਵੇਰ ਦਾ ਕੰਮ ਮੁਕਾ ਕੇ ਰੋਟੀ ਖਾਂਦੀ-ਖਾਂਦੀ ਉਹ ਟੈਲੀਵੀਜ਼ਨ ਵੇਖਣ ਲੱਗੀ ਤੇ ਫਿਰ ਲਹੂ ਨਾਲ ਲੱਥ-ਪੱਥ ਹੋਈ ਪਾਈ ਗਈ। ਉਸ ਦੇ ਜਿੰਮ ਜਾਣ ਵਾਲੇ ਪੁੱਤ ਨੇ ਹੀ ਆਪਣੀ ਮਾਂ ਨੂੰ ਦੋਵਾਂ ਹਾਲਤਾਂ ਵਿੱਚ ਆਖ਼ਰੀ ਵਾਰ ਵੇਖਿਆ ਸੀ।

ਉਸੇ ਪਿੰਡ ਦਾ ਇੱਕ ਵਿਅਕਤੀ ਕਤਲ ਹੋ ਚੁੱਕੀ ਉਸ ਔਰਤ ਦਾ ਸ਼ਰੀਕੇ ਵਿੱਚੋਂ ਦਿਓਰ ਲਗਦਾ ਹੈ। ਉਹ, ਅੱਠ-ਦਸ ਵਰ੍ਹੇ ਪਹਿਲਾਂ ਸ਼ਹਿਰ ਦੇ ਟੈਕਸੀ ਸਟੈਂਡ 'ਤੇ ਡਰਾਇਵਰੀ ਕਰਨ ਲੱਗਾ। ਕੈਪਸੂਲਾਂ ਤੋਂ ਸ਼ੁਰੂ ਹੋ ਕੇ ਉਹ ਪੋਸਤ ਵੀ ਖਾਣ ਲੱਗਾ। ਜਦੋਂ ਉਸ ਦਾ ਵਿਆਹ ਹੋਇਆ ਤਾਂ ਉਸ ਨੇ ਸਹੁਰਿਆਂ ਦੀ ਮੱਦਦ ਨਾਲ ਕਰਜ਼ਾ ਲੈ ਕੇ ਟਰੱਕ ਪਾ ਲਿਆ। ਜਦ ਉਹ ਪੰਦਰਾਂ-ਵੀਹ ਦਿਨਾਂ ਬਾਅਦ ਗੇੜਾ ਲਾ ਕੇ ਵਾਪਸ ਆਉਂਦਾ ਤਾਂ ਪਿੰਡ ਦੇ ਨਸ਼ਾ ਕਰਨ ਵਾਲੇ ਵਿਅਕਤੀ ਉਸ ਕੋਲ ਉੱਠਣ-ਬੈਠਣ ਲੱਗੇ। ਅਜਿਹੀਆਂ ਹਾਲਤਾਂ ਵਿੱਚ ਹੀ ਉਹ ਸਮੈਕ ਤੇ ਹੈਰੋਇਨ ਦਾ ਨਸ਼ਾ ਕਰਨ ਲੱਗਾ। ਹੁਣ ਉਸ ਦਾ ਟਰੱਕ ਲਾਗਲੇ ਪ੍ਰਾਂਤ ਵਿੱਚ ਖ਼ਰਾਬ ਹੋ ਗਿਆ ਸੀ ਤੇ ਉਹ ਘਰੋਂ ਪੈਸੇ ਲੈਣ ਲਈ ਆਇਆ ਹੋਇਆ ਸੀ। ਉਸ ਨੇ ਪੰਦਰਾਂ ਹਜ਼ਾਰ ਰੁਪਿਆ ਵਿਆਜ 'ਤੇ ਫੜਿਆ ਤੇ ਦਸ ਹਜ਼ਾਰ ਰੁਪਿਆ ਆਪਣੀ ਭੈਣ ਕੋਲੋਂ ਲੈ ਕੇ ਆਇਆ। ਲੇਕਿਨ ਉਸੇ ਸ਼ਾਮ ਹੀ ਗੱਡੀ ਦੀਆਂ ਕਿਸ਼ਤਾਂ ਲੈਣ ਵਾਲੇ ਆ ਪਹੁੰਚੇ ਤੇ ਉਹ ਵੀਹ ਹਜ਼ਾਰ ਰੁਪਿਆ ਲੈ ਗਏ। ਰਾਤ ਨੂੰ ਸੌਣ ਲੱਗਿਆਂ ਉਸ ਦੇ ਮਨ ਵਿੱਚ ਉਦਾਸੀ ਤੇ ਜ਼ਿੰਦਗੀ ਪ੍ਰਤੀ ਨਰਾਜ਼ਗੀ ਤੇ ਗੁੱਸਾ ਸੀ।

ਉਹ ਕੋਠੇ ਉੱਤੇ ਸੁੱਤਾ ਸੀ। ਗੱਡੀ ਠੀਕ ਕਰਾਉਣ ਲਈ ਘੱਟੋ-ਘੱਟ ਪੰਦਰਾਂ ਹਜ਼ਾਰ ਰੁਪਿਆ ਹੋਰ ਚਾਹੀਦਾ ਹੈ, ਉਸ ਦੀ ਅੱਖ ਖੁੱਲ੍ਹੀ ਤਾਂ ਇਹ ਸਵਾਲ ਝੱਟ-ਪੱਟ ਉਸ ਦੇ ਮਨ ਅੰਦਰ ਦਾਖ਼ਲ ਹੋਇਆ। ਉਸ ਦੇ ਮੋਬਾਈਲ ਫ਼ੋਨ ਦੀ ਘੰਟੀ ਵੱਜੀ, 'ਮੈਨੂੰ ਰਾਤ ਨੂੰ ਡਰ ਲਗਦਾ ਰਿਹਾ, ਰੋਟੀ ਲਈ ਮੇਰੇ ਕੋਲ ਪੈਸੇ ਵੀ ਨਹੀਂ ਹਨ



Sri Satguru Jagjit Singh Ji eLibrary NamdhariElibrary@gmail.com

ਜਲਦੀ ਆ ਜਾਣਾ।' ਇਹ ਰੋਣ ਹਾਕੇ ਹੋਏ ਗੱਡੀ ਦੇ ਕਲੀਨਰ ਮੁੰਡੇ ਦਾ ਫ਼ੋਨ ਸੀ। ਉੱਧਰ ਪਤਨੀ ਚਾਹ ਰੱਖ ਗਈ ਜੋ ਠੰਢੀ ਹੋ ਗਈ। ਉਸ ਨੇ ਮੋਬਾਈਲ ਫ਼ੋਨ ਤੇ ਪਿੰਡ ਦੇ ਦੋ-ਤਿੰਨ ਵਿਅਕਤੀਆਂ ਨੂੰ ਵਿਆਜ 'ਤੇ ਪੈਸੇ ਦਿਵਾਉਣ ਦਾ ਵਾਸਤਾ ਪਾਇਆ, 'ਪਤਨੀ ਦੇ ਗਹਿਣੇ ਤਾਂ ਮੈਂ ਪਹਿਲਾਂ ਹੀ ਗਿਰਵੀ ਰੱਖ ਚੁੱਕਿਆਂ ਹਾਂ,' ਇੱਕ ਸਵਾਲ ਦੇ ਉੱਤਰ ਵਿੱਚ ਉਸ ਨੇ ਆਖਿਆ। ਉਦਾਸੀ ਦੇ ਆਲਮ ਵਿੱਚ ਉਸ ਨੇ ਵਿਹੜੇ ਵੱਲ ਵੇਖਿਆ ਤੇ ਮੰਜੇ ਦੀ ਓਟ ਵਿੱਚ ਸਿਰ੍ਹਾਣੇ ਹੇਠੋਂ ਸਮਾਨ ਚੁੱਕ ਕੇ ਹੈਰੋਇਨ ਦੇ ਸੂਟੇ ਲਾਉਣ ਲੱਗਾ। ਬੇਚੈਨੀ ਵਿੱਚ ਉਸ ਨੇ ਤਿੰਨ ਦੀ ਥਾਂ ਨਸ਼ੇ ਦੀਆਂ ਛੇ ਲਾਈਨਾਂ ਲਾਈਆਂ। ਕੋਠੇ ਖੜ੍ਹ ਕੇ ਉਸ ਨੇ ਪਿੰਡ ਦੇ ਚਾਰ-ਚੁਫ਼ੇਰੇ ਨਿਗ੍ਹਾ ਮਾਰੀ ਤੇ ਉਸ ਬਦ-ਕਿਸਮਤ ਘਰ 'ਤੇ ਆ ਕੇ ਉਸ ਦੀ ਨਿਗ੍ਹਾ ਰੁਕ ਗਈ। 'ਮਾਸਟਰ ਤੋਂ ਮੰਗਦੇ ਆਂ' ਉਸ ਨੇ ਆਪਣੇ ਆਪ ਨੂੰ ਬੋਲ ਕੇ ਸੁਣਾਇਆ ਤੇ ਉਧਰ ਨੂੰ ਚੱਲ ਪਿਆ।

ਉਹ ਔਰਤ ਭਾਂਡੇ ਧੋ ਰਹੀ ਸੀ। ਉਹ ਵਿਅਕਤੀ ਬਣ ਰਹੇ ਘਰ ਦੇ ਦਰਵਾਜ਼ੇ ਕੋਲ ਬੈਠ ਗਿਆ ਤੇ ਉਸ ਨਾਲ ਗੱਲਾਂ ਕਰਨ ਲੱਗਾ। ਵਾਸਤਾ ਜਿਹਾ ਪਾ ਕੇ ਉਸ ਨੇ ਪੰਦਰਾਂ ਹਜ਼ਾਰ ਰੁਪਿਆ ਮੰਗਿਆ ਤੇ ਔਰਤ ਨੇ ਬੇਵੱਸੀ ਪ੍ਰਗਟਾਈ। ਕਚੀਚੀ ਵੱਟ ਕੇ ਉਹ ਔਰਤ ਨੂੰ ਵਾਲਾਂ ਤੋਂ ਫੜ ਕੇ ਅਲਮਾਰੀ ਤੱਕ ਲੈ ਗਿਆ। ਪੰਜ ਹਜ਼ਾਰ ਰੁਪਏ ਹੀ ਸਨ ਪਰ ਉਸ ਨੂੰ ਯਕੀਨ ਨਹੀਂ ਆਇਆ। ਔਰਤ ਚੀਕਾਂ ਮਾਰਨ ਲੱਗੀ ਤੇ ਉਸ ਵਿਅਕਤੀ ਨੇ ਪੇਟੀ ਤੋਂ ਕੈਂਚੀ ਚੁੱਕ ਕੇ ਉਸ ਦੇ ਸਰੀਰ ਵਿੱਚ ਖੋਭ ਦਿੱਤੀ। ਉਹ ਬੇਹੋਸ਼ ਹੋ ਕੇ ਡਿੱਗ ਪਈ ਤੇ ਫਰਸ਼ 'ਤੇ ਖ਼ੂਨ ਵਗਣ ਲੱਗਾ। ਉਸ ਵਿਅਕਤੀ ਨੇ ਹਥੌੜਾ ਚੁੱਕਿਆ ਤੇ ਉਸ ਔਰਤ ਦੇ ਸਿਰ 'ਤੇ ਦੋ ਵਾਰ ਕੀਤੇ। ਜਦ ਉਸ ਵਿਅਕਤੀ ਨੇ ਚੈਨੀ ਤੇ ਟੌਪਸ ਲਾਹੇ ਤਾਂ ਉਸ ਔਰਤ ਦਾ ਕੋਈ ਕੋਈ ਸਾਹ ਚਲਦਾ ਸੀ। ਘਰ ਆ ਕੇ ਉਸ ਨੇ ਖ਼ੂਨ ਨਾਲ ਲਿਬੜਿਆ ਪਜਾਮਾ ਧੋਤਾ ਤੇ ਇੱਕ ਪਾਸਿਓਂ ਗੋਡੇ ਤੱਕ ਟੰਗ ਲਿਆ। ਮੋਟਰਸਾਈਕਲ ਵਾਲੇ ਆਪਣੇ ਇੱਕ ਸਾਥੀ ਨੂੰ ਨਾਲ ਲੈ ਕੇ ਉਨ੍ਹਾਂ ਨੇ ਵੀਹ ਕਿਲੋਮੀਟਰ ਦੂਰੋਂ ਉਸ ਪੰਜ ਹਜ਼ਾਰ ਰੁਪਏ ਵਿੱਚੋਂ ਇੱਕ ਹਜ਼ਾਰ ਦਾ ਪੋਸਤ ਖ਼ਰੀਦਿਆ। ਵਾਪਸ ਮੁੜਦਿਆਂ ਉਸ ਨੇ ਕਲੀਨਰ ਮੁੰਡੇ ਲਈ ਹੋਟਲ ਮਾਲਕ ਦੇ ਖਾਤੇ ਵਿੱਚ ਪੰਦਰਾਂ ਸੌ ਰੁਪਿਆ ਪਾ ਦਿੱਤਾ। ਜਦ ਉਹ ਪਿੰਡ ਵੜ ਰਹੇ ਸਨ ਤਾਂ ਸੂਰਜ ਛਿਪ ਰਿਹਾ ਸੀ। ਉਸ ਔਰਤ ਦੀ ਚਿਖਾ ਨੂੰ ਅੱਗ ਵਿਖਾਈ ਜਾ ਰਹੀ ਸੀ, ਉਹ ਵਿਅਕਤੀ ਮੋਟਰਸਾਈਕਲ ਤੋਂ ਉੱਤਰ ਮਲਕੜੇ ਜਿਹੇ ਉਸ ਇਕੱਠ ਵਿੱਚ ਸ਼ਾਮਲ ਹੋ ਗਿਆ।

ਇੱਕ ਹੋਰ ਨੌਜਵਾਨ ਦੋ ਵਰ੍ਹੇ ਪਹਿਲਾਂ ਆਪਣੀ ਮਾਂ ਨਾਲ ਮੈਨੂੰ ਮਿਲਿਆ ਸੀ। ਛਾਂਟਵਾਂ ਸਰੀਰ, ਤਿੱਖਾ ਨੱਕ, ਪਤਲੇ ਬੁੱਲ੍ਹ, ਸਿਰ ਦੇ ਵਾਲ ਹਲਕੇ ਜਿਹੇ ਧੌਣ ਤੇ ਲੰਮਕਦੇ ਹੋਏ, ਉਸ ਨੇ ਚਿੱਟਾ ਕੁੜਤਾ ਪਜਾਮਾ ਪਾਇਆ ਹੋਇਆ ਸੀ। ਪਹਿਲੀ



Sri Satguru Jagjit Singh Ji eLibrary NamdhariElibrary@gmail.com

ਨਜ਼ਰੇ ਉਹ ਮੈਨੂੰ ਕਿਸੇ ਮਲਕੀ ਦਾ ਕੀਮਾ ਜਾਪਿਆ ਪਰ ਮੇਰਾ ਸੁਪਨਾ ਝੱਟ-ਪੱਟ ਟੁੱਟਿਆ। ਦਰਅਸਲ ਉਹ ਨੌਜਵਾਨ ਕਬੱਡੀ ਖੇਡਦਾ-ਖੇਡਦਾ ਹੈਰੋਇਨ ਦੇ ਨਸ਼ੇ ਦਾ ਆਦੀ ਹੋ ਗਿਆ ਸੀ। ਮਾਂ-ਪੁੱਤ ਨੇ ਮੇਰੇ ਤੋਂ ਨਸ਼ਾ-ਛਡਾਊ ਕੇਂਦਰਾਂ ਦੀ ਜਾਣਕਾਰੀ ਹਾਸਲ ਕੀਤੀ ਤੇ ਉਹ ਨੌਜਵਾਨ ਅਜਿਹੇ ਹੀ ਇੱਕ ਕੇਂਦਰ ਵਿੱਚ ਦਾਖ਼ਲ ਹੋ ਗਿਆ। ਇੱਕ ਕੇਂਦਰ ਤੋਂ ਦੂਜਾ, ਤੀਜਾ ਨਸ਼ਾ-ਛਡਾਊ ਕੇਂਦਰ, ਮਾਂ-ਪੁੱਤ ਨੇ ਜੱਦੋ-ਜਹਿਦ ਸ਼ੁਰੂ ਕੀਤੀ ਪਰ ਵਰ੍ਹਾ ਬੀਤ ਜਾਣ ਤੇ ਵੀ ਉਹ ਨੌਜਵਾਨ ਨਸ਼ਾ ਛੱਡ ਨਾ ਸਕਿਆ। ਇਮਤਿਹਾਨ ਵਿੱਚ ਬੈਠਾ ਕੋਈ ਵਿਦਿਆਰਥੀ ਜਿਵੇਂ ਔਖਾ ਸਵਾਲ ਹੱਲ ਨਾ ਹੁੰਦਾ ਵੇਖ ਕੇ ਅਗਲਾ ਸਵਾਲ ਸ਼ੁਰੂ ਕਰ ਲੈਂਦਾ ਹੈ ਇਵੇਂ ਹੀ ਮਾਂ ਨੇ ਉਸ ਨੂੰ ਵਿਦੇਸ਼ ਭੇਜਣ ਦਾ ਰਾਹ ਚੁਣਿਆ ਪਰ ਏਜੰਟਾਂ ਹੱਥੋਂ ਲੁੱਟ ਨਾਲ ਇਸ ਯਤਨ ਦਾ ਜਲਦੀ ਹੀ ਅੰਤ ਹੋ ਗਿਆ। ਹੁਣ ਮਾਂ-ਪੁੱਤ ਨੇ ਫ਼ੈਸਲਾ ਲਿਆ ਕਿ ਜਿੰਨੀ ਦੇਰ ਨਸ਼ਾ ਛੱਡ ਨਹੀਂ ਹੁੰਦਾ ਓਨੀ ਦੇਰ ਕੇਂਦਰ ਤੋਂ ਬਾਹਰ ਨਹੀਂ ਆਉਣਾ। ਚਾਰ ਮਹੀਨੇ ਮਾਂ ਉਸ ਦੇ ਕੋਲ ਹੀ ਰਹੀ। ਉਸ ਔਰਤ ਨੂੰ ਤਿਉਹਾਰਾਂ ਦੇ ਦਿਨਾਂ ਤੋਂ ਡਰ ਆਉਂਦਾ ਹੈ, ਅਜਿਹੇ ਦਿਨਾਂ ਦੌਰਾਨ ਹੀ ਉਸ ਦਾ ਪਤੀ ਉਸ ਦੀ ਜ਼ਿੰਦਗੀ ਵਿੱਚੋਂ ਸਰਕ ਗਿਆ ਸੀ। ਤਿਉਹਾਰਾਂ ਦੇ ਦਿਨ ਆਉਣ ਵਾਲੇ ਹਨ, ਘਰ ਨੂੰ ਝਾੜ-ਸੰਵਾਰ ਹੀ ਲਵਾਂ, ਅਜਿਹੀ ਡਾਵਾਂ-ਡੋਲ ਮਨੋ-ਦਸ਼ਾ ਵਿੱਚੋਂ ਗੁਜ਼ਰਦਿਆਂ ਉਹ ਔਰਤ ਪੁੱਤ ਨੂੰ ਪੰਦਰਾਂ ਦਿਨ ਦੀ ਛੁੱਟੀ ਦਿਵਾ ਕੇ ਘਰ ਪਹੁੰਚੀ।

ਤੀਜੇ ਚੌਥੇ ਦਿਨ ਸਰੀਰਕ ਤੋੜ ਨਾ ਸਹਾਰਦਿਆਂ ਹੋਇਆਂ ਉਸ ਨੌਜਵਾਨ ਨੇ ਨਸ਼ਾ ਖ਼ਰੀਦਿਆ ਤੇ ਮਾਂ ਨੂੰ, ਨਹਾ ਕੇ ਰੋਟੀ ਖਾਣ ਲਈ ਆਖਿਆ। ਮਾਰੂਥਲ ਵਿੱਚ ਭਟਕਦਾ ਕੋਈ ਤਿਹਾਇਆ ਜੀਵ ਜਿਵੇਂ ਪਾਣੀ ਮਿਲਣ ਤੇ ਆਫ਼ਰ ਕੇ ਮਰ ਜਾਂਦਾ ਹੈ, ਇਹੋ ਹਾਲ ਉਸ ਨੌਜਵਾਨ ਦਾ ਹੋਇਆ। ਨਾੜ ਵਿੱਚ ਲਾਇਆ ਟੀਕਾ ਓਵਰਡੋਜ਼ ਸੀ। ਉਸ ਦੀ ਲਾਸ਼ ਨੂੰ ਦਰਵਾਜ਼ਾ ਭੰਨ ਕੇ ਚੁੱਕਿਆ ਗਿਆ। ਜਦੋਂ ਮੈਂ ਔਰਤ ਦੇ ਕਤਲ ਦੀ ਵਾਰਦਾਤ ਤੋਂ ਵਾਪਸ ਮੁੜ ਰਿਹਾ ਸੀ ਤਾਂ ਮੈਨੂੰ ਉਸ ਨੌਜਵਾਨ ਦੀ ਸਸਕਾਰ ਤੋਂ ਪਹਿਲਾਂ ਦੀ ਫੋਟੋ ਵਟਸਐਪ 'ਤੇ ਪ੍ਰਾਪਤ ਹੋਈ। ਫੋਟੋ ਹੇਠਾਂ ਲਿਖਿਆ ਹੋਇਆ ਸੀ, 'ਡਰਗ ਡੀ-ਐਡਿਕਸ਼ਨ ਫੇਲੂਅਰ।' ਜਦ ਉਹ ਨੌਜਵਾਨ ਪਹਿਲੀ ਵਾਰ ਮੈਨੂੰ ਮਿਲਿਆ ਸੀ, ਉਸ ਦੇ ਕੁੜਤੇ-ਪਜਾਮੇ ਵਰਗਾ ਹੀ ਚਿੱਟਾ ਕੱਪੜਾ ਉਸ ਉੱਪਰ ਪਾਇਆ ਹੋਇਆ ਸੀ ਪਰ ਹੁਣ ਉਹ ਮੈਨੂੰ ਕਿਸੇ ਮਾਂ ਦਾ ਪੂਰਨ ਜਾਪਿਆ, ਹਾਲਤਾਂ ਨੇ ਜਿਸ ਦੇ ਹੱਥ ਪੈਰ ਵੱਢ ਕੇ ਉਸ ਨੂੰ ਖੂਹ ਵਿੱਚ ਸੁੱਟਵਾ ਦਿੱਤਾ ਹੋਵੇ।

ਸ਼ਾਮ ਵੇਲੇ ਮੈਨੂੰ ਇੱਕ ਕਾਲਜ ਵਿੱਚ ਯੂਥ ਫੈਸਟੀਵਲ ਵੇਖਣ ਦਾ ਮੌਕਾ ਮਿਲਿਆ। ਭੰਗੜੇ ਦੀ ਸ਼ੁਰੂਆਤ ਹੋਣ ਲੱਗੀ ਸੀ। ਅਲਗੋਜ਼ਿਆਂ ਦੀ ਆਵਾਜ਼ 'ਤੇ ਬੋਲੀਆਂ ਪਾਉਣ ਵਾਲੇ ਨੌਜਵਾਨ ਦੇ ਦਿਲ ਟੁੰਬਵੇਂ ਬੋਲ ਸਨ, 'ਇਹ ਧਰਤੀ ਦੇਸ



Sri Satguru Jagjit Singh Ji eLibrary NamdhariElibrary@gmail.com

ਪੰਜਾਬ ਦੀ, ਏਥੇ ਛੈਲ ਛਬੀਲੇ ਗੱਭਰੂ ਅੱਲੜ੍ਹ ਮੁਟਿਆਰਾਂ।' ਗਾਣਿਆਂ ਦੀ ਵੀਡਿਓ ਬਣਾਉਣ ਵਾਲੇ ਜਿਵੇਂ ਤਸਵੀਰਾਂ ਅਤੇ ਅਵਾਜ਼ਾਂ ਦੀ ਮਿਕਸਿੰਗ ਤੇ ਰੀਮਿਕਸਿੰਗ ਕਰ ਲੈਂਦੇ ਹਨ, ਇਵੇਂ ਹੀ ਮੇਰਾ ਮਨ ਦਿਨ ਦੀਆਂ ਦੋਵੇਂ ਘਟਨਾਵਾਂ, ਸਟੇਜ 'ਤੇ ਭੰਗੜਾ ਪਾਉਂਦੇ ਮੁੰਡਿਆਂ ਤੇ ਗਿੱਧੇ ਦੀ ਵਾਰੀ ਉਡੀਕਦੀਆਂ ਕੁੜੀਆਂ ਦੀਆਂ ਤਸਵੀਰਾਂ ਤੇ ਯਾਦਾਂ ਦੀ ਰੀਮਿਕਸਿੰਗ ਕਰਨ ਲੱਗਾ। ਕਦੇ ਸਟੇਜ 'ਤੇ ਭੰਗੜਾ ਪਾਉਂਦੇ ਮੁੰਡੇ ਅਚਾਨਕ ਚਿੱਟੀ ਚਾਦਰ ਲੈ ਕੇ ਪੈ ਜਾਂਦੇ ਤੇ ਕਦੇ ਕੋਈ ਵਿਅਕਤੀ ਗਿੱਧੇ ਵਾਲੀਆਂ ਕੁੜੀਆਂ ਦੇ ਸਿਰਾਂ ਵਿੱਚ ਹਥੌੜੇ ਮਾਰਨ ਲੱਗ ਜਾਂਦਾ। ਇਨ੍ਹਾਂ ਮੁੰਡੇ-ਕੁੜੀਆਂ ਨੂੰ ਧੌਣ ਘੁਮਾ ਕੇ ਮੈਂ ਦੋ-ਤਿੰਨ ਵਾਰ ਵੇਖਿਆ ਤੇ ਅੱਖਾਂ ਬੰਦ ਕਰ ਕੇ ਦਿਨ ਦੀਆਂ ਘਟਨਾਵਾਂ ਨੂੰ ਦੁਬਾਰਾ ਚਿਤਵਿਆ। ਇੱਕ ਕੁੜੀ ਨੇ ਅਚਾਨਕ ਆਪਣੇ ਸਿਰ 'ਤੇ ਚਿੱਟੀ ਚੁੰਨੀ ਲੈ ਲਈ ਸੀ। ਲਹੂ-ਲੁਹਾਨ ਹੋਈਆਂ ਔਰਤਾਂ ਦੀਆਂ ਚੀਕਾਂ ਸੁਣਾਈ ਦੇਣ ਲੱਗੀਆਂ। ਮੈਂ ਅੱਖਾਂ ਖੋਲ੍ਹੀਆਂ, ਮੈਨੂੰ ਤ੍ਰੇਲੀ ਆ ਚੁੱਕੀ ਸੀ। ਮੈਂ ਆਪਣਾ ਸੱਜਾ ਹੱਥ ਖੱਬੇ ਹੱਥ 'ਤੇ ਰੱਖ ਕੇ ਵੇਖਿਆ, ਮੇਰਾ ਸਰੀਰ ਠੰਢਾ ਸੀਤ ਹੋਇਆ ਪਿਆ ਸੀ।

•



Sri Satguru Jagjit Singh Ji eLibrary NamdhariElibrary@gmail.com

# ਨਸ਼ਿਆਂ ਦਾ ਸੰਤਾਪ ਹੰਢਾਉਂਦੀਆਂ ਔਰਤਾਂ

ਪਤੀ ਪਤਨੀ ਦਾ ਝਗੜਾ ਪੁਲੀਸ ਵੋਮੈਨ ਸੈੱਲ ਤੱਕ ਆ ਪਹੁੰਚਿਆ ਸੀ। ਪਤੀ ਨਸ਼ੇ ਦੀ ਲੋੜ ਪੂਰੀ ਕਰਦਿਆਂ-ਕਰਦਿਆਂ ਘਰ ਦੀਆਂ ਚੀਜ਼ਾਂ ਵਸਤਾਂ ਵੇਚਣ ਲੱਗਾ। ਉਂਗਲ ਵਿੱਚ ਪਈ ਇੱਕ ਛਾਪ ਤੇ ਕੰਨਾਂ ਵਿੱਚ ਪਾਏ ਦੋ ਕਾਂਟਿਆਂ ਤੋਂ ਇਲਾਵਾ ਉਸ ਨੇ ਇੱਕ-ਇੱਕ ਕਰ ਕੇ ਔਰਤ ਦੇ ਸਾਰੇ ਗਹਿਣੇ ਵੀ ਵੇਚ ਦਿੱਤੇ ਸਨ। ਇੱਕ ਦਿਨ ਨਸ਼ੇ ਦੀ ਲੋੜ ਪੂਰੀ ਕਰਨ ਲਈ ਉਸ ਨੇ ਆਪਣੀ ਪਤਨੀ ਨੂੰ ਦੁੱਧ ਵਿੱਚ ਨੀਂਦ ਵਾਲੀਆਂ ਗੋਲੀਆਂ ਪਾ ਕੇ ਰਾਤ ਨੂੰ ਉਸ ਦੇ ਕਾਂਟੇ ਵੀ ਉਤਾਰ ਲਏ। ਇਹ ਘਟਨਾ ਪੰਚਾਇਤੀ ਤਲਾਕਨਾਮੇ ਲਈ ਆਖ਼ਰੀ ਘਟਨਾ ਸਾਬਤ ਹੋਈ। ਧੀ ਮਾਂ ਦੀ ਚੁੰਨੀ ਦਾ ਲੜ ਫੜ ਕੇ ਉਸ ਦੇ ਮਗਰ-ਮਗਰ ਤੁਰਨ ਲੱਗੀ ਤੇ ਉਸਦਾ ਅੱਠ ਕੁ ਵਰ੍ਹਿਆਂ ਦਾ ਪੁੱਤ ਉਸ ਦੀ ਦਾਦੀ ਮਾਂ ਨੇ ਗੋਦ ਚੁੱਕ ਲਿਆ। ਉਦੋਂ ਤੱਕ ਔਰਤ ਦਾ ਸ਼ਿੰਗਾਰ ਦੋਵੇਂ ਕਾਂਟੇ ਹੈਰੋਇਨ ਦਾ ਧੂੰਆਂ ਬਣ ਕੇ ਉਸ ਨੌਜਵਾਨ ਦੇ ਹੱਡਾਂ ਵਿੱਚ ਰਚ ਚੁੱਕੇ ਸਨ।

ਛੱਬੀ ਕੁ ਵਰ੍ਹਿਆਂ ਦੀ ਔਰਤ ਆਪਣੇ ਪਤੀ ਨੂੰ ਨਸ਼ਿਆਂ ਤੋਂ ਰੋਕਦੀ ਤਾਂ ਘਰ ਵਿੱਚ ਕਲੇਸ਼ ਹੁੰਦਾ। ਇੰਝ ਰੁਸ-ਰੁਸੇਵਾਂ ਕਈ ਵਾਰ ਹੋਇਆ। ਚਾਰ ਕੁ ਵਰ੍ਹਿਆਂ ਦੇ ਸਫ਼ਰ ਵਿੱਚ ਉਨ੍ਹਾਂ ਦੇ ਘਰ ਪੁੱਤ ਤੇ ਧੀ ਨੇ ਜਨਮ ਲਿਆ ਤੇ ਉਸ ਵਿਅਕਤੀ ਨੇ ਸਮੈਕ ਤੇ ਹੈਰੋਇਨ ਦਾ ਮਹਿੰਗਾ ਨਸ਼ਾ ਕਰਦੇ-ਕਰਦੇ ਚਾਰਾਂ ਵਿੱਚੋਂ ਦੋ ਖੇਤ ਵੇਚ ਦਿੱਤੇ ਸਨ। ਜ਼ਮੀਨ ਦੇ ਇੱਕ ਹੋਰ ਟੁਕੜੇ ਨੂੰ ਵੇਚਣ ਲਈ ਕਾਗਜ਼ ਤਿਆਰ ਹੋਣ ਲੱਗੇ ਤਾਂ ਉਸ ਕੁੜੀ ਨੇ ਮਾਲ ਮਹਿਕਮੇ ਤੇ ਪੁਲੀਸ ਦਾ ਦਰਵਾਜ਼ਾ ਖੜਕਾਇਆ। ਪੰਚਾਇਤੀ ਤੌਰ 'ਤੇ ਇੱਕ ਵਾਰ ਫਿਰ ਸਮਝੌਤਾ ਹੋ ਗਿਆ ਸੀ। ਖੋਗੀ ਪਤੀ ਨੇ ਪਤਨੀ ਤੋਂ ਪੰਚਾਇਤ ਤੇ ਥਾਣੇ ਵਿੱਚ ਹੋਈ ਪਰਿਵਾਰ ਦੀ ਬੇਇਜ਼ਤੀ ਦਾ ਬਦਲਾ ਲੈਣ ਲਈ ਉਸ ਨੂੰ ਵੀ ਨਸ਼ੇ 'ਤੇ ਲਾ ਦਿੱਤਾ ਸੀ। ਉਹ ਰਾਤ ਦੀ ਰੋਟੀ ਵੇਲੇ ਪੋਸਤ ਦਾ ਇੱਕ ਚਮਚਾ ਪਤਨੀ ਦੀ ਦਾਲ ਵਿੱਚ ਚੋਰੀ ਛਿਪੇ ਘੋਲ ਦਿੰਦਾ। ਦੋ ਮਹੀਨਿਆਂ ਬਾਅਦ ਜਦ ਉਹ ਔਰਤ ਪੇਕੇ ਘਰ ਆਈ ਤਾਂ ਉਸ ਦਾ ਸਰੀਰ ਟੁੱਟਣ ਲੱਗਾ। ਪਿੰਡ ਦੇ ਹਸਪਤਾਲ ਤੋਂ ਸ਼ਹਿਰ ਦੇ ਹਸਪਤਾਲ ਤੱਕ ਪਰ ਮਰਜ਼ ਦਾ ਕੋਈ ਪਤਾ ਹੀ ਨਾ ਲੱਗੇ। ਸਰੀਰ ਟੁੱਟਦਾ ਰਹਿੰਦਾ, ਪਿੰਜਣੀਆਂ 'ਚੋਂ ਜਿਵੇਂ ਜਾਨ ਨਿਕਲਦੀ ਹੋਵੇ, ਬੇਚੈਨੀ ਤੇ ਘਬਰਾਹਟ, ਬਿਮਾਰੀ ਦੇ ਲੱਛਣ ਲੱਭਦਿਆਂ-ਲੱਭਦਿਆਂ ਪੋਸਤ ਤੇ ਅਫੀਮ ਦੇ ਨਸ਼ੇ ਦੀ ਤੋੜ ਦੇ ਲੱਛਣਾਂ ਦੀਆਂ ਪੈੜਾਂ ਨਜ਼ਰ ਆਈਆਂ ਸਨ।



Sri Satguru Jagjit Singh Ji eLibrary NamdhariElibrary@gmail.com

ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤੋਂ ਉਤਸ਼ਾਹਿਤ ਹੋ ਕੇ ਇੱਕ ਬੁੱਢੀ ਮਾਂ ਨੇ ਨਸ਼ਈ ਜਵਾਈ ਵਿਰੁੱਧ ਸੂਚਨਾ ਦਿੱਤੀ। ਉਸ ਦੀਆਂ ਦੋਹਤੀਆਂ ਜਵਾਨੀ ਦੇ ਬੂਹੇ 'ਤੇ ਆ ਖਲੋਤੀਆਂ ਸਨ ਲੇਕਿਨ ਉਸ ਦਾ ਜਵਾਈ ਨਸ਼ਿਆਂ ਦੀ ਲੋੜ ਪੂਰੀ ਕਰਦਾ-ਕਰਦਾ ਜਾਇਦਾਦ ਦਾ ਵੱਡਾ ਹਿੱਸਾ ਵੇਚ ਚੁੱਕਾ ਸੀ। ਹੁਣ ਉਸ ਦਾ ਜਵਾਈ ਦੋ ਖੇਤ ਇਕੱਠੇ ਵੇਚਣ ਦੀ ਤਿਆਰੀ ਕਰ ਰਿਹਾ ਸੀ। ਬੁੱਢੀ ਮਾਂ ਨੇ ਕਚਹਿਰੀ ਦੇ ਗੇੜਿਆਂ ਦੀ ਪੂਰੀ ਕੰਨਸੋਅ ਰੱਖੀ। ਉਸ ਨੇ ਦੋਵੇਂ ਦੋਹਤੀਆਂ ਨੂੰ ਨਾਲ ਲੈ ਕੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਦਰਖ਼ਾਸਤ ਦਿੱਤੀ ਕਿ ਬੱਚੀਆਂ ਦੀ ਜਾਇਦਾਦ ਉਨ੍ਹਾਂ ਦਾ ਬਾਪ ਅੱਗੇ ਨਾ ਵੇਚ ਸਕੇ। ਇਸੇ ਦਰਖ਼ਾਸਤ ਦੀ ਇੱਕ ਕਾਪੀ ਲੈ ਕੇ ਉਹ ਤਿੰਨੋਂ ਮੇਰੇ ਦਫ਼ਤਰ ਵੀ ਆਈਆਂ ਸਨ। ਇਸ਼ਾਰੇ ਨਾਲ ਦੋਵੇਂ ਕੁੜੀਆਂ ਨੂੰ ਦਫ਼ਤਰ ਤੋਂ ਬਾਹਰ ਭੇਜ, ਉਹ ਨਸ਼ਿਆਂ ਬਾਰੇ ਸੂਚਨਾ ਦੇਣ ਲੱਗੀ। ਨਸ਼ਾ ਖ਼ਰੀਦਣ ਵਾਲਿਆਂ ਦਾ ਸਮਾਂ, ਪੁੜੀਆਂ ਕਿੱਥੇ-ਕਿੱਥੇ ਪਈਆਂ ਹੁੰਦੀਆਂ ਹਨ ਤੇ ਪੈਸੇ ਦੀ ਸੰਭਾਲ ਕਿਵੇਂ ਤੇ ਕਿੱਥੇ ਕੀਤੀ ਜਾਂਦੀ ਹੈ, ਉਸ ਨੇ ਦੱਬਵੀਂ ਅਵਾਜ਼ ਵਿੱਚ ਹਾਲਾਤ ਨੂੰ ਪੂਰੇ ਵਿਸਥਾਰ ਨਾਲ ਖੋਲ੍ਹਿਆ। ਅਗਲੀ ਸਵੇਰ ਹੀ ਛਾਪਾ ਮਾਰਿਆ ਗਿਆ। ਨਸ਼ਿਆਂ ਦਾ ਤਸਕਰ ਜੇਲ੍ਹ ਚੱਲਿਆ ਗਿਆ ਤੇ ਬੁੱਢੀ ਮਾਂ ਕੋਲ ਬੈਠ ਕੇ ਨਸ਼ਈ ਜਵਾਈ ਦਾ ਇਲਾਜ ਕਰਾਉਣ ਲੱਗੀ।

ਸਾਲ 2014 ਫਿਰੋਜ਼ਪੁਰ ਜ਼ਿਲ੍ਹੇ ਦੇ ਇੱਕ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਹੋਈ, 'ਨਸ਼ਾ ਕਰਨ ਵਾਲਾ ਕੋਈ ਨੌਜਵਾਨ ਇਲਾਜ ਕਰਾਉਣਾ ਚਾਹੁੰਦਾ ਹੈ ਤਾਂ ਉਹ ਗੁਰਦੁਆਰਾ ਸਾਹਿਬ ਕੋਲ ਪਹੁੰਚੇ।' ਸਰਪੰਚ ਨਾਲ ਪਹਿਲਾਂ ਹੀ ਦੋ-ਤਿੰਨ ਨੌਜਵਾਨ ਤੇ ਚਾਰ-ਪੰਜ ਵਿਅਕਤੀ ਉਧਰ ਨੂੰ ਆ ਰਹੇ ਸਨ। ਪ੍ਰਸ਼ਾਸਨ ਦੀ ਸਹਾਇਤਾ ਨਾਲ ਨੌਜਵਾਨਾਂ ਨੂੰ ਨਸ਼ਾ ਛੁਡਾਉਣ ਲਈ ਨਸ਼ਾ ਛੁਡਾਊ ਕੇਂਦਰਾਂ ਤੱਕ ਲਿਜਾਇਆ ਜਾ ਰਿਹਾ ਸੀ। ਜਦ ਇਹ ਅਨਾਊਂਸਮੈਂਟ ਹੋ ਰਹੀ ਸੀ ਤਾਂ ਇੱਕ ਨੌਜਵਾਨ ਸਮੈਕ ਦਾ ਟੀਕਾ ਲਾਉਣ ਵਿੱਚ ਮਗਨ ਸੀ। ਪਤਨੀ ਨੇ ਇਲਾਜ ਦਾ ਵਾਸਤਾ ਪਾਇਆ ਤਾਂ ਉਹ ਗੰਦੀਆਂ ਗਾਲਾਂ ਕੱਢਣ ਲੱਗਾ। ਉਸ ਲੜਕੀ ਨੇ ਸੌ ਨੰਬਰ ਤੋਂ ਮੇਰਾ ਮੋਬਾਇਲ ਨੰਬਰ ਲਿਆ ਤੇ ਉਪਰੋਕਤ ਸਾਰੀ ਘਟਨਾ ਸਾਂਝੀ ਕੀਤੀ। ਇੱਕ ਘੰਟੇ ਬਾਅਦ ਉਹ ਵਿਅਕਤੀ ਮੇਰੇ ਦਫ਼ਤਰ ਸੀ, ਉਦੋਂ ਉਹ ਸਮੈਕ ਦੇ ਨਸ਼ੇ ਵਿੱਚ ਗੁੱਟ ਸੀ। ਸਰਿੰਜਾਂ, ਲਾਇਟਰ, ਅਲੂਮੀਨੀਅਮ ਫੋਆਇਲ ਦੇ ਅੱਧ-ਜਲੇ ਟੁਕੜੇ, ਉਸ ਦੇ ਘਰੋਂ ਨਸ਼ਾ ਕਰਨ ਦੀਆਂ ਹੋਰ ਨਿਸ਼ਾਨੀਆਂ ਵੀ ਮਿਲੀਆਂ ਸਨ। ਟੀਕੇ ਲਾ-ਲਾ ਕੇ ਉਸ ਦੀ ਹਰ ਨਾੜ ਵਿੰਨ੍ਹੀ ਪਈ ਸੀ। ਮੈਂ ਉਸ ਦੀ ਬਾਂਹ ਫੜ ਕੇ ਟੀਕਿਆਂ ਦੇ ਨਿਸ਼ਾਨ ਵੇਖਣ ਲੱਗਾ। ਗੁੱਟ ਤੇ ਦੋ ਤਿੰਨ ਖਰੀਂਡ, ਦੋ ਤਾਜ਼ੇ ਜ਼ਖ਼ਮ, ਕੂਹਣੀ 'ਤੇ ਲੱਗੇ ਹੋਏ ਟੀਕਿਆਂ ਦੇ ਨਿਸ਼ਾਨਾਂ ਦੀ ਲੰਬੀ ਲਾਈਨ ਅਤੇ ਹੁਣ ਉਸ ਦੇ ਪੱਟ ਦੀਆਂ ਨਾੜਾਂ ਦੀ ਵਾਰੀ ਸੀ। ਮੈਂ ਉਸ ਨਾਲ ਗੱਲ-ਬਾਤ ਕਰ ਰਿਹਾ ਸੀ ਤਾਂ ਦਫ਼ਤਰ ਵਿੱਚ ਇੱਕ



Sri Satguru Jagjit Singh Ji eLibrary NamdhariElibrary@gmail.com

ਬੁੱਢੀ ਔਰਤ ਦਾਖ਼ਲ ਹੋਈ, ਸਿਰ ਦੇ ਵਾਲ ਖਿਲਰੇ ਹੋਏ, ਮੱਥੇ 'ਤੇ ਮੁੜ੍ਹਕਾ, ਗਲੇ ਵਿੱਚ ਖ਼ੁਸ਼ਕੀ, ਸਲਵਾਰ ਦੇ ਪੌਂਚੇ ਭਿੱਜੇ ਹੋਏ ਤੇ ਪੈਰ ਪਾਂਡੂ ਮਿੱਟੀ ਤੇ ਰੇਤੇ ਨਾਲ ਲਿਬੜੇ ਹੋਏ। 'ਮੈਂ ਖੇਤ ਬੋਰ ਕਰਾ ਰਹੀ ਸੀ, ਪਤਾ ਲੱਗਿਆ ਕਿ ਪੁਲੀਸ ਫੜ ਕੇ ਲੈ ਗਈ, ਮੈਥੋਂ ਰਿਹਾ ਨਹੀਂ ਗਿਆ, ਆਖ਼ਰ ਪੁੱਤ ਆ ਮੇਰਾ', ਉਹ ਪੁੱਤ ਦਾ ਇਲਾਜ ਕਰਵਾਉਣ ਲਈ ਵਾਸਤਾ ਪਾਉਣ ਲੱਗੀ। ਉਸ ਨੌਜਵਾਨ ਦੀ ਬਾਂਹ ਅਤੇ ਉਸ ਦੀ ਮਾਂ ਦੇ ਪੈਰਾਂ ਨੂੰ ਵਾਰੀ-ਵਾਰੀ ਵੇਖ ਕੇ ਮੈਂ ਉਸ ਨੌਜਵਾਨ ਦੇ ਨਸ਼ਿਆਂ ਅਤੇ ਬੋਰ ਦੇ ਪੱਤਣ ਦੀ ਸਥਿਤੀ ਦੇ ਅੰਦਾਜ਼ੇ ਲਗਾਉਣ ਲੱਗਾ।

ਇੱਕ ਲੜਕੀ ਨੇ ਵਾਸਤਾ ਪਾਇਆ ਕਿ ਉਸ ਦੇ ਪਤੀ ਵਿਰੁੱਧ ਅਦਾਲਤ ਵਿੱਚ ਨਸ਼ਿਆਂ ਸੰਬੰਧੀ ਸੁਣਵਾਈ ਅਧੀਨ ਕੇਸ ਦੇ ਨਿਪਟਾਰਾ ਹੋਣ ਵਿੱਚ ਦੇਰੀ ਹੋ ਰਹੀ ਹੈ। ਸੰਬੰਧਿਤ ਪੁਲੀਸ ਕਰਮਚਾਰੀ ਵੱਲੋਂ ਅਦਾਲਤ ਵਿੱਚ ਪੇਸ਼ ਹੋ ਜਾਣ ਦੇ ਭਰੋਸੇ ਵਜੋਂ ਹੀ ਉਹ ਮੇਰੇ ਦਫ਼ਤਰ ਆਈ ਸੀ। ਉਸ ਦੇ ਪਤੀ ਦੀ ਕਨੇਡੀਅਨ ਇਮੀਗ੍ਰੇਸ਼ਨ ਦੇ ਵੀਜ਼ੇ ਦੀ ਮਿਆਦ ਦੋ ਮਹੀਨਿਆਂ ਬਾਅਦ ਪੂਰੀ ਹੋ ਜਾਣੀ ਸੀ, ਉਸ ਨੂੰ ਡਰ ਸੀ ਕਿ ਕੇਸ ਲਮਕ ਜਾਣ ਨਾਲ ਉਸ ਦੇ ਪਤੀ ਦਾ ਵੀਜ਼ਾ ਰੱਦ ਹੋ ਜਾਵੇਗਾ। ਉਸ ਦੀ ਮੰਗ ਜਾਇਜ਼ ਤੇ ਸਾਧਾਰਨ ਸੀ। ਮਹੀਨੇ ਕੁ ਬਾਅਦ ਉਹ ਬਹੁਤ ਘਬਰਾਈ ਹੋਈ ਫਿਰ ਮੇਰੇ ਦਫ਼ਤਰ ਆਈ। ਦਰਅਸਲ ਉਹ ਨੌਜਵਾਨ ਨਸ਼ਾ ਛੱਡ ਨਹੀਂ ਸਕਿਆ ਸੀ ਅਤੇ ਆਪਣੀ ਪਤਨੀ ਦੇ ਬਾਈ ਕੁ ਵਰ੍ਹਿਆਂ ਦੇ ਭਰਾ ਨੂੰ ਨਾਲ ਲੈ ਕੇ ਨੇੜਲੇ ਸ਼ਹਿਰ ਤੋਂ ਹੈਰੋਇਨ ਖ਼ਰੀਦਣ ਚੱਲਿਆ ਗਿਆ। ਦੋਵਾਂ ਨੂੰ ਪੁਲੀਸ ਨੇ ਫੜ ਲਿਆ। ਉਹ ਕੁੜੀ ਹੁਣ ਫਿਰ ਕਨੇਡੀਅਨ ਇਮੀਗ੍ਰੇਸ਼ਨ ਪੇਪਰਾਂ ਦੀ ਮਿਆਦ ਤੇ ਸ਼ਰਤਾਂ ਦਾ ਵਾਸਤਾ ਪਾਉਣ ਲੱਗੀ। ਮੈਂ ਉਸ ਦੀ ਇਸ ਮੰਗ 'ਤੇ ਖਿਝ ਗਿਆ ਸੀ। ਜਿਵੇਂ ਕੋਈ ਗਰੀਬ ਬੰਦਾ ਮਜਬੂਰੀ ਵੱਸ ਕੁਝ ਖ਼ਰੀਦਣ ਸਮੇਂ ਮੁੱਲ ਘਟਾਉਣ ਲਈ ਆਖ਼ਰੀ ਹੰਭਲਾ ਮਾਰਦਾ ਹੈ, ਉਹ ਕਹਿੰਦੀ, ਜੇ ਛੱਡ ਨਹੀਂ ਸਕਦੇ ਤਾਂ ਉਸ ਦੀ ਥਾਂ ਮੇਰੇ ਭਰਾ 'ਤੇ ਮੁਕੱਦਮਾ ਦਰਜ ਕਰ ਦਿਉ। ਦੋਵੇਂ ਇੱਕੋ ਕਾਰ ਵਿੱਚ ਹੀ ਤਾਂ ਸਵਾਰ ਸਨ, ਉਸ ਨੇ ਥੋੜ੍ਹਾ ਰੁਕ ਕੇ ਆਖਿਆ। ਉਸ ਦੇ ਬੋਲਾਂ ਵਿੱਚ ਬੇਵੱਸੀ ਸੀ। ਰੱਖੜੀ ਵਾਲੇ ਦਿਨ ਉਸ ਦਾ ਐਸ. ਐਮ. ਐਸ. ਆਇਆ, ਉਹ ਜੇਲ੍ਹ ਮੂਹਰੇ ਖੜ੍ਹੀ ਭਰਾ ਦੀ ਮੁਲਾਕਾਤ ਲਈ ਮੈਥੋਂ ਮੱਦਦ ਮੰਗਣ ਲੱਗੀ। ਜੇਲ੍ਹ ਕਰਮਚਾਰੀ ਨੇ ਮੈਨੂੰ ਦੱਸਿਆ ਕਿ ਉਸ ਵੱਲੋਂ ਬੰਨ੍ਹੀ ਰੱਖੜੀ ਹੰਝੂਆਂ ਨਾਲ ਭਿੱਜ ਕੇ ਸਿੱਲੀ ਹੋ ਗਈ ਸੀ। ਉਸ ਕੁੜੀ ਦੇ ਬੋਲ ਸਿਸਕੀਆਂ ਦੇ ਭਾਰ ਥੱਲੇ ਦੱਬ ਕੇ ਬੇਅਰਥ ਹੋ ਗਏ ਸਨ।

ਆਪਣੇ ਘਰ ਤੋਂ ਚਾਲੀ ਕਿਲੋਮੀਟਰ ਦੂਰ ਕਾਲਜ ਪੜ੍ਹਦਾ ਇੱਕ ਨੌਜਵਾਨ ਨਸ਼ਿਆਂ ਦਾ ਆਦੀ ਹੋ ਗਿਆ। ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਉਹ ਕਾਲਜ ਫੀਸ ਤੇ ਟਿਊਸ਼ਨ ਦੇ ਪੈਸੇ ਲੈ ਕੇ ਹੈਰੋਇਨ ਪੀਂਦਾ ਰਿਹਾ। ਸਾਲ ਬਾਅਦ ਕਾਲਜ



Sri Satguru Jagjit Singh Ji eLibrary NamdhariElibrary@gmail.com

ਪ੍ਰਿੰਸੀਪਲ ਦੀ ਚਿੱਠੀ ਆਉਣ ਤੇ ਹੀ ਇਹ ਭੇਦ ਖੁੱਲ੍ਹਿਆ। ਘਬਰਾਹਟ ਵਿੱਚ ਉਸ ਦੀ ਮਾਂ ਤੋਂ ਘਾਤਕ ਗ਼ਲਤੀ ਹੋਈ। ਚਿੱਠੀ ਪੜ੍ਹਦਿਆਂ ਹੀ ਉਸ ਨੇ ਆਪਣੇ ਪੁੱਤ ਦਾ ਫ਼ੋਨ ਮਿਲਾਇਆ ਉਦੋਂ ਉਹ ਆਪਣੇ ਹੀ ਸ਼ਹਿਰ ਦੇ ਬੱਸ ਅੱਡੇ 'ਤੇ ਉੱਤਰ ਰਿਹਾ ਸੀ ਤਦ ਉਸ ਨੇ ਪ੍ਰਿੰਸੀਪਲ ਵੱਲੋਂ ਆਈ ਚਿੱਠੀ ਪੁੱਤ ਨੂੰ ਪੜ੍ਹ ਕੇ ਸੁਣਾ ਦਿੱਤੀ। ਇੱਕੋ ਗੱਲ ਹੀ ਉਸ ਨੇ ਚਿੱਠੀ ਤੋਂ ਬਾਹਰ ਆਖੀ ਸੀ ਕਿ ਚਿੱਠੀ ਪੜ੍ਹਦਿਆਂ ਹੀ ਤੇਰਾ ਪਿਓ ਤੇਰੇ ਕਾਲਜ ਗਿਆ ਹੋਇਆ। ਉਹ ਪਲ ਤੇ ਆਹ ਦਿਨ ਉਹ ਨੌਜਵਾਨ ਕਦੇ ਘਰ ਵਾਪਸ ਨਹੀਂ ਆਇਆ। ਤਿੰਨ ਵਰ੍ਹੇ ਲੰਘ ਜਾਣ 'ਤੇ ਵੀ ਉਹ ਔਰਤ ਮਹੀਨੇ ਵਿੱਚ ਇੱਕ-ਅੱਧ ਵਾਰ ਆਪਣੇ ਪੁੱਤ ਨੂੰ ਲੱਭਣ ਕਾਲਜ ਜ਼ਰੂਰ ਜਾਂਦੀ ਹੈ। ਉਹ ਥੋੜ੍ਹੀ ਦੇਰ ਕਾਲਜ ਕੰਨਟੀਨ ਵਿੱਚ ਬੈਠਦੀ ਹੈ। ਸਟੱਡੀ ਰੂਮਜ਼ ਵਿੱਚ ਲੱਗੀਆਂ ਕਲਾਸਾਂ ਸ਼ੀਸ਼ਿਆਂ ਰਾਹੀਂ ਵੇਖਣ ਲੱਗਦੀ ਹੈ। ਛੁੱਟੀ ਹੋਣ ਤੇ ਕੁਝ ਵਿਦਿਆਰਥੀਆਂ ਤੋਂ ਆਪਣੇ ਪੁੱਤ ਬਾਰੇ ਪੁੱਛ-ਪੜਤਾਲ ਦਾ ਯਤਨ ਕਰਦੀ ਹੈ। ਵਾਪਸ ਮੁੜਦੀ ਹੋਈ ਉਹ ਕਾਲਜ ਦੇ ਮੁੱਖ ਗੇਟ 'ਤੇ ਖੜ੍ਹ ਕੇ ਹੱਥ ਜੋੜਦੀ ਹੈ ਤੇ ਸਿਰ ਝੁਕਾਉਂਦੀ ਹੈ। ਕੋਈ ਦੁਆ ਕਰਦੀ ਹੈ ਜਾਂ ਉਲਾਂਭਾ ਦਿੰਦੀ ਹੈ, ਉਸ ਦੇ ਬੋਲਾਂ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ।

ਰੂਪ ਨਗਰ ਜ਼ਿਲ੍ਹਾ ਹੈਡ ਕੁਆਟਰ ਪੁਲੀਸ ਸੁਵਿਧਾ ਸੈਂਟਰ ਦੇ ਬਾਹਰ ਲਿਖੇ ਡਰੱਗ ਹੈਲਪ ਲਾਈਨ ਦੇ ਮੋਬਾਇਲ ਨੰਬਰ ਰਾਹੀਂ ਉਸ ਕੁੜੀ ਨੇ ਮੇਰੇ ਨਾਲ ਰਾਬਤਾ ਕਾਇਮ ਕੀਤਾ। ਦਰਅਸਲ ਉਸ ਨੇ ਪ੍ਰੇਮ-ਵਿਆਹ ਕਰਾਇਆ ਸੀ ਤੇ ਉਨ੍ਹਾਂ ਆਈ ਲਿਟ ਦਾ ਪੇਪਰ ਪਾਸ ਕਰ ਕੇ ਵਿਦੇਸ਼ ਜਾਣ ਦਾ ਯਤਨ ਕੀਤਾ। ਇਸੇ ਉਮੀਦ ਵਿੱਚ ਵਿਆਹ ਤੋਂ ਤਿੰਨ ਵਰ੍ਹੇ ਬੀਤ ਜਾਣ ਤੇ ਵੀ ਉਨ੍ਹਾਂ ਜੀਵਨ-ਜੋਤ ਨੂੰ ਅੱਗੇ ਨਹੀਂ ਤੋਰਿਆ ਸੀ। ਲੇਕਿਨ ਵਿਦੇਸ਼ ਜਾਣ ਦੀ ਅਸਫਲਤਾ ਤੋਂ ਬਾਅਦ ਮਾਨਸਿਕ ਪ੍ਰੇਸ਼ਾਨੀ ਕਾਰਨ ਉਸ ਦਾ ਪਤੀ ਹੈਰੋਇਨ ਦੇ ਨਸ਼ੇ ਦਾ ਆਦੀ ਹੋ ਗਿਆ। ਉਸ ਕੁੜੀ ਨੇ ਵੱਡੇ ਸ਼ਹਿਰ ਦੇ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਤਿੰਨ ਮਹੀਨੇ ਸਰ੍ਹਾਣੇ ਬੈਠ ਕੇ ਉਸ ਦਾ ਇਲਾਜ ਕਰਵਾਇਆ। ਉਸ ਕੁੜੀ ਦੀ ਮੌਜੂਦਾ ਸਮੱਸਿਆ ਕੀ ਸੀ? ਇਲਾਜ ਕਰਾਉਣ ਤੋਂ ਬਾਅਦ ਵੀ ਉਸ ਦੇ ਪਤੀ ਦੇ ਸਾਥੀ ਉਸ ਦੇ ਪਤੀ ਨੂੰ ਮੋਬਾਇਲ ਫ਼ੋਨ 'ਤੇ ਮਿਸ ਕਾਲ ਮਾਰ ਕੇ ਬਾਹਰ ਸੱਦ ਲੈਂਦੇ ਤੇ ਹੈਰੋਇਨ ਦਾ ਸੂਟਾ ਲਵਾ ਦਿੰਦੇ। ਪਤੀ ਨੂੰ ਇਸ ਪਾਸਿਉਂ ਰੋਕਣ ਲਈ ਉਹ ਮਿਸ ਕਾਲ ਵਾਲੇ ਨੰਬਰ ਮੈਨੂੰ ਨੋਟ ਕਰਾਉਣ ਲੱਗੀ। ਇੱਕ ਤੋਂ ਬਾਅਦ ਦੂਜਾ, ਚਾਰ ਨੌਜਵਾਨ ਪੁਲੀਸ ਦੀ ਗ੍ਰਿਫ਼ਤ ਵਿੱਚ ਆਏ ਸਨ ਪਰ ਇੰਝ ਉਸ ਨੌਜਵਾਨ ਨੂੰ ਇਸ ਪਾਸਿਉਂ ਰੋਕਿਆ ਨਾ ਜਾ ਸਕਿਆ। ਪਤਨੀ ਦੇ ਯਤਨਾਂ ਸਦਕਾ ਨਸ਼ਾ ਛੱਡਣ ਲਈ ਉਹ ਦੁਬਾਰਾ ਹਸਪਤਾਲ ਦਾਖ਼ਲ ਵੀ ਹੋਇਆ ਪਰ ਸਫ਼ਲ ਨਾ ਹੋ ਸਕਿਆ। ਹੁਣ ਪਤੀ-ਪਤਨੀ ਵਿੱਚ ਕਲੇਸ਼ ਰਹਿਣ ਲੱਗਾ ਤੇ ਇੱਕ ਅਜਿਹੇ ਹੀ ਅਭਾਗੇ ਦਿਨ ਉਹ ਨੌਜਵਾਨ ਨਹਿਰ ਵਿੱਚ ਛਾਲ ਮਾਰ ਕੇ ਮੁੱਕ ਗਿਆ।



Sri Satguru Jagjit Singh Ji eLibrary NamdhariElibrary@gmail.com

ਉਹ ਕੁੜੀ ਜ਼ਿੰਦਗੀ ਦੀਆਂ ਮੁਸ਼ਕਲਾਂ ਵਿੱਚ ਡੁੱਬ ਤਾਂ ਗਈ ਪਰ ਮਰੀ ਨਹੀਂ।

ਇਸ ਔਰਤ ਦਾ ਪਿੰਡ ਮਾਲਵੇ ਵਾਲੇ ਪਾਸੇ ਹਰੀਕੇ ਹੈਡ ਤੋਂ ਅੱਠ-ਨੌ ਕਿਲੋਮੀਟਰ ਦੀ ਦੂਰੀ 'ਤੇ ਹੈ। ਉਮਰ ਲਗਭਗ ਸੱਤਰ ਵਰ੍ਹੇ, ਪਤਲਾ, ਛਾਂਟਵਾਂ ਤੇ ਕਾਮਾ ਸਰੀਰ ਅਤੇ ਗੁਰੂ ਦੀ ਨਿਸ਼ਾਨੀ ਕੱਪੜਿਆਂ ਉੱਪਰ ਦੀ ਪਹਿਨੀ ਹੋਈ। ਭਾਵੇਂ ਕਿ ਉਸ ਬੁੱਢੀ ਮਾਂ ਦੀ ਰੂਹ ਦੁੱਖਾਂ ਨਾਲ ਝੰਬੀ ਪਈ ਸੀ ਪਰ ਉਸ ਦੇ ਬੋਲਾਂ ਵਿੱਚੋਂ ਕਿਰਤ ਦੀ ਖ਼ੁਸ਼ਬੋ ਆਉਂਦੀ ਸੀ। ਉਸ ਦਾ ਗੱਲ ਸਮਝਾਉਣ ਦਾ ਤਰੀਕਾ ਸੰਜਮ ਵਾਲਾ ਸੀ। ਹਰ ਦਲੀਲ ਦੇਣ ਤੋਂ ਬਾਅਦ ਉਹ ਕਹਿ ਦਿੰਦੀ, 'ਮੇਰਾ ਵਾਹਿਗੁਰੂ ਜਾਣਦਾ।' ਉਸ ਦਾ ਆਪਣੇ ਪੁੱਤ ਨਾਲ ਹੀ ਝਗੜਾ ਸੀ। ਦਰਅਸਲ ਉਸ ਦਾ ਪਤੀ ਤੇ ਇੱਕ ਪੁੱਤ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਸਨ ਤੇ ਉਸ ਦਾ ਇਹ ਨਸ਼ਾ ਕਰਦਾ ਪੁੱਤ ਜਾਇਦਾਦ ਦਾ ਹਿੱਸਾ ਮੰਗ ਰਿਹਾ ਸੀ। ਇਹੋ ਝਗੜਾ ਸੀ। ਪੰਚਾਇਤ ਵੀ ਉਨ੍ਹਾਂ ਦੇ ਨਾਲ ਆਈ ਸੀ ਪਰ ਕੋਈ ਫ਼ੈਸਲਾ ਨਾ ਹੋ ਸਕਿਆ। 'ਕਹਾਣੀ ਖ਼ਤਮ ਆ ਬਸ, ਇਸ ਮਾਈ ਦਾ ਪੋਤਰਾ ਵੀ ਨਸ਼ਾ ਕਰਨ ਲੱਗ ਪਿਆ', ਇੱਕ ਪੰਚਾਇਤ ਮੈਂਬਰ ਨੇ ਉੱਠਣ ਲੱਗਿਆਂ ਮੈਨੂੰ ਹੌਲੀ ਅਵਾਜ਼ ਵਿੱਚ ਦੱਸਿਆ। 'ਮਾਈ' ਸ਼ਬਦ ਸੁਣ ਕੇ ਮੈਨੂੰ ਕਾਲਜ ਸਮੇਂ ਦੀ ਇੱਕ ਪੁਰਾਣੀ ਘਟਨਾ ਯਾਦ ਆਈ, ਜਦੋਂ ਮੈਂ ਘਰ ਵਾਪਸ ਜਾਂਦਾ ਤਾਂ ਬੱਸ ਵਿੱਚ ਕੁਲਦੀਪ ਮਾਣਕ ਦਾ ਇੱਕ ਗੀਤ ਗੂੰਜਦਾ, 'ਸਿੰਘਾਂ ਨੂੰ ਲਲਕਾਰਦੀ ਅੱਜ ਭਾਗੋ ਮਾਈ, ਗੁਰੂ ਦੇ ਸਨਮੁਖ ਹੁੰਦਿਆਂ ਤੁਸੀਂ ਪਿੱਠ ਵਿਖਾਈ।' ਜਦ ਸਿੰਘਾਂ ਨੇ ਦਸਵੇਂ ਪਾਤਸ਼ਾਹ ਨੂੰ ਬੇਦਾਵਾ ਲਿਖ ਦਿੱਤਾ ਸੀ ਤਾਂ ਖਿਦਰਾਣੇ ਦੀ ਢਾਬ ਵਿਖੇ ਮਾਈ ਭਾਗੋ ਆਪ ਜੰਗ ਵਿੱਚ ਕੁੱਦ ਪਈ ਸੀ। ਮਾਈ ਭਾਗੋ ਤਾਂ ਇਤਿਹਾਸ ਦਾ ਹਿੱਸਾ ਬਣ ਕੇ ਅਮਰ ਹੋ ਗਈ ਲੇਕਿਨ ਇਹ ਮਾਈ ਨਸ਼ਿਆਂ ਵਿਰੁੱਧ ਪੀੜ੍ਹੀ ਦਰ ਪੀੜ੍ਹੀ ਕਈ ਲੜਾਈਆਂ ਹਾਰ ਕੇ ਲੋਪ ਹੋ ਜਾਣ ਦੇ ਕਿਨਾਰੇ 'ਤੇ ਹੈ।

ਨਿੱਕੀਆਂ-ਨਿੱਕੀਆਂ ਬੂਟੀਆਂ ਵਾਲਾ ਹਲਕੇ ਨਾਭੀ ਰੰਗ ਦਾ ਸੂਟ, ਗੂੜ੍ਹੇ ਨਾਭੀ ਰੰਗ ਦੀ ਚੁੰਨੀ 'ਤੇ ਲੱਗਿਆ ਸਿਲਵਰ ਰੰਗ ਦਾ ਗੋਟਾ, ਉਹ ਸਾਧਾਰਨ ਪੇਂਡੂ ਕੁੜੀ ਨਸ਼ਈ ਪਤੀ ਦੀਆਂ ਕਰਤੂਤਾਂ ਦੱਸਦੀ-ਦੱਸਦੀ ਡੁੱਸਕਣ ਲੱਗੀ। ਜਿਵੇਂ ਕੋਈ ਦਮ ਲੈ-ਲੈ ਕੇ ਫਿਰ ਦੌੜਦਾ ਹੈ ਇਵੇਂ ਹੀ ਉਹ ਪਾਣੀ ਦਾ ਗਲਾਸ ਪੀ ਕੇ ਫਿਰ ਬੋਲਣ ਲੱਗੀ। ਬੋਲਦੀ-ਬੋਲਦੀ ਉਹ ਗੁੰਮ-ਸੁੰਮ ਜਿਹੀ ਹੋ ਗਈ। 'ਮੇਰਾ ਦਿਲ ਕਰਦਾ ਹੈ ਇਹੋ ਜਿਹੀ ਜ਼ਿੰਦਗੀ ਨਾਲੋਂ ਤਾਂ ਪਾਣੀ ਤੇ ਪੈ ਜਾਵਾਂ', ਉਸ ਨੇ ਥੋੜ੍ਹੀ ਦੇਰ ਬਾਅਦ ਆਖਿਆ। ਦਰਅਸਲ ਉਸ ਦਾ ਪਿੰਡ ਹਰੀਕੇ ਪਤਣ ਤੋਂ ਨਿਕਲਦੀਆਂ ਜੁੜਵੀਆਂ ਨਹਿਰਾਂ ਕਿਨਾਰੇ ਸਥਿਤ ਹੈ ਤੇ ਉਸ ਨੇ ਨਸ਼ਈ ਪਤੀ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲੈਣ ਦੀ ਮਨੋ-ਦਸ਼ਾ ਨੂੰ ਪ੍ਰਗਟਾਇਆ ਸੀ। ਇਸ ਘਟਨਾ ਤੋਂ ਮਹੀਨਾ ਕੁ ਬਾਅਦ ਮੈਂ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ ਨਾਲ ਕਰਾਇਮ ਮੀਟਿੰਗ ਕਰਨ ਲੱਗਾ।



Sri Satguru Jagjit Singh Ji eLibrary NamdhariElibrary@gmail.com

ਮੀਟਿੰਗ ਦੇ ਆਖੀਰ ਵਿੱਚ ਅਸੀਂ ਗੁੰਮ ਹੋਏ ਵਿਅਕਤੀਆਂ ਅਤੇ ਬੇ-ਪਛਾਣ ਤੌਰ 'ਤੇ ਸਸਕਾਰ ਕਰ ਦਿੱਤੀਆਂ ਲਾਸ਼ਾਂ ਦੇ ਕੱਪੜਿਆਂ ਤੇ ਨਿਸ਼ਾਨੀਆਂ ਤੋਂ ਵਿਅਕਤੀਆਂ ਦੀ ਪਹਿਚਾਣ ਕਰਨ ਲੱਗੇ। 'ਲੜੀ ਨੰਬਰ ਚਾਰ, ਪੱਚੀ ਕੁ ਵਰ੍ਹਿਆਂ ਦੀ ਇੱਕ ਔਰਤ ਦੀ ਲਾਸ਼ ਸੂਏ ਵਿੱਚੋਂ ਮਿਲੀ ਹੈ ਜਿਸ ਨੇ ਨਾਭੀ ਰੰਗ ਦਾ ਸੂਟ ਪਹਿਨਿਆ ਹੋਇਆ ਹੈ,' ਬੋਲਦਾ-ਬੋਲਦਾ ਉਹ ਕਰਮਚਾਰੀ ਇੱਕ ਫਾਈਲ ਵਿੱਚ ਨੱਥੀ ਕੀਤੀਆਂ ਉਸ ਲਾਸ਼ ਦੀਆਂ ਫੋਟੋਆਂ ਵਿਖਾਉਣ ਲੱਗਾ। ਇੱਕ ਅਭਾਗਾ ਖ਼ਿਆਲ ਮੇਰੇ ਜ਼ਿਹਨ ਵਿੱਚ ਆਉਣ ਤੋਂ ਪਹਿਲਾਂ ਹੀ ਮੇਰੇ ਸਹਿਯੋਗੀ ਨੇ ਖੜ੍ਹੇ ਹੋ ਕੇ ਦੱਸਿਆ ਕਿ ਉਹ ਕੁੜੀ ਜਿਹੜੀ ਪਾਣੀ ਤੇ ਪੈ ਜਾਣਾ ਚਾਹੁੰਦੀ ਸੀ, ਪਿਛਲੇ ਮਹੀਨੇ ਤੋਂ ਗੁੰਮ ਹੈ। ਉਸ ਦੇ ਬੋਲਾਂ ਵਿੱਚ ਮੌਤ ਦਾ ਸਹਿਮ ਸੀ।

ਔਰਤਾਂ ਦੇ ਦੁਖਾਂਤ ਦੀਆਂ ਅਜਿਹੀਆਂ ਅਨੇਕਾਂ ਘਟਨਾਵਾਂ ਸਮਾਜਿਕ ਪਰਦੇ ਤੱਕ ਪਹੁੰਚਦੀਆਂ ਹੀ ਨਹੀਂ, ਬਹੁਤੀਆਂ ਕਲਮ ਦੀ ਪਕੜ ਵਿੱਚ ਨਹੀਂ ਆਉਂਦੀਆਂ ਤੇ ਕੁਝ ਕੁ ਅਜਿਹੀਆਂ ਵੀ ਨੇ ਜੋ ਸ਼ਰਮ ਹਯਾ ਦਾ ਬੂਹਾ ਨਹੀਂ ਲੰਘ ਸਕਦੀਆਂ, ਇਹ ਲੇਖ ਅਜਿਹੀਆਂ ਅਣ-ਲਿਖੀਆਂ ਘਟਨਾਵਾਂ ਦੀ ਅਸਹਿ ਪੀੜਾ ਨੂੰ ਸਮਰਪਤ ਹੈ।

•



Sri Satguru Jagjit Singh Ji eLibrary NamdhariElibrary@gmail.com

# ਕਿਰਤ ਵਿਛੁੰਨੇ ਲੋਕ

ਦਸਾਂ ਨਹੁੰਆਂ ਦੀ ਕਮਾਈ ਨੂੰ ਕਿਰਤ ਦਾ ਨਾਮ ਦਿੱਤਾ ਗਿਆ ਹੈ। ਕਿਰਤ ਸਾਡੇ ਅੱਗੇ ਟੀਚੇ ਸਥਾਪਤ ਕਰਦੀ ਹੈ ਤੇ ਉਨ੍ਹਾਂ ਟੀਚਿਆਂ ਤੱਕ ਪਹੁੰਚਣ ਦੇ ਸਫ਼ਰ ਨੂੰ ਸੁਆਦਲਾ ਤੇ ਰਸਦਾਇਕ ਬਣਾ ਦਿੰਦੀ ਹੈ। ਇਨ੍ਹਾਂ ਹੀ ਨਹੀਂ ਕਿਰਤੀ ਜੀਵਨ ਜ਼ਿੰਦਗੀ ਦੀਆਂ ਫੁੱਲ-ਬੂਟੀਆਂ ਪਾਉਣ ਲਈ ਰੰਗਦਾਰ ਚਾਦਰ ਹੈ। ਕਿਰਤ ਮਨੁੱਖ ਨੂੰ ਕੰਮ ਨਾਲ ਜੋੜਦੀ ਹੈ ਜਦੋਂ ਕਿ ਕਮਾਈ ਦੇ ਗ਼ੈਰ-ਇਖਲਾਕੀ ਢੰਗ ਉਸ ਨੂੰ ਐਸ਼ੋ-ਆਰਾਮ 'ਚ ਪਾ ਕੇ ਐਬੀ ਬਣਾ ਦਿੰਦੇ ਹਨ। ਕੰਮ ਕਰਦੇ ਹੱਥ ਕਦੇ ਮੈਲੇ ਨਹੀਂ ਹੁੰਦੇ ਤੇ ਵਿਹਲਾ ਮਨ ਸੁਚਾਰੂ ਨਹੀਂ ਹੁੰਦਾ। 'ਪਾਪਾਂ ਬਾਝੌਂ ਹੋਵੈ ਨਾਹੀ, ਮੋਇਆ ਸਾਥ ਨਾ ਜਾਈ।' ਹਥਲੀ ਲਿਖਤ ਕਿਰਤ ਨਾਲੋਂ ਟੁੱਟ ਰਹੇ ਤੇ ਤੋੜੇ ਜਾ ਰਹੇ ਲੋਕਾਂ ਦੀ ਦਾਸਤਾਨ ਹੈ।

ਬਾਜਰੇ, ਮੱਕੀ ਤੇ ਕਪਾਹਾਂ ਦੇ ਖੇਤ, ਕਪਾਹ ਦੇ ਖੇਤ ਦੁਆਲੇ ਜੰਤਰ ਦੇ ਚਾਰ-ਚਾਰ ਸਿਆੜ ਲਾਏ ਹੁੰਦੇ। ਜੰਤਰ ਦੀ ਸੰਘਣੀ ਜਿਹੀ ਛਾਂ ਵੇਖ ਕੇ ਰੋਟੀਆਂ ਵਾਲਾ ਝੋਲਾ ਉੱਚਾ ਲਟਕਾ ਦਿੱਤਾ ਜਾਂਦਾ। ਦਾਦੀ ਮਾਂ ਚੋਗੀਆਂ ਨਾਲ ਕਪਾਹ ਚੁਗ ਰਹੀ ਹੁੰਦੀ, ਹਰ ਝੋਲੀ ਲਾਹੁਣ ਤੋਂ ਬਾਅਦ ਸਾਰੀਆਂ ਔਰਤਾਂ ਖ਼ਾਲ 'ਚੋਂ ਬੁੱਕਾਂ ਨਾਲ ਪਾਣੀ ਪੀਂਦੀਆਂ। ਸੂਰਜ ਢਲਦਿਆਂ ਹੀ ਵੱਡੇ ਪਤੀਲੇ 'ਚ ਚਾਹ ਧਰ ਲਈ ਜਾਂਦੀ, ਚੋਗੀਆਂ ਕੋਲ ਰੋਟੀ ਆਪਣੀ-ਆਪਣੀ ਹੁੰਦੀ, ਦਾਦੀ ਮਾਂ ਇੱਕ-ਇੱਕ ਕੱਪ ਚਾਹ ਦਸ-ਬਾਰਾਂ ਔਰਤਾਂ ਨੂੰ ਆਪ ਪਾਉਂਦੀ। ਮਿਰਚਾਂ ਦੇ ਅਚਾਰ ਨਾਲ ਬੁਰਕੀਆਂ ਲਾਉਂਦੀਆਂ ਉਹ ਚਾਹ ਦਾ ਸੁਆਦਲਾ ਘੁੱਟ ਭਰਦਿਆਂ ਹੀ ਗੱਲੀਂ ਲੱਗ ਜਾਂਦੀਆਂ। ਅਸੀਂ ਛੱਲੀਆਂ ਭੁੰਨਣ ਲੱਗ ਜਾਂਦੇ। ਦਿਨ ਢਲਦਿਆਂ ਹੀ ਸਭ ਨੂੰ ਕੰਮਾਂ ਕਾਰਾਂ ਦੀ ਕਾਹਲ ਪੈ ਜਾਂਦੀ, ਕੁਝ ਚੋਗੀਆਂ ਘਾਹ ਕੱਢਣ ਲੱਗ ਜਾਂਦੀਆਂ ਤੇ ਕੁੜੀਆਂ ਚਲਾਈ ਦਾ ਸਾਗ ਤੋੜਦੀਆਂ। ਉੱਧਰ ਸਿਆਲਾਂ 'ਚ ਅਸੀਂ ਸਕੂਲੋਂ ਆਉਂਦਿਆਂ ਹੀ ਚਾਚਾ ਜੀ ਨਾਲ ਪਸ਼ੂ ਅੰਦਰ ਕਰਾਉਣ ਦਾ ਕੰਮ ਕਰਾਉਂਦੇ। ਉਹ ਅੰਦਰਲੇ ਵਰਾਂਡੇ 'ਚ ਪੱਠੇ ਪਾਉਂਦੇ ਤੇ ਅਸੀਂ ਸੁੱਕ ਖਿਲਾਰਦੇ ਤਾਂ ਕਿ ਸਿਆਲਾਂ ਦੀਆਂ ਵੱਡੀਆਂ ਰਾਤਾਂ ਦੁਧਾਰੂਆਂ ਲਈ ਥਾਂ ਜ਼ਿਆਦਾ ਗਿੱਲੀ ਨਾ ਹੋਵੇ। ਭੁੱਖੇ ਪਸ਼ੂ ਤੇਜ਼ੀ ਨਾਲ ਚਾਰਾ ਖਾਣ ਲੱਗਦੇ ਤੇ ਮਾਂ ਅਤੇ ਚਾਚੀ ਮਲਕੜੇ ਜਿਹੇ ਧਾਰ ਕੱਢਣ ਬੈਠ ਜਾਂਦੀਆਂ। ਅਸੀਂ ਡਰੰਮ 'ਤੇ ਚੜ੍ਹ ਕੇ ਕਿੱਲਿਆਂ ਨਾਲ ਪੱਖਲੀਆਂ ਟੰਗ ਕੇ ਦਰਵਾਜ਼ਾ



Sri Satguru Jagjit Singh Ji eLibrary NamdhariElibrary@gmail.com

ਬੰਦ ਕਰ ਦਿੰਦੇ ਤੇ ਫਿਰ ਕੱਚੇ ਦੁੱਧ ਤੇ ਵਾਰੀ-ਵਾਰੀ ਵੱਜਦੀਆਂ ਧਾਰਾਂ ਨਾਲ ਉਪਜਦੀ ਝੱਗ ਨੂੰ ਨੀਝ ਨਾਲ ਵੇਖਣ ਲੱਗਦੇ। ਉਦੋਂ ਤੱਕ ਪਸ਼ੂਆਂ ਦੇ ਸਾਹਾਂ ਨਾਲ ਵਰਾਂਡਾ ਨਿੱਘਾ ਹੋ ਜਾਂਦਾ ਸੀ। ਮਹਿਕ ਮਹਿਜ਼ ਫੁੱਲਾਂ ਦੀ ਹੀ ਨਹੀਂ ਹੁੰਦੀ, ਕਿਰਤ 'ਚ ਰੁੱਝੀਆਂ ਕਿਰਿਆਵਾਂ ਵੀ ਮਹਿਕਾਂ ਉਪਜਦੀਆਂ ਹਨ। ਇਹੋ ਕਿਰਿਆਵਾਂ ਕੁਦਰਤ ਦੀ ਗੋਦ ਵਿੱਚ ਸੰਗੀਤ ਬਣ ਜਾਂਦੀਆਂ ਨੇ, 'ਚਿੜੀ ਚੂਹਕਦੀ ਨਾਲ ਉੱਠ ਤੁਰੇ ਪਾਂਧੀ, ਪਈਆਂ ਦੁੱਧਾਂ ਦੇ ਵਿੱਚ ਮਧਾਣੀਆਂ ਈ।'

ਲੇਕਿਨ ਅੱਜ ਅਸੀਂ ਕੰਮਾਂ-ਕਾਰਾਂ ਨਾਲੋਂ ਟੁੱਟ ਕੇ ਕਿਰਤ ਦੇ ਰਸ ਤੋਂ ਵਾਂਝੇ ਰਹਿ ਗਏ ਹਾਂ। ਹਰੀ ਕ੍ਰਾਂਤੀ ਸਮੇਂ ਪੰਜਾਬੀਆਂ ਨੇ ਹੱਡ-ਭੰਨਵੀਂ ਕਮਾਈ ਕੀਤੀ। ਉਦੋਂ ਟਿਕੀ ਰਾਤ ਕੱਤੇ ਦੇ ਮਹੀਨੇ ਖੇਤ ਵਾਹੁੰਦੇ ਟਰੈਕਟਰਾਂ ਦੀ ਆਵਾਜ਼ ਦੇ ਨਾਲ-ਨਾਲ ਗੀਤ ਵੀ ਸੁਣਾਈ ਦਿੰਦੇ ਸਨ। ਕੰਮ ਦਾ ਰੁਝੇਵਾਂ ਸਾਡਾ ਦਿਲ ਲਵਾਉਂਦਾ ਹੀ ਨਹੀਂ ਸੀ ਬਲਕਿ ਸਾਡੇ ਮਨ ਨੂੰ ਏਨਾਂ ਲੋਰ 'ਚ ਲੈ ਆਉਂਦਾ ਕਿ ਅਸੀਂ ਕੰਮ-ਕਾਰ ਕਰਦੇ ਗੁਣ-ਗੁਣਾਉਣ ਲਗਦੇ। ਖੇਤ ਨੂੰ ਪਾਣੀ ਲਾਉਂਦੇ ਕਿਸਾਨ ਦਾ ਹੇਕ ਲਾਉਣ ਲੱਗ ਜਾਣਾ ਅਤੇ ਤ੍ਰਿੰਝਣਾਂ ਦੇ ਬੋਲ ਅਜਿਹੀਆਂ ਹਾਲਤਾਂ ਦੀ ਹੀ ਉਪਜ ਹਨ। ਲੋਕ-ਗੀਤ ਸਾਡੇ ਮਨਾਂ ਨੂੰ ਇਸ ਲਈ ਭਾਉਂਦੇ ਹਨ ਕਿਉਂਕਿ ਉਨ੍ਹਾਂ ਤੇ ਸਾਡੇ ਸੱਭਿਆਚਾਰ ਤੇ ਕਿਰਤੀ ਜੀਵਨ ਦੀ ਸੁਨਹਿਰੀ ਪਰਤ ਚੜ੍ਹੀ ਹੁੰਦੀ ਹੈ।

ਕਿਰਤ ਸਾਨੂੰ ਆਪਣੇ ਆਪ ਤੇ ਪੂਰਨ ਰੂਪ ਵਿੱਚ ਕੇਂਦਰਿਤ ਰੱਖਦੀ ਹੈ ਤੇ ਵਿਹਲੜ ਬਣਨ ਲਈ ਕੋਈ ਸਮਾਂ ਨਹੀਂ ਦਿੰਦੀ। ਕਿਰਤ ਇੱਕੋ ਸਮੇਂ ਸਰੀਰ ਤੇ ਮਨ ਨੂੰ ਰਿਝਾਈ ਰੱਖਦੀ ਹੈ ਤੇ ਦੋਹਾਂ ਵਿੱਚ ਸੁਖਾਲੇ ਤੇ ਰੌਚਕ ਤਾਲਮੇਲ ਨੂੰ ਵੀ ਸੰਭਵ ਬਣਾਉਂਦੀ ਹੈ। ਹੱਥੀਂ ਕੰਮ ਕਰਦਿਆਂ ਖ਼ੂਨ ਦੀ ਗਤੀ ਤੇਜ਼ ਹੁੰਦੀ ਹੈ ਤੇ ਪਸੀਨਾ ਆਉਂਦਾ ਹੈ। ਸਾਡਾ ਮਨ ਰੁੱਝਿਆ ਤੇ ਖ਼ੁਸ਼ ਰਹਿੰਦਾ ਹੈ ਤੇ ਸਾਡੇ ਅੰਦਰ ਚੰਗੇ ਹਾਰਮੋਨਜ਼ ਪੈਦਾ ਹੁੰਦੇ ਹਨ। ਇਹੋ ਕਾਰਨ ਹੈ ਕਿ ਕਈ ਵਾਰ ਅਸੀਂ ਕੰਮ ਵਿੱਚ ਏਨਾ ਰੁੱਝ ਜਾਂਦੇ ਹਾਂ ਕਿ ਰੋਟੀ ਵੇਲਾ ਖੁੰਝ ਜਾਂਦਾ ਹੈ ਤੇ ਚਾਹ ਦਾ ਗਲਾਸ ਵੀ ਠੰਢਾ ਹੋ ਜਾਂਦਾ ਹੈ। ਕਿਰਤੀ ਹੀ ਰੱਬ ਦੀ ਰਜ਼ਾ 'ਚ ਰਹਿਣ ਦੀ ਸਮਰੱਥਾ ਰੱਖਦਾ ਹੈ। ਏਨਾਂ ਹੀ ਨਹੀਂ ਦਸਾਂ ਨਹੁੰਆਂ ਦੀ ਕਿਰਤ ਧਨ ਦੀ ਇੰਨੀ ਬਹੁਤਾਤ ਦਾ ਮੌਕਾ ਵੀ ਨਹੀਂ ਦਿੰਦੀ ਕਿ ਅਸੀਂ ਵੱਡੀਆਂ ਗ਼ਲਤੀਆਂ ਦਾ ਸ਼ਿਕਾਰ ਹੋ ਜਾਈਏ। ਕਿਰਤ ਸਾਡੇ ਮਨ ਅੰਦਰ ਮਿਲਵਰਤਨ, ਨਿਮਰਤਾ ਅਤੇ ਅਧਿਆਤਮਕ ਝੁਕਾ ਪੈਦਾ ਕਰਦੀ ਹੈ। ਮਿੱਟੀ ਨਾਲ ਮਿੱਟੀ ਹੋ ਕੇ ਕੀਤੀ ਕਮਾਈ ਮਨੁੱਖ ਨੂੰ ਸੁੱਚਾ ਕਰ ਦਿੰਦੀ ਹੈ।

ਅੱਜ ਉਪਜਾਊ ਖੇਤ ਤੇਜ਼ੀ ਨਾਲ ਵਿਕਦੇ ਜਾ ਰਹੇ ਹਨ। ਜ਼ਮੀਨਾਂ ਦੀ ਖ਼ਰੀਦੋ-ਫਰੋਖ਼ਤ ਖੇਤੀ ਲਈ ਨਹੀਂ ਬਲਕਿ ਕਲੋਨੀਆਂ ਕੱਟਣ ਅਤੇ ਕਾਲੇ ਧਨ ਨੂੰ ਛੁਪਾਉਣ ਤੇ ਵਧਾਉਣ ਲਈ ਹੀ ਕੀਤੀ ਜਾਂਦੀ ਹੈ। ਇੱਕ ਸਮਾਂ ਸੀ ਜਦ ਕਿਸਾਨਾਂ



Sri Satguru Jagjit Singh Ji eLibrary NamdhariElibrary@gmail.com

ਲਈ ਜ਼ਮੀਨ ਦਾ ਸਿਆੜ ਵੇਚਣਾ ਵੀ ਗੁਨਾਹ ਹੁੰਦਾ ਸੀ। ਕਬੀਲਦਾਰੀ ਨਿਬੇੜਦਿਆਂ ਜੇ ਕਿਸੇ ਪਰਿਵਾਰ ਨੂੰ ਕੁਝ ਜਾਇਦਾਦ ਵੇਚਣੀ ਪੈ ਜਾਂਦੀ ਤਾਂ ਘਰ ਦਾ ਵੱਡਾ ਬੰਦਾ ਮੰਜਾਂ ਮੱਲ ਲੈਂਦਾਂ ਅਤੇ ਫ਼ਿਕਰ ਤੇ ਹੌਕੇ ਨਾਲ ਹੀ ਪੂਰਾ ਹੋ ਜਾਂਦਾ ਸੀ ਪਰ ਅੱਜ ਅਸੀਂ, 'ਇਹ ਖੇਤ ਵਿਕਾਊ ਹੈ' ਦਾ ਬੋਰਡ ਲਾ ਕੇ ਥੱਲੇ ਮੋਬਾਇਲ ਫ਼ੋਨ ਨੰਬਰ ਲਿਖ ਦਿੰਦੇ ਹਾਂ। ਖੇਤਾਂ ਦਾ ਇੰਝ ਵਿਕਦੇ ਜਾਣਾ ਕਾਮੇ ਪਰਿਵਾਰਾਂ ਦੇ ਪਤਨ ਦਾ ਕਾਰਨ ਬਣਿਆ ਹੈ। ਇੰਝ ਜਿੱਥੇ ਉਹ ਖੇਤੀ ਦੇ ਧੰਦੇ ਤੋਂ ਵਾਂਝੇ ਹੋ ਗਏ ਉੱਥੇ ਇਸ ਪੈਸੇ ਨੇ ਉਨ੍ਹਾਂ ਅੰਦਰ ਐਸ਼ੋ-ਆਰਾਮ ਦੀ ਭਾਵਨਾ ਪੈਦਾ ਕੀਤੀ, ਉਹ ਖ਼ਰਚੀਲੇ ਹੋ ਗਏ ਤੇ ਸਮਾਜਿਕ ਸਮਾਗਮਾਂ 'ਤੇ ਅਥਾਹ ਖ਼ਰਚ ਕਰਨ ਲੱਗੇ। ਉੱਧਰ ਵਿਹਲ ਨੇ ਉਨ੍ਹਾਂ ਦੇ ਮਨ ਅੰਦਰ ਕਈ ਕੁਰੀਤੀਆਂ ਪੈਦਾ ਕੀਤੀਆਂ। ਪੁਰਾਣੀ ਗੱਲ ਹੈ ਰੀਅਲ ਅਸਟੇਟ ਦਾ ਕੰਮ ਕਰਦੇ ਇੱਕ ਕਲੀਨ ਸ਼ੇਵ ਨੌਜਵਾਨ ਨੂੰ ਸਮੈਕ ਦੇ ਸੂਟੇ ਲਾਉਂਦਿਆਂ ਫੜਿਆ ਗਿਆ। ਉਸ ਨੇ ਆਪਣੇ ਸਿਰ ਦੇ ਵਾਲਾਂ ਨੂੰ ਰੰਗ ਕਰਾਇਆ ਹੋਇਆ ਸੀ, ਸੱਜੇ ਕੰਨ 'ਚ ਵਾਲੀ ਅਤੇ ਬਾਹਾਂ 'ਤੇ ਟੈਟੂ ਪੁਆਏ ਹੋਏ ਸਨ। ਉਸ ਦੇ ਨਾਲ ਦੇ ਦੋਵੇਂ ਸਾਥੀ ਭੱਜ ਗਏ ਸਨ, ਲੇਕਿਨ ਉਹ ਭਾਰਾ ਹੋਣ ਕਾਰਨ ਭੱਜ ਨਾ ਸਕਿਆ। ਉਸ ਦੇ ਦਫ਼ਤਰ ਦੀ ਫਰੋਲਾ-ਫਰਾਲੀ ਕਰਦਿਆਂ ਬੀਅਰ ਤੇ ਸ਼ਰਾਬ ਦੀਆਂ ਖ਼ਾਲੀ ਬੋਤਲਾਂ ਮਿਲੀਆਂ। ਕੰਧ 'ਤੇ ਇਕ ਤਸਵੀਰ ਟੰਗੀ ਹੋਈ ਸੀ। ਸਫ਼ੇਦ ਸਾਫ਼ਾ, ਪਤਲਾ ਛਾਂਟਵਾਂ ਸਰੀਰ, ਚਿੱਟਾ ਦਾਹੜਾ, ਸ਼ਾਂਤ ਚਿਹਰਾ, 1911 ਤੋਂ 1997 ਦੋ ਤਰੀਕਾਂ ਤਸਵੀਰ ਦੇ ਥੱਲੇ ਲਿਖੀਆਂ ਹੋਈਆਂ ਸਨ। ਮੈਂ ਪੁੱਛਿਆ, ਕਿਹੜੇ ਸੰਤ ਮਹਾਤਮਾ ਹਨ? 'ਮੇਰੇ ਦਾਦਾ ਜੀ ਦੀ ਤਸਵੀਰ ਹੈ', ਉਸ ਨੇ ਬਹੁਤ ਹੌਲੀ ਉੱਤਰ ਦਿੱਤਾ।

ਵਿਆਹਾਂ 'ਤੇ ਹੁੰਦੇ ਅਥਾਹ ਖ਼ਰਚੇ ਵੀ ਕਿਰਤ ਨਾਲੋਂ ਟੁੱਟੇ ਹੋਏ ਵਰਤਾਰੇ ਦਾ ਪ੍ਰਤੱਖ ਪ੍ਰਤੀਕ ਹਨ। ਸਾਡੇ ਆਮ ਵਿਆਹ ਵੀ ਦਸ ਲੱਖ ਤੋਂ ਵੱਧ ਜਾਂਦੇ ਹਨ, ਜਦੋਂ ਕਿ ਮੈਰਿਜ ਪੈਲਸਾਂ 'ਚ ਹੁੰਦੇ ਸਮਾਗਮ ਪੱਚੀ ਲੱਖ ਤੋਂ ਸ਼ੁਰੂ ਹੋ ਕੇ ਖ਼ਰਚਿਆਂ ਦੀਆਂ ਉੱਚੀਆਂ ਤੇ ਖ਼ੁਸ਼ਕ ਚੋਟੀਆਂ ਤੈਅ ਕਰਦੇ ਹਨ। ਧੀ ਵਾਲਿਆਂ ਨੂੰ ਅਜਿਹੇ ਖ਼ਰਚਿਆਂ ਲਈ ਮਜਬੂਰ ਹੋਣਾ ਪੈਂਦਾ ਹੈ। ਕਿਰਤੀ ਵਿਅਕਤੀ ਅਜਿਹੇ ਖ਼ਰਚਿਆਂ ਦੀ ਪਹੁੰਚ ਤੇ ਹੌਸਲਾ ਨਹੀਂ ਰੱਖਦੇ। ਖ਼ੂਨ ਪਸੀਨੇ ਦੀ ਕਮਾਈ ਨੂੰ ਇੰਝ ਕਿਵੇਂ ਰੋੜ੍ਹਿਆ ਜਾ ਸਕਦਾ ਹੈ? ਪਾਕਿਸਤਾਨੀ ਪੰਜਾਬ 'ਚ ਕਨੂੰਨ ਬਣਾ ਕੇ ਵਿਆਹਾਂ ਦੇ ਵਿਖਾਵਿਆਂ ਤੇ ਖ਼ਰਚਿਆਂ ਨੂੰ ਲਾਮਬੰਦ ਕੀਤਾ ਗਿਆ ਹੈ। ਉੱਥੇ ਸਮਾਜਿਕ ਤੌਰ 'ਤੇ ਤੁਸੀਂ ਇੱਕ ਹੀ ਸਮਾਗਮ ਕਰ ਸਕਦੇ ਹੋ। ਖਾਣੇ 'ਚ ਬਰਿਆਨੀ, ਇੱਕ ਦਾਲ/ਸਬਜ਼ੀ ਜਾਂ ਇੱਕ ਮਾਸਾਹਾਰੀ ਭੋਜਨ ਤੇ ਮਿੱਠੇ ਦੀਆਂ ਦੋ ਵੰਨਗੀਆਂ ਤੋਂ ਵੱਧ ਨਹੀਂ। ਰਾਤ ਦਸ ਵਜੇ ਤੋਂ ਪਹਿਲਾਂ-ਪਹਿਲਾਂ ਸਮਾਗਮ ਸਮਾਪਤ ਕਰਨਾ ਜ਼ਰੂਰੀ ਹੈ। ਉਹ ਤੀਹ ਕੁ ਮਿੰਟ ਪਹਿਲਾਂ ਹਾਲ ਦੀਆਂ ਅੱਧੀਆਂ ਬੱਤੀਆਂ ਬੁਝਾ ਦਿੰਦੇ ਹਨ। ਇਹ ਵਾਰਨਿੰਗ ਕਾਲ



Sri Satguru Jagjit Singh Ji eLibrary NamdhariElibrary@gmail.com

ਹੁੰਦੀ ਹੈ ਤੇ ਦਸ ਵਜੇ ਬੱਤੀਆਂ ਬਿਲਕੁਲ ਬੰਦ ਕਰ ਦਿੱਤੀਆਂ ਜਾਂਦੀਆਂ ਹਨ। ਹਾਲ ਮਾਲਕਾਂ ਤੇ ਘਰਵਾਲਿਆਂ ਦੋਵਾਂ ਤੇ ਰਾਤ ਦਸ ਵਜੇ ਤੋਂ ਪਹਿਲਾਂ ਤੁਰ ਜਾਣ ਦੀ ਸਾਂਝੀ ਜ਼ਿੰਮੇਵਾਰੀ ਹੁੰਦੀ ਹੈ ਪਰ ਸਾਡੇ ਵਿਆਹਾਂ 'ਤੇ ਹੁੰਦੇ ਅਥਾਹ ਖ਼ਰਚੇ ਸਾਡੀ ਗ਼ੈਰ-ਇਖਲਾਕੀ ਕਮਾਈ ਅਤੇ ਗ਼ੈਰ-ਜ਼ਿੰਮੇਵਾਰੀ ਦਾ ਪੱਕਾ ਤੇ ਪੀਡਾ ਪ੍ਰਮਾਣ ਹੈ।

ਕਮਾਈ ਦੇ ਅਸਿੱਧੇ ਤੇ ਗ਼ੈਰ-ਇਖ਼ਲਾਕੀ ਸਾਧਨ ਮਨੁੱਖ ਨੂੰ ਸ਼ੈਤਾਨ ਬਣਾ ਦਿੰਦੇ ਹਨ। ਕੁੰਡੀ ਤੇ ਆਟਾ ਲਾ ਕੇ ਮੱਛੀਆਂ ਨੂੰ ਫੜਨ ਵਾਂਗ ਉਹ ਕਿਰਤੀਆਂ ਦਾ ਸ਼ੋਸ਼ਣ ਕਰਦੇ ਹਨ। ਉਨ੍ਹਾਂ ਦੇ ਮਨਾਂ 'ਚ ਆਇਆ ਲਾਲਚ ਉਨ੍ਹਾਂ ਨੂੰ ਨਿਰੰਤਰ ਦੌੜਨ ਲਈ ਮਜਬੂਰ ਕਰਦਾ ਰਹਿੰਦਾ ਹੈ। ਇੰਝ ਕੁਝ ਲੋਕ ਪੈਸਿਆਂ ਦੇ ਢੇਰ ਇਕੱਠੇ ਕਰ ਲੈਂਦੇ ਹਨ ਅਤੇ ਕਿਰਤੀ ਪਰਿਵਾਰ ਅਪਾਹਜ ਹੋ ਕੇ ਰਹਿ ਜਾਂਦੇ ਹਨ। ਬੇਰੁਜ਼ਗਾਰੀ, ਮਹਿੰਗਾਈ ਅਤੇ ਨਸ਼ਿਆਂ ਦੇ ਇੰਨੇ ਘਾਤਕ ਹਾਲਾਤ ਅਜਿਹੇ ਲੋਕਾਂ ਦੀ ਹੀ ਉਪਜ ਹਨ। ਸਿਸਟਮ ਦਾ ਅਜਿਹਾ ਵਰਤਾਰਾ ਕਿਰਤੀਆਂ ਦੀ ਜ਼ਿੰਦਗੀ ਨੂੰ ਕੋਈ ਰੰਗ ਨਹੀਂ ਚੜ੍ਹਨ ਦਿੰਦਾ। ਉਨ੍ਹਾਂ ਦੇ ਜੀਵਨ ਬੋਦੇ ਹੋ ਜਾਂਦੇ ਹਨ। ਗ਼ੈਰ ਕਮਾਈ ਕਰਨ ਵਾਲਿਆਂ ਨੇ ਕਿਰਤੀਆਂ ਦੇ ਜੀਵਨ ਦਾ ਘਾਣ ਕਰ ਦਿੱਤਾ ਹੈ।

ਪੁਰਾਣੇ ਜ਼ਮਾਨੇ ਵਿੱਚ ਜਦੋਂ ਕਾਲ਼ ਪੈ ਜਾਂਦੇ ਤਾਂ ਪਰਉਪਕਾਰੀ ਰਾਜੇ-ਮਹਾਰਾਜੇ ਲੋਕਾਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਸਰਕਾਰੀ ਭੰਡਾਰਾਂ ਦੇ ਬੂਹੇ ਖੋਲ੍ਹ ਦਿੰਦੇ ਸਨ। ਆਪਣੇ ਰਾਜ-ਭਾਗ ਦਾ ਜਾਇਜ਼ਾ ਲੈਣ ਲਈ ਮਹਾਰਾਜਾ ਰਣਜੀਤ ਸਿੰਘ ਅਜਿਹੇ ਹੀ ਇੱਕ ਮੌਕੇ ਭੇਸ ਬਦਲ ਕੇ ਸ਼ਾਹੀ ਭੰਡਾਰ ਦੇ ਨੇੜੇ ਜਾ ਖੜ੍ਹੇ ਹੋਏ। ਇੱਕ ਬਜ਼ੁਰਗ ਨੇ ਅਨਾਜ ਦੀ ਪੰਡ ਤਾਂ ਬੰਨ੍ਹ ਲਈ ਪਰ ਉਸ ਤੋਂ ਭਾਰੀ ਪੰਡ ਚੁੱਕ ਕੇ ਤੁਰਿਆ ਨਹੀਂ ਜਾ ਰਿਹਾ ਸੀ। ਮਹਾਰਾਜੇ ਨੇ ਪੰਡ ਆਪਣੇ ਸਿਰ 'ਤੇ ਰੱਖ ਲਈ ਤੇ ਉਸ ਬਜ਼ੁਰਗ ਨੂੰ ਘਰ ਛੱਡ ਕੇ ਆਏ ਪਰ ਅੱਜ ਆਮ ਆਦਮੀ ਦੀ ਹੋਣੀ ਕਿਰਤ ਨਾਲੋਂ ਟੁੱਟੇ ਤੇ ਭ੍ਰਿਸ਼ਟ ਸਮਾਜ ਦੀ ਤਸਵੀਰ ਪੇਸ਼ ਕਰਦੀ ਹੈ।

ਬਹੁਤ ਲੋਕ ਇਹ ਤਰਕ ਕਰਦੇ ਹਨ ਕਿ ਨੌਜਵਾਨ ਇੱਧਰ ਹੱਥੀਂ ਕੰਮ ਕਰਦੇ ਨਹੀਂ, ਉਹੀ ਨੌਜਵਾਨ ਵਿਦੇਸ਼ ਜਾ ਕੇ ਹਰ ਕੰਮ ਕਰਨ ਨੂੰ ਤਿਆਰ ਹੋ ਜਾਂਦੇ ਹਨ। ਇਹ ਤਰਕ ਪੂਰਨ ਤੌਰ 'ਤੇ ਠੀਕ ਨਹੀਂ ਹੈ। ਇੱਥੇ ਕਿਰਤ ਦਾ ਪੂਰਾ ਮੁੱਲ ਤੇ ਮਾਣ ਨਹੀਂ ਹੈ, ਜਦੋਂ ਕਿ ਪੱਛਮੀ ਦੇਸ ਇਸੇ ਮਾਣ ਤੇ ਮੁੱਲ ਦਾ ਉੱਤਮ ਨਮੂਨਾ ਹਨ। ਉੱਥੇ ਸਿਸਟਮ ਆਮ ਆਦਮੀ ਤੇ ਕਿਰਤੀ ਨੂੰ ਪਾਲਸ਼ ਮਾਰ-ਮਾਰ ਕੇ ਇੰਨਾਂ ਚਮਕਾ ਦਿੰਦਾ ਹੈ ਕਿ ਉਸ ਨੂੰ ਕਿਸੇ ਹੋਰ ਚਮਕ ਦੀ ਲਾਲਸਾ ਹੀ ਨਹੀਂ ਰਹਿ ਜਾਂਦੀ। ਇਹੋ ਕਾਰਨ ਹੈ ਕਿ ਨੌਜਵਾਨ ਹਰ ਹੀਲਾ ਵਰਤ ਕੇ ਵਿਦੇਸ਼ ਜਾਣਾ ਲੋਚਦੇ ਹਨ। ਕਈ ਵਰ੍ਹੇ ਪੁਰਾਣੀ ਗੱਲ ਹੈ, ਪੱਚੀ ਤੋਂ ਵੱਧ ਇਕੱਠੇ ਨੌਜਵਾਨਾਂ ਨੂੰ ਵੀਜ਼ਾ ਦਸਤਾਵੇਜ਼ਾਂ 'ਚੋਂ ਤਰੁੱਟੀਆਂ ਕਾਰਨ ਨਵੀਂ ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਵਾਪਸ ਭੇਜ



Sri Satguru Jagjit Singh Ji eLibrary NamdhariElibrary@gmail.com

ਦਿੱਤਾ ਗਿਆ। ਦਰਅਸਲ ਟਰੈਵਲ ਏਜੰਟ ਨੇ ਉਨ੍ਹਾਂ ਨੂੰ ਲੁੱਟ ਲਿਆ ਸੀ। ਉਹ ਬੱਸ ਕਰਵਾ ਕੇ ਵਾਪਸ ਇਕੱਠੇ ਲੁਧਿਆਣੇ ਪਹੁੰਚੇ ਸਨ। ਭੁੱਖਣ-ਭਾਣੇ, ਮੋਢਿਆਂ 'ਤੇ ਭਾਰੇ ਬੈਗ, ਉਨੀਂਦਰਾ ਤੇ ਡੌਰ-ਭੌਰ ਹੋਏ ਚਿਹਰੇ, ਉਨ੍ਹਾਂ ਨੌਜਵਾਨਾਂ ਦੀ ਮੰਦੀ ਹਾਲਤ ਦੇਖਣ ਵਾਲੀ ਸੀ। ਕਨੂੰਨੀ ਕਾਰਵਾਈ ਲਈ ਅਸੀਂ ਉਨ੍ਹਾਂ ਨੂੰ ਇੱਕ ਹਾਲ ਕਮਰੇ 'ਚ ਬਿਠਾ ਕੇ ਸੂਚਨਾ ਇਕੱਠੀ ਕਰਨ ਲੱਗੇ। ਨਾਮ, ਪਤਾ, ਰਕਮ ਤੇ ਦਿੱਤੀ ਗਈ ਰਕਮ ਦੇ ਸਬੂਤ ਅਸੀਂ ਪ੍ਰੋਫਾਰਮਾਂ ਬਣਾ ਕੇ ਭਰਨੇ ਸ਼ੁਰੂ ਕੀਤੇ। ਬਹੁਤਿਆਂ ਨੇ ਜਾਇਦਾਦਾਂ ਵੇਚੀਆਂ ਸਨ, ਕਈਆਂ ਨੇ ਮਾਂਵਾਂ ਦੀਆਂ ਵਾਲੀਆਂ ਤੇ ਪਤਨੀਆਂ ਦੇ ਗਹਿਣੇ ਵੇਚੇ ਸਨ। ਇੱਕ ਨੌਜਵਾਨ ਨੇ ਘਰ ਦਾ ਪਤਾ ਤੇ ਫ਼ੋਨ ਨੰਬਰ ਲਿਖਾਉਣ ਤੋਂ ਨਾਂਹ ਕਰ ਦਿੱਤੀ, ਉਹ ਕਹਿੰਦਾ ਜੇ ਬੀਬੀ ਨੂੰ ਪਤਾ ਲੱਗ ਗਿਆ ਤੇ ਫਿਰ ਉਹ ਧਾਂਹਾਂ ਮਾਰ ਕੇ ਰੋਣ ਲੱਗਾ। ਕਿਰਤ ਨਾਲੋਂ ਟੁੱਟੇ ਸਮਾਜ 'ਚ ਨੌਜਵਾਨ ਪੀੜ੍ਹੀ ਦਾ ਘਾਣ ਹੁੰਦਾ ਹੈ।

ਦੇਸ਼ਾਂ-ਵਿਦੇਸ਼ਾਂ ਦੀਆਂ ਗੱਲਾਂ ਕਰਦਿਆਂ ਅਮਰੀਕਾ ਵਸਦੇ ਇੱਕ ਪਰਵਾਸੀ ਭਾਰਤੀ ਨੇ ਦੱਸਿਆ ਕਿ ਉੱਥੇ ਵਰਕ ਕਲਚਰ ਹੈ। ਤੁਹਾਡੀ ਜ਼ਿੰਦਗੀ ਭਾਵੇਂ ਕਿੰਨੀ ਵੀ ਉਲਝਣਾਂ ਤੇ ਮੁਸੀਬਤਾਂ ਭਰੀ ਹੋਵੇ ਇੱਕ ਵਾਰੀ ਤੁਸੀਂ ਕੰਮ ਵਾਲੀ ਥਾਂ ਪਹੁੰਚ ਗਏ ਸਭ ਕੁਝ ਤੁਹਾਥੋਂ ਪਾਸੇ ਹੋ ਜਾਵੇਗਾ। ਤੁਹਾਡੇ ਸਹਿਕਰਮੀ ਤੁਹਾਨੂੰ ਸਫ਼ਰ ਤੇ ਸਿਹਤ ਬਾਰੇ ਤੁਹਾਡਾ ਹਾਲ-ਚਾਲ ਪੁੱਛਣਗੇ। ਸਹੂਲਤਾਂ ਪੱਖੋਂ ਉੱਥੇ ਕਾਮਾ ਮਾਣ ਨਾਲ ਜੀ ਸਕਦਾ ਹੈ। ਸੱਚ-ਮੁੱਚ ਉੱਥੇ ਕੰਮ ਹੀ ਪੂਜਾ ਹੈ। ਲੇਕਿਨ ਖੇਤਾਂ ਤੋਂ ਪਾਸੇ ਹਟ ਕੇ ਅਸੀਂ ਕਿਸੇ ਹੋਰ ਕੰਮ ਨੂੰ ਪੂਜਾ ਨਹੀਂ ਬਣਾ ਸਕੇ।

ਫਰਵਰੀ ਦਾ ਪਹਿਲਾ ਹਫ਼ਤਾ, ਦਿਨ ਛਿਪਣ ਦਾ ਵੇਲਾ, ਕਣੀਆਂ ਪੈਣ ਲੱਗੀਆਂ ਤੇ ਠੰਢ ਹੋਰ ਜੋਰ ਫੜ ਗਈ ਸੀ। ਦੂਰ ਤੱਕ ਖੇਤਾਂ ਦੀ ਹਰਿਆਵਲ, ਬੱਦਲਾਂ ਦੀ ਗੋਦ 'ਚ ਹੋਰ ਵੀ ਸੋਹਣੀ ਦਿਸਣ ਲੱਗੀ। ਗੱਡੀ 'ਚੋਂ ਉਤਰ ਮੈਂ ਛੱਤਰੀ ਲੈ ਕੇ ਸੈਰ ਕਰਨ ਲੱਗਾ। ਮੇਰੇ ਅੱਗੇ ਦੋ ਕਸ਼ਮੀਰੀ ਜਾ ਰਹੇ ਸਨ। ਇੱਕ ਦੇ ਮੋਢੇ 'ਤੇ ਦੋ ਕੁਹਾੜੀਆਂ ਤੇ ਦੂਜੇ ਦੇ ਹੱਥ 'ਚ ਆਰਾ ਸੀ। ਉਨ੍ਹਾਂ ਦੇ ਸਿਰ 'ਤੇ ਲਏ ਪਲਾਸਟਿਕ ਦੇ ਲਿਫ਼ਾਫ਼ਿਆਂ ਤੇ ਡਿੱਗਦੀਆਂ ਕਣੀਆਂ ਸੰਗੀਤ ਪੈਦਾ ਕਰਦੀਆਂ ਸਨ। ਉਹ ਮਗਰਬ ਦੀ ਨਮਾਜ਼ ਪੜ੍ਹਨ ਲੱਗੇ। ਬੱਤੀਆਂ ਜਗ ਚੁੱਕੀਆਂ ਸਨ। ਬੱਦਲ ਗਰਜਿਆ ਤੇ ਬਿਜਲੀ ਲਿਸ਼ਕੀ, ਇਸ ਚਾਨਣ 'ਚ ਖੇਤ ਹੋਰ ਵੀ ਸੋਹਣੇ ਨਜ਼ਰ ਆਏ। ਅਸੀਂ ਫਿਰ ਇਕੱਠੇ ਪਿੰਡ ਵੱਲ ਵਧਣ ਲੱਗੇ। ਇੱਕ ਨੇ ਚਾਰ ਅਖਰੋਟ ਜੇਬ 'ਚੋਂ ਕੱਢ ਕੇ ਮੈਨੂੰ ਦਿੱਤੇ ਤੇ ਇੱਕ ਅਖਰੋਟ ਆਪਣੀ ਮੁੱਠੀ 'ਚ ਘੁੱਟ ਕੇ ਬੜੇ ਸਲੀਕੇ ਨਾਲ ਉਸ ਦੀ ਗਿਰੀ ਵੀ ਖਾਣ ਨੂੰ ਦਿੱਤੀ। ਉਨ੍ਹਾਂ ਦੇ ਕਦਮਾਂ 'ਚ ਕਿਰਤ ਦਾ ਨਿੱਘ ਤੇ ਬੋਲਾਂ 'ਚ ਮੁਹੱਬਤ ਦੀ ਮਿਠਾਸ ਸੀ। ਮੈਨੂੰ ਘਰ ਆਉਂਦਿਆਂ ਹੀ ਇੱਕ ਰਿਸ਼ੈਪਸਨ ਪਾਰਟੀ 'ਤੇ ਜਾਣਾ ਪਿਆ। ਮੀਂਹ ਕਾਰਨ ਲਾਅਨ ਵਾਲਾ ਪ੍ਰਬੰਧ ਵੀ ਹਾਲ 'ਚ ਹੀ ਕੀਤਾ ਹੋਇਆ ਸੀ। ਇੱਕ ਪਾਸੇ ਡੀ. ਜੇ.



Sri Satguru Jagjit Singh Ji eLibrary NamdhariElibrary@gmail.com

ਸਿਸਟਮ ਤੇ ਦੂਜੇ ਪਾਸੇ ਸ਼ਰਾਬ ਵਾਲਿਆਂ ਨੇ ਟੇਬਲ ਸਜਾ ਲਏ ਸਨ। ਗਿੱਧਾ ਪਾਉਂਦੀਆਂ ਕੁੜੀਆਂ ਜਿਵੇਂ ਦੋ ਟੋਲੀਆਂ ਬਣਾ ਕੇ ਆਹਮੋ-ਸਾਹਮਣੇ ਆ ਖਲੋਂਦੀਆਂ ਹਨ, 'ਸਾਹਮਣੇ ਆ ਸ਼ਰੀਕਣੀਏ, ਨੀ ਆਢਾ ਲਾ ਸ਼ਰੀਕਣੀਏ।' ਡੀ. ਜੇ. ਪਹਿਲਾਂ ਸ਼ੁਰੂ ਹੋਇਆ ਜਾਂ ਸ਼ਰਾਬ ਦਾ ਸੇਵਨ ਮੈਂ ਕੋਈ ਅੰਦਾਜ਼ਾ ਨਾ ਲਾ ਸਕਿਆ। ਲੇਕਿਨ ਲੋਕ ਗਲਾਸ ਭਰਦੇ, ਮਾਸਾਹਾਰੀ ਸ਼ੈਨੇਕਸ ਲਈ ਬੈਰਿਆਂ ਨੂੰ ਅਵਾਜ਼ਾਂ ਮਾਰਦੇ ਤੇ ਫਿਰ ਡੀ. ਜੇ. ਕੋਲ ਜਾ ਖੜ੍ਹਦੇ। ਨੱਚਣ-ਟੱਪਣ ਵਾਲੇ ਕੁਝ ਗੀਤਾਂ ਨੂੰ ਦੁਬਾਰਾ-ਦੁਬਾਰਾ ਲਵਾ ਰਹੇ ਸਨ। ਇਹ ਦੌਰ ਢਾਈ-ਤਿੰਨ ਘੰਟੇ ਜਾਰੀ ਰਿਹਾ, ਕਣੀਆਂ ਫਿਰ ਪੈਣ ਲੱਗੀਆਂ।

ਦੋਵੇਂ ਕਸ਼ਮੀਰੀ ਅਤੇ ਗਲਾਸ ਭਰ-ਭਰ ਸ਼ਰਾਬਾਂ ਪੀਂਦੇ ਤੇ ਡੀ. ਜੇ. ਤੇ ਨੱਚਦੇ ਪੰਜਾਬੀ, ਰਾਤ ਨੂੰ ਸੌਣ ਲੱਗਿਆਂ ਅਚਾਨਕ ਮੇਰੀਆਂ ਯਾਦਾਂ ਦੀ ਸਕਰੀਨ ਤੇ ਇਕੱਠੇ ਹੋ ਗਏ ਸਨ। ਤੇਜ਼ ਰਫ਼ਤਾਰ ਗੱਡੀ ਦਾ ਸ਼ੀਸ਼ਾ ਜਿਵੇਂ ਬੁੜ੍ਹਕ ਕੇ ਵੱਟੀ ਵੱਜਣ ਨਾਲ ਨਹੁੰ ਜਿੱਡੇ-ਜਿੱਡੇ ਟੁਕੜੇ ਹੋ ਕੇ ਕਿਰ ਜਾਂਦਾ ਹੈ, ਇਵੇਂ ਹੀ ਪੰਜਾਬ ਕਿਰਦਾ ਨਜ਼ਰ ਆਉਣ ਲੱਗਿਆ।

•



Sri Satguru Jagjit Singh Ji eLibrary NamdhariElibrary@gmail.com

## ਨਸ਼ਿਆਂ ਦੇ ਮਾਰੂ ਪ੍ਰਭਾਵ

ਵੱਡੇ ਪੱਧਰ 'ਤੇ ਨਸ਼ਿਆਂ ਦੀ ਸਪਲਾਈ ਤੇ ਖ਼ਪਤ ਨੂੰ ਨਸ਼ੀਲੇ ਅੱਤਵਾਦ ਦਾ ਨਾਮ ਦਿੱਤਾ ਗਿਆ ਹੈ। ਇਹ ਅਜਿਹਾ ਅੱਤਵਾਦ ਹੈ, ਜਿਸ ਨੂੰ ਖ਼ਤਮ ਕਰਨਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ, ਕਿਉਂਕਿ ਐਟਮ ਬੰਬ ਵਾਂਗ ਇਸ ਦਾ ਪ੍ਰਭਾਵ ਬਹੁ-ਦਿਸ਼ਾਵੀ ਤੇ ਵਿਨਾਸ਼ਕਾਰੀ ਹੈ। ਪੀੜੀਆਂ ਤੱਕ ਇਸ ਦਾ ਘਾਤਕ ਅਸਰ ਰਹਿੰਦਾ ਹੈ। ਨਸ਼ੇ ਮਨੁੱਖ ਨੂੰ ਬਿਮਾਰ, ਕਮਜ਼ੋਰ, ਅਪਾਹਿਜ ਤੇ ਨਸ਼ਟ ਕਰ ਦਿੰਦੇ ਹਨ। ਪਰਿਵਾਰਕ ਜੀਵਨ ਲੜਖੜ੍ਹਾ ਜਾਂਦਾ ਹੈ, ਬੱਚੇ ਰੁਲਦੇ ਹਨ ਅਤੇ ਬੁਢੇਪਾ ਲਾਚਾਰ ਹੋ ਜਾਂਦਾ ਹੈ। ਸਮਾਜਿਕ ਤਾਣਾ-ਬਾਣਾ ਉਲਝਦਾ ਹੈ ਅਤੇ ਮਨੁੱਖੀ ਰਿਸ਼ਤਿਆਂ ਵਿੱਚ ਤਰੇੜਾਂ ਆਉਂਦੀਆਂ ਹਨ। ਸਮਾਜਿਕ ਤੰਦ ਸਿੱਲ੍ਹੇ, ਬੋਦੇ ਅਤੇ ਰੰਗਹੀਣ ਹੋ ਜਾਂਦੇ ਹਨ। ਵੱਸਦੇ-ਰੱਸਦੇ ਵਿਹੜਿਆਂ ਵਿੱਚ ਕੁਝ ਵਰ੍ਹੇ ਧੂੰਆਂ ਧੁੱਖਦਾ ਹੈ ਤੇ ਪਿੱਛੇ ਸੁਆਹ ਬਚ ਜਾਂਦੀ ਹੈ।

ਕਾਲੇ ਧਨ ਦਾ ਪਸਾਰ ਆਮ ਆਦਮੀ ਦਾ ਕਿਰਤ ਵਿੱਚ ਮਨ ਨਹੀਂ ਲੱਗਣ ਦਿੰਦਾ। ਜਿਵੇਂ ਧਰਤੀ ਦੀ ਚਾਲ ਦੋ-ਮੁਖੀ ਹੈ, ਉਹ ਆਪਣੇ ਧੁਰੇ ਦੁਆਲੇ ਘੁੰਮਦੀ ਹੈ ਤੇ ਇੰਝ ਘੁੰਮਦੀ-ਘੁੰਮਦੀ ਸੂਰਜ ਦੁਆਲੇ ਚੱਕਰ ਵੀ ਲਾਉਂਦੀ ਰਹਿੰਦੀ ਹੈ। ਇਸੇ ਤਰ੍ਹਾਂ ਕਾਲੇ ਧਨ ਦਾ ਫੈਲਾਅ ਤੇਜ਼ੀ ਨਾਲ ਹੋ ਰਿਹਾ ਤੇ ਇਸੇ ਢੇਰ ਵਿੱਚੋਂ ਉਹ ਚੀਜਾਂ-ਵਸਤਾਂ ਦੀ ਖ਼ਰੀਦੋ-ਫ਼ਰੋਖਤ ਲਈ ਬਹੁਤ ਉੱਚੀਆਂ ਛਾਲਾਂ ਮਾਰ ਰਿਹਾ ਹੈ। ਇਹ ਧਨ ਸੁੱਖ-ਸਹੂਲਤਾਂ ਦੇ ਅੰਬਾਰ ਖੜ੍ਹੇ ਕਰ ਕੇ ਕਿਰਤ ਅਤੇ ਆਮ ਆਦਮੀ ਨੂੰ ਚਿੜਾਉਂਦਾ ਵੀ ਰਹਿੰਦਾ ਹੈ। ਅਜਿਹੇ ਹਾਲਾਤ ਵਿੱਚ ਪੇਟ ਭਰਨ ਤੇ ਸਮਾਜ ਵਿੱਚ ਜੀਣ ਦੀ ਲੋੜ, ਦੋਵੇਂ ਲੋੜਾਂ ਮਿਲ ਕੇ ਆਮ ਆਦਮੀ ਦਾ ਘਾਣ ਕਰ ਰਹੀਆਂ ਹਨ। ਇੱਥੇ ਹੀ ਬਸ ਨਹੀਂ ਜ਼ਿੰਦਗੀ ਦੀ ਚਕਾਚੌਂਧ ਵੀ ਉਸ ਦੀ ਨਿਰੰਤਰ ਖ਼ੱਜਲ-ਖ਼ੁਆਰੀ ਕਰਦੀ ਰਹਿੰਦੀ ਹੈ। ਅਜਿਹੇ ਹਾਲਾਤ ਮਾਨਸਿਕ ਪ੍ਰੇਸ਼ਾਨੀ ਪੈਦਾ ਕਰਦੇ ਹਨ ਤੇ ਪ੍ਰੇਸ਼ਾਨ ਹੋਇਆ ਮਨੁੱਖ ਨਸ਼ਿਆਂ ਦਾ ਸਹਾਰਾ ਤੱਕਦਾ ਹੈ। ਇਹੋ ਸਹਾਰਾ ਇੱਕ ਦਿਨ ਉਸ ਦੀ ਜੀਵਨ-ਲੀਲ੍ਹਾ ਦਾ ਅੰਤ ਕਰ ਦਿੰਦਾ ਹੈ।

ਮਈ 2014 ਦੇ ਅਖੀਰ ਦੀ ਗੱਲ ਹੈ, ਰੋਪੜ ਤੋਂ ਅਨੰਦਪੁਰ ਸਾਹਿਬ ਨੂੰ ਜਾਂਦਿਆਂ ਪਿੰਡ ਘਨੌਲੀ ਦੇ ਬਜ਼ਾਰ ਵਿੱਚ ਇੱਕ ਨੌਜਵਾਨ ਨੂੰ ਸ਼ਾਮ ਵੇਲੇ ਤੜਫਦਿਆਂ ਦੇਖਿਆ ਗਿਆ। ਬਜ਼ਾਰ ਵਾਲਿਆਂ ਹੀ ਐਬੂਲੈਂਸ ਨੂੰ ਕਾਲ ਕੀਤੀ ਲੇਕਿਨ ਉਹ



Sri Satguru Jagjit Singh Ji eLibrary NamdhariElibrary@gmail.com

ਨੌਜਵਾਨ ਰਸਤੇ ਵਿੱਚ ਹੀ ਦਮ ਤੋੜ ਗਿਆ। ਉਸ ਨੇ ਨਸ਼ਾ ਕੀਤਾ ਹੋਇਆ ਸੀ। ਕੁਝ ਮਿੰਟਾਂ ਬਾਅਦ ਉਸੇ ਥਾਂ ਨੇੜਿਉਂ ਹੀ ਦੋ ਹੋਰ ਨੌਜਵਾਨਾਂ ਨੂੰ ਬੇਹੋਸ਼ ਪਏ ਦੇਖਿਆ ਗਿਆ, ਦੋਹਾਂ ਦੀਆਂ ਜੇਬਾਂ ਵਿੱਚ ਕੈਪਸੂਲਾਂ ਦੇ ਪੱਤੇ ਸਨ। ਇਨ੍ਹਾਂ ਵਿੱਚੋਂ ਇੱਕ ਹਸਪਤਾਲ ਜਾ ਕੇ ਮਰ ਗਿਆ ਅਤੇ ਦੂਜਾ ਡਾਕਟਰਾਂ ਵੱਲੋਂ ਜੱਦੋ-ਜਹਿਦ ਕਰ ਕੇ ਬਚਾ ਲਿਆ ਗਿਆ। ਇਹ ਤਿੰਨੋਂ ਨੌਜਵਾਨ ਇਸੇ ਸੜਕ 'ਤੇ ਪੈਂਦੇ ਨੇੜਲੇ ਪਿੰਡਾਂ ਦੇ ਹੀ ਸਨ। ਉਪਰੋਕਤ ਘਟਨਾ ਨੂੰ ਵਾਪਰਦਿਆਂ ਅੱਧੇ ਘੰਟੇ ਤੋਂ ਘੱਟ ਸਮਾਂ ਲੱਗਾ। ਤਿੰਨੋਂ ਪਰਿਵਾਰ ਅਤੀ ਗ਼ਰੀਬੀ ਦੇ ਹਾਲਾਤ ਵਿੱਚੋਂ ਗੁਜ਼ਰ ਰਹੇ ਹਨ। ਪਹਿਲਾ ਪਰਿਵਾਰ ਬੇ-ਜ਼ਮੀਨੇ ਕਿਸਾਨਾਂ ਵਿੱਚੋਂ ਹੈ, ਬਾਪ ਦਾ ਟਰੱਕ ਚਲਾਉਂਦਿਆਂ ਐਕਸੀਡੈਂਟ ਹੋਇਆ ਤੇ ਉਸ ਦੀ ਖੱਬੀ ਬਾਂਹ ਤੇ ਲੱਤ ਕੱਟੀ ਗਈ। ਉਹ ਮੱਧ ਪ੍ਰਦੇਸ ਤੋਂ ਵਾਪਸ ਪੰਜਾਬ ਆਇਆ। ਘਰ ਦੀ ਆਰਥਿਕਤਾ ਲੜਖੜਾਈ ਤੇ ਪੁੱਤ ਪੜ੍ਹਾਈ ਵਿੱਚੇ ਹੀ ਛੱਡ ਕੇ ਕੰਮ 'ਤੇ ਲੱਗ ਗਿਆ। ਇੱਕ ਥਾਂ ਤੋਂ ਦੂਜੀ ਥਾਂ ਮਜ਼ਦੂਰੀ ਕਰਦਾ-ਕਰਦਾ ਉਹ ਨੌਜਵਾਨ ਬਾਰ੍ਹਾਂ-ਤੇਰ੍ਹਾਂ ਵਰ੍ਹਿਆਂ ਬਾਅਦ ਘਨੌਲੀ ਦੇ ਬਜ਼ਾਰ ਵਿੱਚ ਚੁਫਾਲ਼ ਡਿੱਗਾ ਸੀ। ਐਂਬੂਲੈਂਸ ਨੇ ਉਸ ਨੂੰ ਚੁੱਕਿਆ ਤੇ ਉਹ ਰਸਤੇ ਵਿੱਚ ਹੀ ਦਮ ਤੋੜ ਗਿਆ ਸੀ। ਦੂਜੇ ਦੋਵੇਂ ਪਰਿਵਾਰਾਂ ਦੇ ਹਾਲਾਤ ਲਗਭਗ ਇਹੋ ਜਿਹੇ ਹੀ ਸਨ। ਇਹ ਘਟਨਾ ਪੰਜਾਬ ਦੇ ਮੰਦਭਾਗੇ ਭਵਿੱਖ ਦਾ ਪ੍ਰਤੀਕ ਹੈ।

ਜਦੋਂ ਅਸੀਂ ਆਪਣੇ ਕਿਸੇ ਔਗੁਣ ਨੂੰ ਸਵੀਕਾਰ ਨਹੀਂ ਕਰਦੇ ਤਾਂ ਉਸ ਦੁਆਰਾ ਹੋਣ ਵਾਲੇ ਨੁਕਸਾਨ ਦੀ ਸੰਭਾਵਨਾ ਕਈ ਗੁਣਾ ਵੱਧ ਜਾਂਦੀ ਹੈ। ਨਸ਼ਿਆਂ ਦੇ ਸੇਵਨ ਪੱਖੋਂ ਵੀ ਇਹੋ ਕੁਝ ਹੋ ਰਿਹਾ ਹੈ। ਮੂੰਹ ਹਨੇਰੇ ਇੱਕ ਨੌਜਵਾਨ, ਔਰਤ ਦੀ ਚੈਨੀ ਖੋਹ ਕੇ ਭੱਜਦਾ ਹੋਇਆ ਮੌਕੇ 'ਤੇ ਫੜਿਆ ਗਿਆ। ਬਾਪ ਨੇ ਉਸ ਨੌਜਵਾਨ ਦੇ ਵਿਦੇਸ਼ ਜਾਣ ਦਾ ਵਾਸਤਾ ਪਾਉਂਦਿਆਂ ਬੇਨਤੀ ਕੀਤੀ ਕਿ ਅਸੀਂ ਚੈਨੀ ਦੀ ਕੀਮਤ ਭਰ ਦਿੰਦੇ ਹਾਂ, ਕਨੂੰਨੀ ਕਾਰਵਾਈ ਤੋਂ ਬੱਚੇ ਨੂੰ ਬਚਾ ਲਿਆ ਜਾਵੇ। ਉਸ ਨੌਜਵਾਨ ਦਾ ਇਲਾਜ ਕਰਾਉਣ ਦੀ ਸ਼ਰਤ 'ਤੇ ਉਸ ਨੂੰ ਛੱਡ ਦਿੱਤਾ ਗਿਆ। ਉਸਦਾ ਬਾਪ ਨਸ਼ਾ ਛਡਾਊ ਕੇਂਦਰ ਤੱਕ ਉਸ ਨੂੰ ਲੈ ਕੇ ਤਾਂ ਗਿਆ ਪਰ ਦਾਖ਼ਲ ਨਹੀਂ ਕਰਵਾਇਆ। ਉਸ ਦੇ ਬਾਪ ਨੇ ਦੱਸਿਆ ਕਿ 'ਨਸ਼ਾ ਛੁਡਾਊ ਕੇਂਦਰ ਵਾਲਿਆਂ ਨੇ ਸਮਝਾਇਆ ਕਿ ਘਰ ਬੈਠ ਕੇ ਦਵਾਈ ਖਾਓ, ਇਹ ਕੋਈ ਬਹੁਤਾ ਨਸ਼ਾ ਨਹੀਂ ਕਰਦਾ।' ਥੋੜ੍ਹੀ ਦੇਰ ਬਾਅਦ ਉਸਦਾ ਬਾਪ ਫਿਰ ਬੋਲਿਆ, 'ਮੇਰੇ ਬੱਚੇ ਨਾਲ ਧੱਕਾ ਹੋਇਆ ਹੈ, ਉਹ ਤਾਂ ਚੈਨੀ ਲਾਹੁਣ ਵਾਲੇ ਦੇ ਮਗਰ ਭੱਜਿਆ ਸੀ, ਲੇਕਿਨ ਇਕੱਠ ਨੇ ਉਸ ਨੂੰ ਹੀ ਫੜ ਲਿਆ।' ਅਸਲੀਅਤ ਇਹ ਸੀ ਕਿ ਉਹ ਨੌਜਵਾਨ ਕਬੱਡੀ ਖੇਡਦਿਆਂ ਸਮੈਕ ਪੀਣ ਲੱਗਾ ਤੇ ਆਪਣੇ ਖ਼ਰਚੇ ਦੀ ਪੂਰਤੀ ਲਈ ਜੁਰਮ ਉਸ ਦੀ ਮਜਬੂਰੀ ਬਣ ਗਿਆ ਸੀ। ਉਸ ਪਿੰਡ ਦੇ ਵੀਹ ਤੋਂ ਵੱਧ ਨੌਜਵਾਨ ਕਬੱਡੀ ਖੇਡਦਿਆਂ-



Sri Satguru Jagjit Singh Ji eLibrary NamdhariElibrary@gmail.com

ਖੇਡਦਿਆਂ ਸਮੈਕ ਪੀਣ ਦੇ ਆਦੀ ਹੋ ਗਏ ਹਨ। ਨਸ਼ਿਆਂ ਦੀ ਆਦਤ ਨੂੰ ਨਾ ਮੰਨਣ ਪੱਖੋਂ ਸਾਡੀ ਹਾਲਤ ਉਸ ਸ਼ਰਾਬੀ ਵਰਗੀ ਹੈ, ਜਿਸ ਨੇ ਮੂੰਹ ਹਨੇਰੇ ਠੇਕੇ ਤੋਂ ਅਧੀਆ ਲਿਆ ਤੇ ਸਾਈਕਲ 'ਤੇ ਚੜ੍ਹਨ ਸਮੇਂ ਡਿੱਕ ਡੋਲੇ ਖਾਂਦਾ-ਖਾਂਦਾ ਖਤਾਨਾਂ ਵਿੱਚ ਜਾ ਡਿੱਗਾ। ਬਲਬ ਦੇ ਚਾਨਣ ਵਿੱਚ ਜਾ ਕੇ ਉਸ ਨੇ ਆਪਣੇ ਗਿੱਲੇ ਕਮੀਜ਼ ਨੂੰ ਦੇਖਿਆ ਤੇ ਬੋਲਿਆ, 'ਸ਼ੁਕਰ ਆ ਖ਼ੂਨ ਈ ਆ, ਮੈਂ ਤਾਂ ਡਰ ਗਿਆ ਸੀ ਕਿ ਕਿਤੇ ਅਧੀਆ ਨਾ ਟੁੱਟ ਗਿਆ ਹੋਵੇ।'

ਇੱਕ ਸੱਜਣ ਕਹਿਣ ਲੱਗੇ, ਥਾਣਿਆਂ ਵਿੱਚ ਔਰਤਾਂ ਦਾ ਸਤਿਕਾਰ ਬਹਾਲ ਕਰੋ। ਔਰਤ ਘਰ ਵਾਂਗ ਹੀ ਥਾਣੇ ਜਾ ਸਕੇ। ਅਜਿਹਾ ਕਰਨ ਨਾਲ ਨਸ਼ਿਆਂ ਦੀ ਰੋਕਥਾਮ ਤੇ ਪ੍ਰਭਾਵਸ਼ਾਲੀ ਅਸਰ ਪਵੇਗਾ। ਮੇਰੇ ਲਈ ਇਹ ਨਵੀਂ ਗੱਲ ਸੀ। ਭਾਵੇਂ ਕਿ ਇਹ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਨਸ਼ਿਆਂ ਦੇ ਦੁਖਾਂਤ ਦਾ ਵੱਡਾ ਹਿੱਸਾ ਔਰਤ ਸਹਾਰ ਰਹੀ ਹੈ। ਇੱਕ ਵਿਅਕਤੀ ਨੇ ਦੱਸਿਆ ਕਿ ਮੇਰੇ ਕੋਲ ਕੰਮ ਕਰਦਾ ਇੱਕ ਨੌਜਵਾਨ ਮਾਨਸਿਕ ਤਣਾਓ ਵਿੱਚ ਰਹਿਣ ਲੱਗਾ। ਉਸ ਦੇ ਸਾਥੀ ਨੌਜਵਾਨ ਨੇ ਕਿਹਾ ਕਿ ਇਹ ਕੈਪਸੂਲ ਖਾਂਦਾ ਹੈ ਤੇ ਇਸ ਦੀ ਮੰਗੇਤਰ ਨੇ ਪਤਾ ਲੱਗਣ ਤੇ ਵਿਆਹ ਤੋਂ ਨਾਂਹ ਕਰ ਦਿੱਤੀ। ਤੁਰੰਤ ਹੀ ਡਾਕਟਰ ਤੋਂ ਉਸ ਦਾ ਇਲਾਜ ਸ਼ੁਰੂ ਕਰਵਾਇਆ ਗਿਆ। ਉਸੇ ਸ਼ਾਮ ਇੱਕ ਸੱਜਣ ਉਸ ਕੁੜੀ ਦੇ ਬਾਪ ਨੂੰ ਮਿਲਿਆ, ਇਜਾਜ਼ਤ ਲੈ ਕੇ ਲੜਕੀ ਤੇ ਉਸ ਮੁੰਡੇ ਨੂੰ ਗੁਰਦੁਆਰਾ ਸਾਹਿਬ ਲੈ ਕੇ ਗਏ। ਕੁੜੀ ਨੂੰ ਕੁਝ ਸਮਾਂ ਦੇਣ ਲਈ ਵਾਸਤਾ ਪਾਇਆ। ਉਹ ਮੁੰਡਾ ਗੁਰੂ ਘਰ ਹੀ ਰੁਕ ਗਿਆ, ਝਾੜੂ ਦਿੰਦਾ, ਜੋੜਿਆਂ ਦੀ ਸੇਵਾ ਕਰਦਾ ਅਤੇ ਦੁਪਿਹਰ ਵੇਲੇ ਫ਼ਰਸ਼ 'ਤੇ ਲੇਟ ਜਾਂਦਾ। ਤਿੰਨ ਮਹੀਨਿਆਂ ਬਾਅਦ ਉਹ ਪੂਰੇ ਵਿਸ਼ਵਾਸ ਵਿੱਚ ਸੀ। ਅਜਿਹੇ ਵਿਅਕਤੀਆਂ, ਲੜਕੀਆਂ ਤੇ ਨੌਜਵਾਨਾਂ ਨੂੰ ਅੱਗੇ ਲਿਆਉਣ ਦੀ ਵੱਡੀ ਲੋੜ ਹੈ। ਆਪਾਂ ਕੋਈ ਉਤਸ਼ਾਹ ਦੇਣ ਵਾਲਾ ਸਮਾਜਿਕ ਮਾਡਲ ਤਿਆਰ ਕਰੀਏ। ਔਰਤ ਨੂੰ ਬਣਦਾ ਹੀ ਨਹੀਂ ਉਸ ਤੋਂ ਉੱਚਾ ਮਾਣ ਸਨਮਾਨ ਦੇਈਏ। ਜ਼ਿੰਦਗੀ ਨੂੰ ਝਾੜੀਆਂ-ਝਾਫਿਆਂ ਵਿੱਚੋਂ ਕੱਢ ਕੇ ਫੁੱਲਾਂ ਲੱਦੀਆਂ ਪਗਡੰਡੀਆਂ ਤੇ ਪਾ ਦੇਣਾ, ਔਰਤ ਦੀ ਅਥਾਹ ਸ਼ਕਤੀ ਹੈ।

ਇੱਕ ਵਿਅਕਤੀ ਨੇ ਵਾਸਤਾ ਪਾਇਆ ਕਿ ਉਸ ਨੂੰ ਥਾਣੇ ਬੁਲਾਇਆ ਜਾ ਰਿਹਾ ਹੈ। ਜਦ ਮੈਂ ਕਾਰਨ ਪੁੱਛਿਆ ਤਾਂ ਉਹ ਧਾਹੀਂ ਰੋਣ ਲੱਗਾ। ਦਰਅਸਲ ਉਸ ਦਾ ਵੀਹ ਵਰ੍ਹਿਆਂ ਦਾ ਪੁੱਤ ਸਮੈਕ ਪੀਣ ਦਾ ਆਦੀ ਹੋ ਗਿਆ ਸੀ। ਦਿਨ ਛਿਪਣ ਵੇਲੇ ਉਹ ਕੋਠੇ ਚੜ੍ਹ ਜਾਂਦਾ ਤੇ ਮਾਂ-ਬਾਪ ਤੋਂ ਸਮੈਕ ਲਈ ਪੈਸੇ ਮੰਗਦਾ, ਨਾਂਹ ਕਰਨ ਦੀ ਸੂਰਤ ਵਿੱਚ ਕੋਠੇ ਤੋਂ ਛਾਲ ਮਾਰਨ ਦੀ ਧਮਕੀ ਦਿੰਦਾ। ਹਾਲਾਤ ਨਾਲ ਸਮਝੌਤਾ ਕਰਦਿਆਂ ਮਾਂ-ਬਾਪ ਨੇ ਉਸ ਨੂੰ ਘਰ ਵਿੱਚ ਹੀ ਸਾਂਭਣ ਤੇ ਸੀਮਤ ਨਸ਼ੇ ਦੀ



Sri Satguru Jagjit Singh Ji eLibrary NamdhariElibrary@gmail.com

ਜ਼ਿੰਮੇਵਾਰੀ ਆਪ ਸੰਭਾਲ ਲਈ ਸੀ। ਸਮੈਕ ਵੇਚਣ ਵਾਲਾ ਫੜਿਆ ਗਿਆ ਤੇ ਖ਼ਰੀਦਦਾਰਾਂ ਦੀ ਲਿਸਟ ਵਿੱਚ ਉਸ ਦੇ ਮਾਂ-ਬਾਪ ਦਾ ਨਾਮ ਵੀ ਲਿਖਵਾ ਦਿੱਤਾ ਸੀ।

ਸਮੈਕ ਪੀਂਦੇ ਤਿੰਨ ਨੌਜਵਾਨਾਂ ਨੂੰ ਪੁਲੀਸ ਨੇ ਮੌਕੇ 'ਤੇ ਗ੍ਰਿਫ਼ਤਾਰ ਕੀਤਾ ਸੀ। ਕਿੱਥੋਂ ਖ਼ਰੀਦੀ, ਕੌਣ-ਕੌਣ ਪੀਂਦਾ ਤੇ ਵੇਚਦਾ, ਮੈਂ ਇਕੱਲੇ-ਇਕੱਲੇ ਤੋਂ ਵਿਸਥਾਰ ਪੁੱਛ-ਗਿੱਛ ਕਰਨ ਲੱਗਾ। ਤੀਜਾ ਵਿਅਕਤੀ ਜੋ ਪਹਿਲੇ ਦੋ ਨਾਲ ਹੁੰਦੀ ਵਾਰਤਾਲਾਪ ਸੁਣ ਚੁੱਕਿਆ ਸੀ, ਆਪਣੇ ਆਪ ਹੀ ਬੋਲਿਆ, 'ਜਿਹੜਾ ਪੀਣ ਲੱਗ ਜਾਵੇ, ਉਸ ਨੂੰ ਵੇਚਣੀ ਪੈਂਦੀ ਹੀ ਆ। ਜਿਹੜਾ ਵੇਚਣ ਲੱਗ ਜਾਵੇ, ਉਸ ਲਈ ਨਸ਼ਾ ਛੱਡਣਾ ਬਹੁਤ ਔਖਾ ਹੋ ਜਾਂਦਾ ਹੈ। ਵਹਿਣੀ-ਉਠਣੀ ਤੇ ਸਾਥ ਉਸ ਨੂੰ ਪਿੱਛੇ ਮੁੜਨ ਨਹੀਂ ਦਿੰਦੇ।' ਸਮੈਕ ਤੇ ਹੈਰੋਇਨ ਵਰਗਾ ਮਹਿੰਗਾ ਨਸ਼ਾ ਹਾਸਲ ਕਰਨ ਲਈ ਨੌਜਵਾਨ ਜਲਦੀ ਹੀ ਜੁਰਮ ਕਰਨ ਲੱਗਦੇ ਹਨ। ਨਸ਼ਾ ਉਨ੍ਹਾਂ ਨੂੰ ਘੁਣ ਵਾਂਗ ਖਾਣ ਲਗਦਾ ਹੈ। ਇੱਥੇ ਹੀ ਬੱਸ ਨਹੀਂ ਨਸ਼ੇ ਦੀ ਤੋੜ ਨਾ ਝੱਲਦੇ ਹੋਏ ਉਹ ਪਰਿਵਾਰ ਦੀ ਇੱਜ਼ਤ ਵੀ ਦਾਅ 'ਤੇ ਲਾ ਦਿੰਦੇ ਹਨ। ਪਰਿਵਾਰਕ ਮੋਹ ਤੇ ਰਿਸ਼ਤਿਆਂ ਦਾ ਨਿੱਘ ਇਹ ਸਭ ਕੁਝ ਰੇਤ ਵਾਂਗ ਉੱਡ-ਪੁੱਡ ਜਾਂਦਾ ਹੈ। ਇੱਕ ਨੌਜਵਾਨ ਨੇ ਮਰ ਗਈ ਮਾਂ ਦੇ ਪੈਰਾਂ ਵਿੱਚ ਮੱਥਾ ਟੇਕੇ ਦਸ-ਵੀਹ ਰੁਪਏ ਦੇ ਨੋਟ ਇਕੱਠੇ ਕੀਤੇ ਅਤੇ ਮੋਟਰ ਸਾਈਕਲ 'ਤੇ ਸਵਾਰ ਹੋ ਗਿਆ। ਲਾਗਲੇ ਪਿੰਡ ਵਿੱਚੋਂ ਉਸ ਨੇ ਸਮੈਕ ਦੇ ਦੋ ਸੂਟੇ ਲਾਏ, ਉਥੋਂ ਸਿੱਧਾ ਸ਼ਮਸਾਨਘਾਟ ਪਹੁੰਚਿਆ ਤੇ ਮਾਂ ਦੀ ਚਿਖਾ ਨੂੰ ਅਗਨੀ ਭੇਟ ਕੀਤੀ।

ਇੱਕ ਸਕੂਲ ਅਧਿਆਪਕ ਨੇ ਆਪਣੀ ਵਿਦਾਇਗੀ ਪਾਰਟੀ ਸਮੇਂ ਐਲਾਨ ਕੀਤਾ ਕਿ ਬਾਕੀ ਰਹਿੰਦੀ ਜ਼ਿੰਦਗੀ ਉਹ ਨੌਜਵਾਨਾਂ ਨੂੰ ਸਾਰਥਿਕ ਜ਼ਿੰਦਗੀ ਦੀ ਸੇਧ ਅਤੇ ਨਸ਼ਿਆਂ ਵਿਰੁੱਧ ਸੁਚੇਤ ਕਰਨ ਲਈ ਸਮਰਪਿਤ ਕਰੇਗਾ ਪਰ ਇੰਝ ਹੋ ਨਹੀਂ ਸਕਿਆ। ਉਸ ਸ਼ਾਮ ਜਦ ਉਹ ਘਰ ਪਹੁੰਚਿਆ ਤਾਂ ਸਮੈਕ ਨਾਲ ਰੱਜਿਆ ਉਸਦਾ ਨੌਜਵਾਨ ਪੁੱਤ ਉਸੇ ਸਮੇਂ ਘਰ ਵੜਿਆ। ਬਾਪ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਅਤੇ ਦੋਹਾਂ ਵਿੱਚ ਤਕਰਾਰ ਹੋਇਆ। ਪੁੱਤ ਨੇ ਫ਼ਰਸ਼ 'ਤੇ ਪਏ ਗਲਾਸ ਨੂੰ ਠੁੱਡਾ ਮਾਰਿਆ ਤੇ ਬਚੀ ਹੋਈ ਚਾਹ ਬਾਪ ਦੇ ਕੱਪੜਿਆਂ ਉੱਤੇ ਪੈ ਗਈ। 'ਮੈਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ, ਇਸੇ ਲਈ ਮਰ ਰਿਹਾ ਹਾਂ। ਮੇਰੀ ਮੌਤ ਲਈ ਕੋਈ ਵੀ ਜ਼ਿੰਮੇਵਾਰ ਨਹੀਂ ਹੈ।' ਇਹ ਅੱਖਰ ਲਿਖ ਕੇ ਉਸ ਅਧਿਆਪਕ ਨੇ ਪਹਿਲੇ ਪਹਿਰ ਆਤਮ-ਹੱਤਿਆ ਕਰ ਲਈ ਸੀ। ਦਰਅਸਲ ਉਹ ਨਹੀਂ, ਉਸ ਸਕੂਲ ਅਧਿਆਪਕ ਦੀ ਰਿਟਾਇਰਮੈਂਟ ਤੋਂ ਬਾਅਦ ਕੁਝ ਕੁ ਘੰਟਿਆਂ ਦੀ ਬਚੀ ਜ਼ਿੰਦਗੀ ਲਈ ਨਸ਼ੇ ਸਮਰਪਿਤ ਹੋ ਗਏ ਸਨ।

ਪਿਛਲੇ ਵਰ੍ਹੇ ਦੀ ਗੱਲ ਹੈ। ਕੈਨੇਡਾ ਵਸਦਾ ਇੱਕ ਵਿਅਕਤੀ ਆਪਣੀ ਧੀ, ਪੁੱਤ ਅਤੇ ਪਤਨੀ ਸਮੇਤ ਆਪਣੇ ਪਿਤਾ ਦੇ ਫੁੱਲ ਪਾਉਣ ਲਈ ਪੰਜਾਬ ਆਇਆ। ਗੰਭੀਰ ਮਾਹੌਲ ਵਿੱਚ ਰਸਮੋ-ਰਿਵਾਜ ਪੂਰੇ ਕੀਤੇ ਗਏ। ਉਹ ਵਿਅਕਤੀ



Sri Satguru Jagjit Singh Ji eLibrary NamdhariElibrary@gmail.com

ਸ਼ਰਾਬ ਕਾਰਨ ਸ਼ੂਗਰ ਅਤੇ ਦਿਲ ਦੀ ਬਿਮਾਰੀ ਦਾ ਮਰੀਜ਼ ਬਣ ਚੁੱਕਿਆ ਸੀ। ਪੰਜਾਬ ਆ ਕੇ ਉਹ ਕੁਝ ਦਿਨ ਸ਼ਰਾਬ ਪੀਂਦਾ ਰਿਹਾ ਅਤੇ ਇੱਕ ਦਿਨ ਸੁੱਤਾ ਹੀ ਰਹਿ ਗਿਆ। ਸ਼ਮਸ਼ਾਨਘਾਟ ਵਿੱਚ ਲਿਜਾਣ ਸਮੇਂ ਜਦੋਂ ਉਸ ਦੀ ਅਰਥੀ ਚੁੱਕਣ ਲੱਗੇ ਤਾਂ ਉਸ ਦਾ ਚੌਦਾਂ ਵਰ੍ਹਿਆਂ ਦਾ ਪੁੱਤ ਬੋਲਿਆ, 'ਇੱਕ ਮਿੰਟ ਠਹਿਰੋ।' ਕੱਪੜਾ ਪਾਸੇ ਕਰ ਕੇ ਉਸ ਨੇ ਆਪਣੇ ਬਾਪ ਦਾ ਚਿਹਰਾ ਦੇਖਿਆ, ਛਾਤੀ 'ਤੇ ਹੱਥ ਫੇਰਿਆ ਅਤੇ ਫਿਰ ਬੋਲਿਆ, 'ਦੋ ਮਿੰਟ ਹੋਰ।' ਜਦੋਂ ਉਸ ਦੀ ਚਿਖਾ ਚਿਣਨ ਲੱਗੇ ਤਾਂ ਉਸ ਦੀ ਧੀ ਹਰ ਭਾਰੀ ਲੱਕੜ ਨੂੰ ਪਾਸੇ ਰਖਵਾ ਦਿੰਦੀ, ਰੋਂਦੀ-ਕੁਰਲਾਉਂਦੀ ਅਤੇ ਹਾਲੋ-ਬੇਹਾਲ ਹੋਈ ਉਹ ਬੋਲੀ, 'ਇੰਨਾਂ ਭਾਰ ਪਾਪਾ ਦੀ ਛਾਤੀ 'ਤੇ ਕਿਉਂ ਰੱਖੀ ਜਾਂਦੇ ਹੋ।' ਕੜ-ਕੜ ਮੱਚਦੀਆਂ ਲੱਕੜਾਂ ਦੀ ਅਵਾਜ਼ ਵਿੱਚ ਉਸ ਔਰਤ ਨੇ ਆਪਣੀ ਧੀ ਅਤੇ ਪੁੱਤ ਨੂੰ ਸੰਬੋਧਨ ਹੁੰਦਿਆਂ ਲੜਖੜਾਉਂਦੀ ਅਵਾਜ਼ ਵਿੱਚ ਕਿਹਾ, 'ਕੈਨੇਡਾ ਜਾ ਕੇ ਕੀ ਦੱਸਾਂਗੇ, ਕੀਹਦੇ-ਕੀਹਦੇ ਫੁੱਲ ਪਾ ਆਏ ਹਾਂ।'

ਪਿਛਲੀ ਸਦੀ ਵਿੱਚ ਫ਼ਸਲਾਂ 'ਤੇ ਟਿੱਡੀ ਦਲ ਦਾ ਹਮਲਾ ਹੋਣ ਲੱਗਾ। ਇਨ੍ਹਾਂ ਫਸਲੀ ਕੀੜਿਆਂ ਦੇ ਵਿਸ਼ੇਸ਼ ਲੱਛਣ ਸਨ ਕਿ ਇਨ੍ਹਾਂ ਦਾ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਸੀ, ਇਹ ਲੰਬਾ ਸਫ਼ਰ ਤੈਅ ਕਰਦੇ ਅਤੇ ਇਨ੍ਹਾਂ ਕੀੜਿਆਂ ਦੇ ਝੁੰਡ ਰਾਤੋ-ਰਾਤ ਖੇਤਾਂ ਦੇ ਖੇਤ ਛਕ ਜਾਂਦੇ ਸਨ। ਜਦ ਇਹ ਝੁੰਡ ਉੱਡਦੇ ਤਾਂ ਬੱਦਲਾਂ ਵਾਂਗ ਧਰਤੀ 'ਤੇ ਛਾਂ ਕਰ ਦਿੰਦੇ ਸਨ। ਦੱਖਣੀ ਅਫਰੀਕਾ ਦੇ ਰੇਤਲੇ ਇਲਾਕਿਆਂ 'ਚੋਂ ਮੀਂਹ ਪੈਣ ਨਾਲ ਇਨ੍ਹਾਂ ਦੇ ਆਂਡਿਆਂ 'ਚੋਂ ਬੱਚੇ ਨਿਕਲਦੇ, ਬਰਸਾਤ ਕਾਰਨ ਹੋਈ ਹਰਿਆਵਲ, ਇਨ੍ਹਾਂ ਦਾ ਖਾਣਾ ਬਣਦਾ। ਉੱਥੋਂ ਸਮੁੰਦਰੋਂ ਉੱਪਰ, ਸਿੰਧ, ਰਾਜਸਥਾਨ ਰਾਹੀਂ ਇਹ ਕੀੜੇ ਪੰਜਾਬ ਦੇ ਖੇਤਾਂ ਤੱਕ ਮਾਰ ਕਰਦੇ। ਟਿੱਡੀ ਦਲ ਤੋਂ ਫ਼ਸਲਾਂ ਬਚਾਉਣ ਲਈ ਲੋਕ ਪੀਪਿਆਂ ਨਾਲ ਖੜਕਾ ਕਰਦੇ ਅਤੇ ਛਿਟੀਆਂ ਦੇ ਝਾਫੇ ਲੈ ਕੇ ਇਨ੍ਹਾਂ ਕੀੜਿਆਂ ਦੇ ਝੁੰਡਾਂ ਨੂੰ ਭਜਾਉਂਦੇ ਜਾਂ ਮਾਰਦੇ। ਖੇਤੀ ਉਤਪਾਦਨ ਦੀ ਹੋਂਦ ਖਤਰਾ ਬਣ ਗਈ ਸੀ।

ਇਸ ਗੰਭੀਰਤਾ ਨੂੰ ਦੇਖਦਿਆਂ ਸੰਯੁਕਤ ਰਾਸ਼ਟਰ ਨੇ ਅੰਤਰਰਾਸ਼ਟਰੀ ਟਿੱਡੀ ਦਲ ਕੰਟਰੋਲ ਬੋਰਡ ਦੀ ਸਥਾਪਨਾ ਕੀਤੀ। ਖੇਤੀ ਸਾਇੰਸਦਾਨਾਂ ਨੇ ਇਨ੍ਹਾਂ ਕੀੜਿਆਂ ਨੂੰ ਖੇਤ ਚਟਮ ਕਰਦੇ ਹੋਏ ਦੇਖਿਆ ਤੇ ਇਨ੍ਹਾਂ ਦੀ ਪੈੜ ਨੱਪਦੇ-ਨੱਪਦੇ, ਦੱਖਣੀ ਅਫਰੀਕਾ ਦੇ ਰੇਤਲੇ ਇਲਾਕਿਆਂ ਤੱਕ ਪਹੁੰਚ ਗਏ। ਇਸ ਖੇਤਰ ਨੂੰ ਉਨ੍ਹਾਂ ਕਈ ਹਿੱਸਿਆਂ ਵਿੱਚ ਵੰਡ ਲਿਆ। ਹਵਾਈ ਜਹਾਜ਼ ਇਨ੍ਹਾਂ ਖੇਤਰਾਂ 'ਤੇ ਮੰਡਰਾਉਂਦੇ ਰਹਿੰਦੇ। ਮੌਸਮ ਤੇ ਕੀਟਨਾਸ਼ਕ ਮਾਹਿਰ ਤਿੱਖੀਆਂ ਨਜ਼ਰਾਂ ਨਾਲ ਅਸਮਾਨ ਨੂੰ ਛਾਣਦੇ ਰਹਿੰਦੇ। ਜਦ ਵੀ ਬੱਦਲ ਇਕੱਠੇ ਹੁੰਦੇ, ਉਨ੍ਹਾਂ ਦਾ ਪਿੱਛਾ ਕੀਤਾ ਜਾਂਦਾ ਤੇ ਮੀਂਹ ਪੈਣ ਵਾਲੇ ਖੇਤਰ ਤੇ ਸਪਰੇਅ ਕਰ ਕੇ ਇਨ੍ਹਾਂ ਕੀੜਿਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ



Sri Satguru Jagjit Singh Ji eLibrary NamdhariElibrary@gmail.com

ਜਾਂਦਾ। ਹਰ ਚੌਵੀ ਘੰਟਿਆਂ ਬਾਅਦ ਇਹ ਵਿਗਿਆਨੀ ਮੀਟਿੰਗਾਂ ਕਰਦੇ। ਕਈ ਵਾਰ ਰਿਪੋਰਟ ਹੁੰਦੀ, ਬੱਦਲ ਇਕੱਠੇ ਜ਼ਰੂਰ ਹੋਏ ਸਨ ਪਰ ਮੀਂਹ ਨਹੀਂ ਪਿਆ। ਇਸ ਪੱਧਰ ਦੀ ਗੰਭੀਰਤਾ ਨਾਲ ਹੀ ਟਿੱਡੀ ਦਲ ਨੂੰ ਕੰਟਰੋਲ ਕੀਤਾ ਜਾ ਸਕਿਆ ਸੀ। ਅੱਜ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਇਸ ਤੋਂ ਵੱਧ ਗੰਭੀਰਤਾ ਦੀ ਲੋੜ ਹੈ। ਨਸ਼ੇ ਨੌਜਵਾਨਾਂ ਨੂੰ ਟਿੱਡੀ ਦਲ ਵਾਂਗ ਹੀ ਖ਼ਤਮ ਕਰ ਰਹੇ ਹਨ।

ਪਿਛਲੇ ਮਹੀਨੇ ਮੈਂ ਇੱਕ ਲੇਖ ਦੇ ਅੰਤ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਧੱਸ ਗਏ ਨੌਜਵਾਨਾਂ ਦੀ ਮੱਦਦ ਲਈ ਪੁਕਾਰ ਕੀਤੀ ਸੀ। ਬਹੁਤ ਲੋਕਾਂ ਨੇ ਹਿੱਸਾ ਪਾਇਆ ਅਤੇ ਕੁਝ ਕੁ ਨੇ ਆਪਣੇ ਵਿਚਾਰ ਵੀ ਸਾਂਝੇ ਕੀਤੇ ਸਨ। ਇੱਕ ਕੁੜੀ ਨੇ ਦੱਸਿਆ ਕਿ ਮੇਰਾ ਵੀਰ ਵੀ ਨਸ਼ੇ ਕਰਨ ਲੱਗ ਗਿਆ ਸੀ। ਮਾਂ ਨੇ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ। ਜਦੋਂ ਉਹ ਨਸ਼ਿਆਂ ਦੀ ਤੋੜ ਕਾਰਨ ਤੜਫ ਰਿਹਾ ਸੀ ਤਾਂ ਮੈਂ ਕੁਝ ਸਤਰ੍ਹਾਂ ਲਿਖੀਆਂ ਸਨ। ਪੰਜਾਬ ਦੀ ਧੀ ਦੀਆਂ ਇਹ ਸਤਰ੍ਹਾਂ ਅਗਲੇ ਸਫ਼ਰ ਲਈ ਤੁਹਾਡੇ ਹਵਾਲੇ ਹਨ :-

*ਉਠੋ ਨੀ ਸਮੇਂ, ਦੀਓ ਸਰਕਾਰੋ,*
*ਰਲ ਕੇ ਕੋਈ, ਹੰਭਲਾ ਮਾਰੋ,*
*ਨਸ਼ੇ ਛੁਡਾ ਦੋ, ਵੀਰ ਬਚਾ ਦੋ,*
*ਤਪਦੇ ਸੀਨੇ, ਠੰਢ ਵਰਤਾ ਕੇ,*
*ਸਾਡੀ ਝੋਲੀ, ਖ਼ੁਸ਼ੀਆਂ ਪਾ ਦੋ।*

•



Sri Satguru Jagjit Singh Ji eLibrary NamdhariElibrary@gmail.com

## ਸਮਾਂ ਹੱਥ ਨੀ ਆਇਆ ਰਾਜੇ ਰਾਣੀਆਂ ਦੇ

ਨਵੰਬਰ 2014 ਦਾ ਪਹਿਲਾ ਹਫਤਾ, ਮਿੱਠੀ-ਮਿੱਠੀ ਰੁੱਤ, ਦਿਨ ਛਿਪਣ ਦਾ ਵੇਲਾ, ਚਰੀ ਤੇ ਬਾਜਰੇ ਦੇ ਕਿਆਰੇ 'ਚ ਦੀ ਲੰਘ ਕੇ ਵਾਹੇ ਹੋਏ ਖੇਤ ਨੂੰ ਪਾਣੀ ਲੱਗ ਰਿਹਾ ਸੀ। ਮੈਂ ਧਰਤੀ ਨੂੰ ਪਾਣੀ ਪੀਂਦਿਆਂ ਤੱਕਿਆ। ਖੇਤ ਵਿੱਚ ਬਗਲਿਆਂ ਦੀ ਡਾਰ ਆ ਬੈਠੀ ਸੀ। ਬੁਲਬੁਲਾਂ ਦਾ ਜੋੜਾ ਤੇ ਪੰਜ-ਛੇ ਕਾਲੀਆਂ ਚਿੜੀਆਂ ਚਰ੍ਹੀ ਦੇ ਦੁੰਬਿਆਂ ਤੇ ਬਾਜਰੇ ਦੇ ਸਿੱਟਿਆਂ ਤੇ ਚਹਿ-ਚਹਾਉਣ ਲੱਗੀਆਂ। ਉਹ ਥੋੜ੍ਹੀ ਦੇਰ ਬੈਠਦੀਆਂ ਤੇ ਝੱਟ-ਪੱਟ ਆਪਣਾ ਥਾਂ ਬਦਲ ਲੈਂਦੀਆਂ। ਇਸ ਹਿਲ-ਜੁਲ ਨਾਲ ਸਿੱਟੇ ਤੇ ਦੁੰਬੇ ਥੋੜ੍ਹੀ ਦੇਰ ਇੱਧਰ-ਉੱਧਰ ਹਿੱਲਦੇ ਰਹਿੰਦੇ। ਹਲਕੀ ਜਿਹੀ ਇਹ ਹਲ-ਚਲ ਬੂਟਿਆਂ ਦੇ ਪੱਤਿਆਂ ਤੱਕ ਵੀ ਪਹੁੰਚਣ ਲੱਗੀ। ਸੂਰਜ ਦੀਆਂ ਕਿਰਨਾਂ ਜਦ ਇਨ੍ਹਾਂ ਹਿਲਦੇ ਪੱਤਿਆਂ ਵਿੱਚ ਦੀ ਲੰਘਦੀਆਂ ਤਾਂ ਹਰੇ ਰੰਗ ਦੇ ਕਈ ਸ਼ੇਡ ਨਜ਼ਰ ਆਉਂਣ ਲੱਗੇ। ਡੁੱਬਦੇ ਸੂਰਜ ਦੀ ਘਸਮੈਲੀ ਲਾਲੀ ਇਨ੍ਹਾਂ ਹਰੇ ਰੰਗਾਂ ਨੂੰ ਕਿਨਾਰੀ ਲਾਉਂਣ ਲੱਗੀ। ਇੱਕ ਸਮਾਂ ਸੀ ਜਦੋਂ ਖੇਤਾਂ ਦਾ ਰੂਪ ਕਾਮੇ ਮੁੰਡਿਆਂ ਨੂੰ ਚੜ੍ਹ ਜਾਂਦਾ ਸੀ। ਲਾਲ-ਗੁਲਾਬੀ ਚੀਰਿਆਂ ਵਾਲੇ ਮੁੱਛ-ਫੁੱਟ ਗੱਭਰੂ ਮੇਲਿਆਂ 'ਚੋਂ ਬੰਸਰੀਆਂ ਤੇ ਅਲਗੋਜ਼ੇ ਖ਼ਰੀਦਦੇ। ਅੱਲ੍ਹੜ ਉਮਰ ਦੀਆਂ ਉਮੰਗਾਂ, ਮਿਹਨਤ-ਮੁਸ਼ੱਕਤ ਤੇ ਕੌਲ-ਕਰਾਰਾਂ ਦੀ ਬੁੱਕਲ ਮਾਰ ਲੈਂਦੀਆਂ। ਪਰ ਖੇਤਾਂ ਨਾਲੋਂ ਟੁੱਟ ਕੇ ਨੌਜਵਾਨ ਜ਼ਿੰਦਗੀ ਦੇ ਸੁਹੱਪਣ ਤੇ ਮਿਠਾਸ ਤੋਂ ਵਾਂਝੇ ਰਹਿ ਗਏ ਹਨ।

ਮੈਨੂੰ ਪੁੰਗਰਦੇ ਬੀਜ ਚੰਗੇ ਲਗਦੇ ਹਨ, ਜਦੋਂ ਛੋਟੀਆਂ-ਛੋਟੀਆਂ ਤੂਈਆਂ ਮਿੱਟੀ ਪਰੇ ਹਟਾ ਕੇ ਜ਼ਿੰਦਗੀ ਜਿਊਂਣ ਲਈ ਅੰਗੜਾਈ ਲੈਂਦੀਆਂ ਹਨ। ਮੱਕੀ ਤੇ ਕਮਾਦ ਦੇ ਖੇਤ ਇਸ ਸੁਹੱਪਣ ਦਾ ਸਿਖਰ ਹਨ। ਕਣਕ ਦੇ ਖੇਤ ਨੂੰ ਲਗਦਾ ਪਹਿਲਾ ਪਾਣੀ ਕੁਦਰਤ ਦੀ ਸੁੰਦਰਤਾ ਦਾ ਅਦਭੁਤ ਦ੍ਰਿਸ਼ ਹੈ। ਆਲੂਆਂ ਦੀਆਂ ਕਿਆਰੀਆਂ 'ਚ ਦੀ ਤੇਜ਼ੀ ਨਾਲ ਵਗਦਾ ਪਾਣੀ, ਮਿੱਟੀ ਤੇ ਪਾਣੀ ਦੇ ਆਪਸ 'ਚ ਸਮੋ ਜਾਣ ਦਾ ਮੋਹਣਾ ਚਿੱਤਰ ਹੈ। ਕਪਾਹ ਚੁਗਦੀਆਂ ਔਰਤਾਂ, ਮੱਕੀ ਦੇ ਖੇਤ 'ਚ ਮੁਹਾਰੇ ਲਾਉਂਦੇ ਕਾਮੇ, ਪਾਣੀ ਦਾ ਭਰਿਆ ਵਗਦਾ ਖਾਲ਼ ਤੇ ਖੇਤ ਵਾਹੁੰਦੇ ਟਰੈਕਟਰ ਦੀ ਆਵਾਜ਼, ਖੇਤਾਂ ਵਿੱਚ ਵਸਦਾ ਪੰਜਾਬ ਸੋਹਣਾ ਲਗਦਾ ਹੈ। ਸੂਰਜ ਛਿਪਦਿਆਂ ਪਿੰਡ ਦੇ ਗੁਰਦੁਆਰੇ ਤੋਂ ਰਹਿਰਾਸ ਸਾਹਿਬ ਦੇ ਪਾਠ ਦੀ ਡੂੰਘੀ ਤੇ ਮਿੱਠੀ ਆਵਾਜ਼, ਪੰਛੀਆਂ ਦਾ ਇੱਕ ਖੇਤ 'ਚੋਂ ਉੱਡ ਕੇ ਦੂਜੇ ਖੇਤ 'ਚ ਬੈਠ ਜਾਣਾ ਅਤੇ ਖੇਤ ਵਿਚਕਾਰ ਟਾਹਲੀ ਦੇ ਰੁੱਖ ਦਾ ਪੱਤਾ-ਪੱਤਾ ਜਿਵੇਂ ਇਹ ਸਭ ਕੁਝ ਸੁਣਦਾ-ਵੇਖਦਾ ਹੋਵੇ। ਕੰਮ ਮੁਕਾ ਕੇ ਖੇਤਾਂ 'ਚੋਂ ਘਰਾਂ ਨੂੰ ਮੁੜਦੇ ਕਾਮਿਆਂ ਦੇ ਆਕਾਰ ਡੁੱਬਦੇ ਸੂਰਜ ਦੀ ਦੁਧੀਆ ਤੇ



Sri Satguru Jagjit Singh Ji eLibrary NamdhariElibrary@gmail.com

ਘੱਟਦੀ ਰੋਸ਼ਨੀ ਦੀ ਆੜ 'ਚ ਲੋਪ ਹੁੰਦੇ ਨਜ਼ਰ ਆਉਂਦੇ। ਕਾਮਿਆਂ ਦੀਆਂ ਅਜਿਹੀਆਂ ਧੁੰਦਲੀਆਂ ਤਸਵੀਰਾਂ ਅੱਗੇ ਮਾਡਰਨ ਜ਼ਿੰਦਗੀ ਦੇ ਰੰਗੀਨ ਚਿੱਤਰ ਵੀ ਫਿੱਕੇ ਲਗਦੇ ਹਨ। ਖੇਤਾਂ ਤੇ ਖੇਤਾਂ ਦੇ ਅਜਿਹੇ ਦ੍ਰਿਸ਼ਾਂ ਤੋਂ ਮੁੱਖ ਮੋੜ ਗਏ ਨੌਜਵਾਨਾਂ ਦੀ ਹੋਂਦ ਜਲੇਬੀਆਂ ਦੇ ਉਸ ਪੂਰ ਵਾਂਗ ਹੈ ਜੋ ਘਿਉ 'ਚ ਤਲ ਤਾਂ ਲਈਆਂ ਜਾਂਦੀਆਂ ਹਨ ਪਰ ਚਾਸ਼ਣੀ 'ਚ ਡੁਬੋਈਆਂ ਨਹੀਂ ਜਾਂਦੀਆਂ।

ਮਿਹਨਤ ਹੀ ਨੌਜਵਾਨਾਂ ਦੀ ਜ਼ਿੰਦਗੀ ਦਾ ਆਦਰਸ਼ ਹੋਣਾ ਚਾਹੀਦਾ ਹੈ। ਪਰਵਾਸੀ ਪੰਛੀਆਂ ਦੀ ਉਡਾਰੀ ਜ਼ਿੰਦਗੀ ਦੇ ਸਿਰੜ ਤੇ ਇਮਤਿਹਾਨ ਦੀ ਕਰੜੀ ਪ੍ਰੀਖਿਆ ਹੈ। ਪਰਵਾਸ ਕਰਨ ਵਾਲੇ ਅਜਿਹੇ ਕਈ ਪੰਛੀ ਚਾਰ-ਚਾਰ ਦਿਨਾਂ ਦੀ ਲੰਬੀ ਉਡਾਰੀ ਭਰਦੇ ਹਨ। ਕੂੰਜਾਂ ਦੀਆਂ ਕੁਝ ਕਿਸਮਾਂ ਸੱਤ ਦਿਨਾਂ ਤੋਂ ਵੱਧ ਉੱਡਣ ਦੀ ਸਮਰੱਥਾ ਰੱਖਦੀਆਂ ਹਨ। ਚੋਗਾ, ਪਾਣੀ, ਆਰਾਮ ਤੇ ਨੀਂਦ ਕੁਝ ਵੀ ਨਹੀਂ, ਪੈਰਾਂ ਤੇ ਲੱਤਾਂ ਨੂੰ ਖਿੱਚ ਕੇ ਪਿੱਛੇ ਨੂੰ ਲੈ ਜਾਣਾ, ਗਰਦਨ ਅੱਗੇ ਨੂੰ ਤਾਣ ਲੈਣੀ, ਖੰਭਾਂ ਨੂੰ ਪੂਰਾ ਫੈਲਾ ਕੇ ਸਫ਼ਰ ਨੂੰ ਨਿਰੰਤਰ ਜਾਰੀ ਰੱਖਣਾ, ਇਨ੍ਹਾਂ ਪੰਛੀਆਂ ਦੀ ਜ਼ਿੰਦਗੀ ਮਿਹਨਤ, ਸਿਰੜ ਤੇ ਕੁਦਰਤ ਦੇ ਸੁਹੱਪਣ ਦੀ ਮਹਾਨ ਦਾਸਤਾਨ ਹੈ। 'ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ' ਕੂੰਜਾਂ ਦੀ ਲੰਬੀ ਉਡਾਰੀ ਅਧਿਆਤਮਿਕ ਸਫ਼ਰ ਦੇ ਪੂਰਨੇ ਵੀ ਪਾਉਂਦੀ ਹੈ। ਮਿਹਨਤੀ ਦਾ ਸਰੀਰ ਵੀ ਕੂੰਜਾਂ ਵਾਗ ਹੀ ਹਲਕਾ-ਫੁਲਕਾ, ਸੋਹਣਾ-ਸੁਨੱਖਾ ਤੇ ਰਿਸ਼ਟ-ਪੁਸ਼ਟ ਹੁੰਦਾ ਹੈ। 'ਸਾਡੀ ਲੰਬੀ ਉਡਾਰੀ ਵੇ, ਬਾਬਲ ਅਸਾਂ ਉੱਡ ਜਾਣਾ' ਪੰਜਾਬੀ ਜੀਵਨ ਦੇ ਥਰਥਰਾਉਂਦੇ ਬੋਲ ਵੀ ਕੂੰਜਾਂ ਤੇ ਧੀਆਂ ਨੇ ਹੀ ਸਾਡੀ ਝੋਲੀ ਪਾਏ ਹਨ।

ਕਿਰਤ ਕਰਦਾ ਬੰਦਾ, ਕੁਦਰਤ ਤੇ ਰੁੱਤਾਂ ਨੂੰ ਮਾਣਦਾ ਆਪਣੇ ਸੱਭਿਆਚਾਰ ਨਾਲ ਕੁਦਰਤੀ ਤੌਰ 'ਤੇ ਜੁੜਿਆ ਹੁੰਦਾ ਹੈ। ਦਰਅਸਲ ਕਿਰਤ ਹੀ ਸੱਭਿਆਚਾਰ ਉਪਜਦੀ ਹੈ। ਕੰਮ ਵਿੱਚ ਰੁੱਝਿਆ ਮਨ ਕੁਦਰਤ ਦੇ ਸੁਹੱਪਣ ਨਾਲ ਇੱਕ-ਮਿੱਕ ਹੋ ਕੇ ਗੁਣ-ਗੁਣਾਉਣ ਲਗਦਾ ਹੈ। ਪੂਰਨਮਾਸ਼ੀ ਦੀ ਰਾਤ, ਖੇਤਾਂ ਨੂੰ ਪਾਣੀ ਲਾਉਂਦੇ ਕਾਮੇ ਦਾ ਹੇਕ ਲਾ ਕੇ ਗਾਉਣ ਲੱਗ ਜਾਣਾ, ਕਿਰਤ ਤੇ ਸੱਭਿਆਚਾਰ ਦਾ ਖ਼ੂਬਸੂਰਤ ਫੁੱਲ ਹੈ। ਅੱਜ ਦਾ ਪੰਜਾਬ ਅਜਿਹੇ ਫੁੱਲਾਂ ਦੀ ਮਹਿਕ ਤੋਂ ਸੱਖਣਾ ਰਹਿ ਗਿਆ ਹੈ। ਇਸ ਸੱਖਣੇ ਤੇ ਖ਼ਾਲੀਪਣ ਕਾਰਨ ਨੌਜਵਾਨ ਭਟਕ ਗਏ ਹਨ।

ਸੰਗੀਤ, ਸਾਹਿਤ ਤੇ ਕਲਾ ਮਨੁੱਖੀ ਜੀਵਨ ਦੀਆਂ ਖ਼ੁਸ਼ਬੋਆਂ ਹਨ। ਸਾਡਾ ਸੱਭਿਆਚਾਰ ਸਾਡੇ ਜੀਵਨ ਨੂੰ ਕਈ ਰੰਗਾਂ ਵਿੱਚ ਰੰਗ ਦਿੰਦਾ ਹੈ। ਅੱਜ ਵੀ ਸਾਡੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਯੂਥ ਫੈਸਟੀਵਲਾਂ ਦੌਰਾਨ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੱਸੀ-ਪੁੰਨੂ ਅਤੇ ਦੁੱਲਾ ਭੱਟੀ ਦੀਆਂ ਲੋਕ-ਗਾਥਾਵਾਂ ਸੁਣ ਕੇ ਦਿਲ ਧੜਕਦਾ ਹੈ। ਲੋਕ-ਗਾਥਾਵਾਂ ਦਾ ਵਹਿਣ ਸਾਡੇ ਸਦੀਵੀ ਦੁੱਖ ਸੋਖ ਲੈਣ ਦੀ



Sri Satguru Jagjit Singh Ji eLibrary NamdhariElibrary@gmail.com

ਸਮਰੱਥਾ ਵੀ ਰੱਖਦਾ ਹੈ। ਛੱਲਾ ਤੇ ਮਿੱਟੀ ਦਾ ਬਾਵਾ ਅਜਿਹੇ ਵਹਾਅ ਦੀ ਹੀ ਉਪਜ ਹਨ, ਜੋ ਦਰਅਸਲ ਦਿਲ ਨੂੰ ਧੂਹ ਪਾਉਣ ਵਾਲੀਆਂ ਸੱਚੀਆਂ ਕਹਾਣੀਆਂ ਹਨ।

ਜੱਲ੍ਹੇ ਮਲਾਹ ਦੇ ਘਰ ਪੁੱਤ ਦੀ ਦਾਤ ਤੋਂ ਬਾਅਦ ਉਸ ਦੀ ਪਤਨੀ ਅੱਲ੍ਹਾ ਨੂੰ ਪਿਆਰੀ ਹੋ ਗਈ ਸੀ। ਸਤਲੁਜ ਕਿਨਾਰੇ ਹਰੀਕੇ ਪੱਤਣ ਜੱਲ੍ਹਾ ਆਪਣੇ ਪੁੱਤ ਛੱਲੇ ਨੂੰ ਕੰਮ 'ਤੇ ਨਾਲ ਹੀ ਲੈ ਜਾਂਦਾ। ਦਰਿਆ ਦੀਆਂ ਲਹਿਰਾਂ ਹੀ ਛੱਲੇ ਨੂੰ ਲੋਰੀਆਂ ਦਿੰਦੀਆਂ। ਸਮਾਂ ਲੰਘਦਾ ਗਿਆ ਗੱਭਰੂ ਹੁੰਦਾ ਛੱਲਾ ਆਪਣੇ ਪਿਉ ਨਾਲ ਬੇੜੀ ਦੇ ਕੰਮ ਵਿੱਚ ਹੱਥ ਵਟਾਉਣ ਲੱਗਾ। ਇੱਕ ਸ਼ਾਮ ਬੱਦਲ ਗਰਜਿਆ, ਬਿਜਲੀ ਲਿਸ਼ਕੀ ਤੇ ਚੜ੍ਹੇ ਦਰਿਆ ਦੀਆਂ ਛੱਲਾਂ ਸ਼ੋਰ ਪਾਉਣ ਲੱਗੀਆਂ। ਜੱਲ੍ਹਾ ਬੇੜੀ ਨੂੰ ਰੱਸਾ ਬੰਨ੍ਹ ਕੇ ਘਰ ਆ ਗਿਆ। ਲੇਕਿਨ ਕੁਝ ਲੋਕਾਂ ਦੇ ਜੋਰ ਪਾਉਣ 'ਤੇ ਛੱਲੇ ਨੇ ਬੇੜੀ ਦਰਿਆ ਵਿੱਚ ਠੇਲ ਦਿੱਤੀ ਤੇ ਲਹਿਰਾਂ ਬੇੜੀ ਨੂੰ ਬਹਾ ਕੇ ਲੈ ਗਈਆਂ। 'ਛੱਲਾ ਬੇੜੀ ਦਾ ਪੂਰ ਏ, ਛੱਲਾ ਬੇਰੀ ਦਾ ਬੂਰ ਏ, ਛੱਲਾ ਮੁੜ ਕੇ ਨੀ ਆਇਆ, ਛੱਲਾ ਨੌਂ-ਨੌਂ ਖੇਵੇ ਪੁੱਤਰ ਮਿੱਠੜੇ ਮੇਵੇ', ਦਰਅਸਲ ਪੁੱਤ ਦੇ ਵਿਛੋੜੇ ਨੂੰ ਨਾ ਸਹਾਰਦਿਆਂ ਜੱਲ੍ਹੇ ਵੱਲੋਂ ਮਾਰੀਆਂ ਦਰਦਨਾਕ ਅਵਾਜ਼ਾਂ ਹਨ। ਮਿੱਟੀ ਦਾ ਬਾਵਾ ਜਿਸ ਨੂੰ ਅਸੀਂ ਹੇਕ ਲਾ ਕੇ ਸਰੂਰ ਨਾਲ ਗਾਉਂਦੇ ਹਾਂ, ਆਪਣੇ ਅੰਦਰ ਅਜਿਹਾ ਹੀ ਦੁੱਖ ਸਮੋਈ ਬੈਠਾ ਹੈ। ਸੱਭਿਆਚਾਰ ਬਹੁਤ ਗਹਿਰੇ ਦੁੱਖ ਨੂੰ ਵੀ ਸਮਾਂ ਪਾ ਕੇ ਮਿਠਾਸ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ। ਲੇਕਿਨ ਸੱਭਿਆਚਾਰ ਦੇ ਨਾਮ ਤੇ ਅੱਜ ਅਸੀਂ ਜੋ ਕੁਝ ਸੁਣਦੇ ਤੇ ਵੇਖਦੇ ਹਾਂ, ਉਹ ਸਾਡੇ ਸੁੱਖਾਂ ਨੂੰ ਵੀ ਦੁੱਖਾਂ ਵਿੱਚ ਬਦਲ ਰਿਹਾ ਹੈ। ਨੌਜਵਾਨ ਪੀੜ੍ਹੀ ਸੱਭਿਆਚਾਰ ਤੋਂ ਦੂਰ ਹੋ ਕੇ ਸੁਹੱਪਣ ਤੇ ਖ਼ੁਸ਼ੀਆਂ ਦੇ ਸਦੀਵੀ ਤੇ ਅਮੁੱਕ ਸੋਮਿਆਂ ਤੋਂ ਵਾਂਝੀ ਰਹਿ ਗਈ ਹੈ। ਛੱਲਾ, ਬਾਵਾ ਤੇ ਜੁਗਨੀ ਤੋਂ ਲੈ ਕੇ ਸ਼ਰਾਬ ਤੇ ਹਥਿਆਰਾਂ ਤੱਕ ਅਤੇ ਕਾਲਜਾਂ ਦੀਆਂ ਸਟੇਜਾਂ ਤੋਂ ਡੀ.ਜੇ. ਤੱਕ ਦੇ ਅਭਾਗੇ ਸਫ਼ਰ ਨੇ ਨੌਜਵਾਨਾਂ ਨੂੰ ਬਾਹੋਂ ਫੜ ਕੇ ਕੁਰਾਹੇ ਪਾ ਦਿੱਤਾ ਹੈ।

ਨੌਜਵਾਨ ਪੀੜ੍ਹੀ ਦੇ ਵਿਕਾਸ ਲਈ ਲੋੜੀਂਦਾ, ਮੌਜੂਦਾ ਪਰਿਵਾਰਕ, ਸਮਾਜਿਕ ਅਤੇ ਆਰਥਿਕ ਢਾਂਚਾ ਤਿੜਕ ਗਿਆ ਹੈ। ਸਮਾਜ ਤੇ ਸਿਸਟਮ ਨੇ ਹਰ ਕਾਮੇ ਦੇ ਜੀਵਨ ਨੂੰ ਹੁਲਾਰਾ ਦਿੱਤਾ, ਲੇਕਿਨ ਹੁਣ ਕਾਮਾ ਬੇਵਸ ਤੇ ਮਜਬੂਰ ਹੋ ਗਿਆ ਹੈ। ਨੌਜਵਾਨ ਬੇਰੁਜ਼ਗਾਰੀ ਦੇ ਵੇਲਣੇ ਵਿੱਚ ਪੀੜੇ ਜਾ ਰਹੇ ਹਨ ਅਤੇ ਝੱਟ-ਪੱਟ ਹੀ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਗੰਧਲੇ ਪਾਣੀ 'ਚ ਡੁਬੋ ਲਿਆ ਜਾਂਦਾ ਹੈ। ਸੰਯੁਕਤ ਪਰਿਵਾਰਾਂ ਦੀ ਅਣਹੋਂਦ ਕਾਰਨ ਉਹ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਨ। ਮਾਡਰਨ ਜ਼ਿੰਦਗੀ ਦੀਆਂ ਸੁੱਖ-ਸਹੂਲਤਾਂ ਅਤੇ ਸੰਚਾਰ ਸਾਧਨਾਂ ਨੇ ਇਸ ਇਕੱਲ ਨੂੰ ਹੋਰ ਗੂੜ੍ਹਾ ਕਰ ਦਿੱਤਾ ਹੈ। ਪੁੱਤਾਂ ਦੇ ਹੱਥ ਲਵਾ ਕੇ ਕੋਠਿਆਂ ਤੇ ਦਾਣੇ ਪਾਉਂਦੀਆਂ ਮਾਂਵਾਂ, ਵੀਰਾਂ ਦੇ ਰੱਖੜੀਆਂ ਬੰਨ੍ਹਦੀਆਂ ਅਤੇ ਸੁੱਖਾਂ-ਸੁੱਖਦੀਆਂ ਭੈਣਾਂ, ਧੀ ਦੇ ਸਿਰ 'ਤੇ



Sri Satguru Jagjit Singh Ji eLibrary NamdhariElibrary@gmail.com

ਹੱਥ ਰੱਖ ਕੇ ਖੜ੍ਹਾ ਬਾਬਲ ਅਤੇ ਮਾਂਵਾਂ ਨੂੰ ਕੁੰਜੀਆਂ ਸੰਭਾਲਦੀਆਂ ਧੀਆਂ, ਅੱਜ ਦੀ ਸਮਾਜਿਕ ਜ਼ਿੰਦਗੀ ਵਿੱਚ ਅਜਿਹਾ ਹਰ ਰੰਗ ਫਿੱਕਾ ਪੈਣ ਲੱਗਾ ਹੈ। ਨਿੱਜੀਪਣ ਤੇ ਤੰਗੀਆਂ-ਤੁਰਸ਼ੀਆਂ ਨੇ ਸਮਾਜਿਕ ਰਿਸ਼ਤਿਆਂ ਦੀ ਮਹਿਕ ਨੂੰ ਸੋਖ ਲਿਆ ਹੈ।

ਮਾਡਰਨ ਜ਼ਿੰਦਗੀ ਦੀ ਰਫ਼ਤਾਰ ਨੇ ਮਨੁੱਖ ਨੂੰ ਕਿਤਾਬਾਂ ਨਾਲੋਂ ਤੋੜ ਦਿੱਤਾ ਹੈ ਤੇ ਨੌਜਵਾਨ ਇਸ ਮੋੜ ਤੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਕਿਤਾਬਾਂ ਤੋਂ ਬਿਨਾਂ ਮਨੁੱਖ ਦੀ ਹੋਂਦ ਉਸ ਸੁਹਾਗਣ ਵਰਗੀ ਹੈ, ਜੋ ਹਾਰ-ਸ਼ਿੰਗਾਰ ਕਰਨਾ ਭੁੱਲ ਜਾਂਦੀ ਹੈ। ਸਮੁੰਦਰ ਵਿੱਚ ਜਿਵੇਂ ਘੋਗਿਆਂ ਵਿੱਚੋਂ ਸਿੱਪੀਆਂ ਦਾ ਜਨਮ ਹੁੰਦਾ ਹੈ ਇਵੇਂ ਹੀ ਕਿਤਾਬਾਂ ਜ਼ਿੰਦਗੀ ਮਹਿਕਾਉਣ ਵਾਲੇ ਖ਼ੂਬਸੂਰਤ ਵਿਚਾਰਾਂ ਨੂੰ ਜਨਮ ਦਿੰਦੀਆਂ ਹਨ। ਕਿਤਾਬਾਂ ਪੜ੍ਹਨ ਸਮੇਂ ਲੇਖਕ ਸਾਡੇ ਨਾਲ ਹੁੰਦਾ ਹੈ ਤੇ ਵਿਹਲ, ਉਦਾਸ ਤੇ ਸ਼ਰਾਬੀ ਹਾਲਾਤ ਵਿੱਚ ਅਸੀਂ ਆਪ ਵੀ ਆਪਣੇ ਨਾਲ ਨਹੀਂ ਹੁੰਦੇ। ਕਿਤਾਬਾਂ ਨੌਜਵਾਨਾਂ ਨਾਲ ਗੱਲਾਂ ਕਰਦੀਆਂ ਹਨ, ਮੁਸ਼ਕਲਾਂ ਸਮੇਂ ਉਨ੍ਹਾਂ ਨੂੰ ਸੇਧ ਦਿੰਦੀਆਂ ਹਨ ਤੇ ਉਨ੍ਹਾਂ ਲਈ ਜੀਵਨ-ਜਾਚ ਦੇ ਪੂਰਨੇ ਪਾਉਂਦੀਆਂ ਹਨ। ਸਵੈ-ਜੀਵਨੀਆਂ ਨੌਜਵਾਨਾਂ ਨੂੰ ਜ਼ਿੰਦਗੀ ਪ੍ਰਤੀ ਉਤਸ਼ਾਹਿਤ ਕਰਨ ਲਈ ਅਥਾਹ ਸਮਰੱਥਾ ਰੱਖਦੀਆਂ ਹਨ। ਇਨਾਮ ਜੇਤੂ ਤੇ ਲੋਕਾਂ ਦਾ ਪਿਆਰ ਜਿੱਤਣ ਵਾਲੀਆਂ ਕਿਤਾਬਾਂ ਮਾਂ-ਬੋਲੀ ਦੇ ਗਹਿਣੇ ਹੁੰਦੀਆਂ ਹਨ। ਵੰਝਲੀ, ਪੱਤਣ, ਦਰਿਆ, ਮੋਤੀਆ, ਸੰਧੂਰੀ, ਸਰਘੀ ਵੇਲਾ, ਤ੍ਰਿਕਾਲਾਂ, ਭੱਤਾ, ਬਉਲੀ, ਬੂਰ, ਦੁੱਧ-ਪੁੱਤ, ਧੀਆਂ ਤੇ ਧਰੇਕਾਂ, ਮੇਰਾ ਦਿਲ ਕਰਦਾ ਹੈ ਅਜਿਹੇ ਸ਼ਬਦਾਂ ਨਾਲ ਨੌਜਵਾਨਾਂ ਦੇ ਸਰੀਰਾਂ 'ਤੇ ਪਾਏ ਹੋਏ ਟੈਟੂ ਢੱਕ ਦੇਵਾਂ।

ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਖੇਡਾਂ ਖੇਡਣੀਆਂ ਅਤੀ ਜ਼ਰੂਰੀ ਹਨ। ਖੇਡਾਂ ਦੀ ਹੋਂਦ ਮਨੁੱਖੀ ਜ਼ਿੰਦਗੀ ਲਈ ਤਰੇਲ ਦੇ ਤੁਪਕਿਆਂ ਵਾਂਗ ਹੈ। ਖੁੱਲ੍ਹੇ ਮੈਦਾਨਾਂ ਵਿੱਚ ਖੇਡੀਆਂ ਖੇਡਾਂ ਮਨ ਤੇ ਸਰੀਰ ਲਈ ਵਰਦਾਨ ਹਨ। ਟੈਲੀਵੀਜ਼ਨ 'ਤੇ ਖੇਡਾਂ ਵੇਖਣੀਆਂ ਵੀ ਜ਼ਿੰਦਗੀ ਪ੍ਰਤੀ ਹਾਂ-ਵਾਚਕ ਰੁਝਾਨ ਦਾ ਪ੍ਰਤੀਕ ਹੈ। ਖੇਡਾਂ ਸਾਡੇ ਵਿਹਲੇ ਸਮੇਂ ਦਾ ਵਧੀਆ ਪ੍ਰਯੋਗ ਕਰਦੀਆਂ ਹਨ। ਖੇਡਾਂ ਜ਼ਿੰਦਗੀ ਦੇ ਅਣਥੱਕ ਅਤੇ ਪਥਰੀਲੇ ਸਫ਼ਰ ਲਈ ਸਾਡਾ ਦਮ-ਖ਼ਮ ਵੀ ਪੱਕਾ ਕਰਦੀਆਂ ਹਨ। ਮੈਂ ਹਾਕੀ ਤੇ ਫੁੱਟਬਾਲ ਦੀਆਂ ਖੇਡਾਂ ਦਾ ਸ਼ੌਕੀਨ ਹਾਂ ਅਤੇ ਇਨ੍ਹਾਂ ਖੇਡਾਂ ਦੇ ਵਿਸ਼ਵ ਕੱਪ ਦੇ ਲਗਭਗ ਸਾਰੇ ਮੈਚ ਹੀ ਦੇਖਦਾ ਰਿਹਾ ਹਾਂ। ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਖੇਡਾਂ ਵਿੱਚ ਭਾਵੇਂ ਸਾਰੇ ਖਿਡਾਰੀ ਹੀ ਬਰਾਬਰ ਦੀ ਮਹੱਤਤਾ ਰੱਖਦੇ ਹਨ ਪਰ ਮਿਡ-ਫੀਲਡਰ ਖਿਡਾਰੀਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਆਪਣੇ ਸਿਰ ਗੋਲ ਬਚਾਉਣ ਦੇ ਨਾਲ-ਨਾਲ ਇਹ ਖਿਡਾਰੀ ਬਾਲਾਂ ਬਣਾ-ਬਣਾ ਕੇ ਵਿਹਲ ਵਿੱਚ ਦੀ ਫਾਰਵਰਡ ਖਿਡਾਰੀਆਂ ਨੂੰ ਗੋਲ ਕਰਨ ਦੇ ਮੌਕੇ ਨਿਰੰਤਰ ਪ੍ਰਦਾਨ ਕਰਦੇ ਰਹਿੰਦੇ ਹਨ। ਮੈਂ ਚਾਹੁੰਦਾ ਹਾਂ ਆਪਾਂ ਵਿੱਦਿਅਕ, ਰਾਜਨੀਤਿਕ, ਪ੍ਰਸਾਸ਼ਨਿਕ ਤੇ ਸਮਾਜਿਕ ਖੇਤਰ ਵਿੱਚ ਅਜਿਹੇ



Sri Satguru Jagjit Singh Ji eLibrary NamdhariElibrary@gmail.com

ਤਜਰਬੇਕਾਰ ਮਿਡ-ਫੀਲਡਰ ਖਿਡਾਰੀਆਂ ਦੀ ਭਾਲ ਕਰੀਏ, ਜਿਨ੍ਹਾਂ ਦੇ ਲੰਬੇ ਪਾਸ ਤੇ ਨੌਜਵਾਨ ਆਪਣੀ ਜ਼ਿੰਦਗੀ ਦਾ ਖ਼ੂਬਸੂਰਤ ਗੋਲ ਕਰ ਸਕਣ। ਇਸ ਸਮੇਂ ਨਸ਼ੇ ਸਾਡੇ ਵਿਰੁੱਧ ਗੋਲ ਕਰ ਰਹੇ ਹਨ।

ਇਹ ਤਿੰਨ ਨਵੰਬਰ 2014 ਦੁਪਿਹਰ ਦੀ ਗੱਲ ਹੈ, ਮੇਰੇ ਇੱਕ ਸਹਾਇਕ ਨੇ ਸੂਚਿਤ ਕੀਤਾ ਕਿ ਇੱਕ ਨੌਜਵਾਨ ਬੇਹੋਸ਼ੀ ਦੀ ਹਾਲਤ ਵਿੱਚ ਸਿਵਲ ਹਸਪਤਾਲ ਦਾਖ਼ਲ ਹੋਇਆ ਹੈ। ਉਸ ਨੇ ਨਸ਼ਾ ਕੀਤਾ ਜਾਪਦਾ ਹੈ। ਅੱਧੇ ਘੰਟੇ ਬਾਅਦ ਉਸ ਨੇ ਸੂਚਨਾ ਦਿੱਤੀ ਕਿ ਉਸ ਦੀ ਮੌਤ ਹੋ ਗਈ ਹੈ। ਦਰਅਸਲ ਉਸ ਨੌਜਵਾਨ ਨੇ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਤੇ ਕਾਲਜ ਦੇ ਆਖ਼ਰੀ ਵਰ੍ਹੇ ਆਪਣੀ ਹਮ-ਜਮਾਤਣ ਨਾਲ ਵਿਆਹ ਕਰਾਇਆ। ਉਸ ਸਵੇਰ ਉਹ ਦੋਵੇਂ ਜਣੇ ਡਿਗਰੀ ਦੇ ਪ੍ਰੈਕਟੀਕਲ ਪੱਖ ਲਈ ਮੋਹਾਲੀ ਜਾਣ ਲਈ ਘਰੋਂ ਆਏ। ਉਹ ਆਪਣੀ ਪਤਨੀ ਨੂੰ ਬੱਸ ਸਟੈਂਡ 'ਤੇ ਬਿਠਾ ਕੇ ਪੰਦਰਾਂ ਮਿੰਟ ਵਿੱਚ ਵਾਪਸ ਆਉਂਣ ਦਾ ਵਾਅਦਾ ਕਰ ਗਿਆ। ਨਸ਼ੇ ਦਾ ਟੀਕਾ ਓਵਰਡੋਜ਼ ਸੀ ਤੇ ਉਹ ਵਾਅਦਾ ਸਦਾ ਲਈ ਟੁੱਟ ਗਿਆ। ਰਾਤ ਦੇ ਨੌਂ ਵਜੇ ਮੈਂ ਸ਼ਹਿਰ ਦਾਖ਼ਲ ਹੁੰਦਿਆਂ ਉਸ ਨੌਜਵਾਨ ਦੀ ਲਾਸ਼ ਵੇਖਣ ਸਿਵਲ ਹਸਪਤਾਲ ਚਲਾ ਗਿਆ। ਮੇਰਾ ਸਹਾਇਕ, ਅਧਖੜ ਉਮਰ ਦੇ ਤਿੰਨ-ਚਾਰ ਵਿਅਕਤੀ ਤੇ ਉਹ ਕੁੜੀ ਰੁੱਖਾਂ ਦੇ ਪਰਛਾਵੇਂ ਥੱਲੇ ਗੁੰਮ-ਸੁੰਮ ਹੋਏ ਖੜ੍ਹੇ ਸਨ। ਮੈਂ ਦੁੱਖ ਪ੍ਰਗਟਾਇਆ ਤੇ ਲਾਸ਼ ਵੇਖਣ ਲਈ ਮੁਰਦਾਘਾਟ ਵੱਲ ਵਧਿਆ। ਭਾਵੁਕ ਮਾਹੌਲ ਸੀ, ਸਾਨੂੰ ਪਤਾ ਨਾ ਲੱਗਿਆ ਕਿ ਉਹ ਪਰਿਵਾਰ ਵੀ ਸਾਡੇ ਪਿੱਛੇ-ਪਿੱਛੇ ਮੁਰਦਾਘਾਟ ਵੱਲ ਆ ਗਿਆ। ਡਿਊਟੀ 'ਤੇ ਤਾਇਨਾਤ ਕਰਮਚਾਰੀ ਨੇ ਦਰਵਾਜ਼ਾ ਖੋਲ੍ਹਿਆ ਤੇ ਫਿਰ ਮੇਜ਼ ਦਾ ਦਰਾਜ਼ ਖਿੱਚਣ ਵਾਂਗ ਉਸ ਨੇ ਨੌਜਵਾਨ ਦੀ ਲਾਸ਼ ਵਾਲੇ ਸਟ੍ਰੈੱਚਰ ਨੂੰ ਬਾਹਰ ਖਿੱਚਿਆ। ਅਸਮਾਨੀ ਰੰਗ ਦੀ ਚੈੱਕ ਵਾਲੀ ਸ਼ਰਟ, ਸ਼ਾਂਤ ਚਿਹਰਾ, ਬੁੱਲ੍ਹਾਂ 'ਤੇ ਹਲਕੀ ਜਿਹੀ ਕਾਲਖ ਤੇ ਨੱਕ ਵਿੱਚ ਰੂੰ ਦੇ ਦੋ ਫੰਬੇ ਦਿੱਤੇ ਹੋਏ, ਜੀਵਨ ਸਾਥੀ ਦੀ ਲਾਸ਼ ਵੇਖ ਕੇ ਉਸ ਕੁੜੀ ਦੇ ਅੰਦਰੋਂ ਇੱਕ ਚੀਕ ਨਿੱਕਲੀ ਤੇ ਉਹ ਗਸ਼ ਖਾ ਕੇ ਸਟ੍ਰੈੱਚਰ 'ਤੇ ਡਿੱਗ ਪਈ। ਉਸ ਦਾ ਬੁੱਲ੍ਹ ਕੱਟਿਆ ਗਿਆ ਤੇ ਖ਼ੂਨ ਦੇ ਦੋ-ਤਿੰਨ ਤੁਪਕੇ ਉਸ ਦੇ ਪਤੀ ਦੀ ਲਾਸ਼ 'ਤੇ ਡਿੱਗ ਪਏ ਸਨ। ਅਚਾਨਕ ਬੱਤੀ ਚਲੀ ਗਈ, ਲੇਕਿਨ ਚੀਕ ਦੀ ਆਵਾਜ਼ ਕੰਧਾਂ ਨਾਲ ਟਕਰਾ-ਟਕਰਾ ਕੇ ਗੂੰਜਣ ਲੱਗੀ।

ਨਾਟਕ ਤੋਂ ਲੈ ਕੇ ਲੇਖ, ਕਹਾਣੀ ਤੇ ਨਾਵਲ ਤੱਕ ਸਾਹਿਤ ਦੀ ਕੋਈ ਵੀ ਵਿਧਾ ਉਸ ਕੁੜੀ ਦੇ ਦੁੱਖ ਦਾ ਅੱਧ-ਪਚੱਧਾ ਪ੍ਰਗਟਾਵਾ ਵੀ ਨਹੀਂ ਕਰ ਸਕਦੀ। ਇਹ ਲੇਖ ਪੰਜਾਬੀਆਂ ਨੂੰ ਇੱਕ ਅਪੀਲ ਤੇ ਆਸ ਨਾਲ ਉਸ ਕੁੜੀ ਦੀ ਅਥਾਹ ਤੇ ਅਸਹਿ ਪੀੜਾ ਨੂੰ ਸਮਰਪਿਤ ਹੈ।

•



Sri Satguru Jagjit Singh Ji eLibrary NamdhariElibrary@gmail.com

# ਨਸ਼ਿਆਂ ਦਾ ਇੱਕ ਦਿਨ

ਅਪ੍ਰੈਲ 2013 ਦੇ ਦੂਜੇ ਪੰਦਰਵਾੜੇ ਨਸ਼ਿਆਂ ਵਿਰੁੱਧ ਜੱਦੋ-ਜਹਿਦ ਲਈ ਵਿਸ਼ੇਸ਼ ਯਤਨਾਂ ਦੀ ਤਿਆਰੀ ਕੀਤੀ ਗਈ। ਇਸ ਤਿਆਰੀ ਲਈ ਔਰਤਾਂ ਦੇ ਪਰਸ ਖੋਹ ਕੇ ਤੇ ਵਾਲੀਆਂ ਧੂਹ ਕੇ ਨਸ਼ੇ ਦੀ ਲਤ ਪੂਰੀ ਕਰਨ ਵਾਲੇ ਨੌਜਵਾਨਾਂ ਕੋਲੋਂ ਬਹੁਤ ਹੀ ਲਾਭਦਾਇਕ ਜਾਣਕਾਰੀ ਪ੍ਰਾਪਤ ਹੋਈ। ਜ਼ਿਲ੍ਹੇ ਦੇ ਚੋਣਵੇਂ ਅਧਿਕਾਰੀਆਂ ਨੂੰ ਲੈ ਕੇ ਮੈਂ ਸਲਾਈਡ ਪ੍ਰੋਜੈਕਟਰ ਰਾਹੀਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਦੀਆਂ ਸਲਾਈਡਾਂ ਦਿਖਾ ਕੇ ਉਨ੍ਹਾਂ ਨੂੰ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨ ਲੱਗਾ। ਨਸ਼ਿਆਂ ਵਿਰੁੱਧ ਦਿਲਚਸਪੀ ਨਾਲ ਕੰਮ ਕਰਦੇ ਕਰਮਚਾਰੀਆਂ ਨੂੰ ਆਥਣ-ਸਵੇਰ ਦੀਆਂ ਮੀਟਿੰਗਾਂ ਕਰ ਕੇ ਇਸ ਜੱਦੋ-ਜਹਿਦ ਲਈ ਵੰਗਾਰਿਆ ਗਿਆ। ਹਥਲੀ ਲਿਖਤ ਇਸ ਮੁਹਿੰਮ ਦੇ ਪੰਜਵੇਂ ਤੇ ਇੱਕੋ ਦਿਨ ਦੀ ਦਾਸਤਾਨ ਹੈ।

ਜਦ ਵੀ ਕੋਈ ਨਸ਼ਾ ਕਰਨ ਵਾਲਾ ਨੌਜਵਾਨ ਗ੍ਰਿਫ਼ਤਾਰ ਹੁੰਦਾ ਤਾਂ ਉਸ ਤੋਂ ਪੁੱਛ-ਗਿੱਛ ਕਰਦਿਆਂ ਨਸ਼ਾ ਵੇਚਣ ਵਾਲਿਆਂ ਦੀ ਜਾਣਕਾਰੀ ਹਾਸਲ ਕੀਤੀ ਜਾਂਦੀ। ਅਜਿਹਾ ਕਰਦਿਆਂ ਸ਼ਹਿਰ ਵਿੱਚ ਉਨ੍ਹਾਂ ਕਲੋਨੀਆਂ ਤੇ ਮੁਹੱਲਿਆਂ ਦੀ ਨਿਸ਼ਾਨਦੇਹੀ ਕੀਤੀ ਗਈ, ਜਿੱਥੇ ਨਸ਼ਾ ਵੇਚਣ ਦਾ ਧੰਦਾ ਕਰਨ ਵਾਲੇ ਲੋਕ ਰਹਿੰਦੇ ਸਨ। ਪਿਛਲੇ ਦਸ-ਪੰਦਰ੍ਹਾਂ ਵਰ੍ਹਿਆਂ ਦੌਰਾਨ ਨਸ਼ਾ ਵੇਚਣ ਸੰਬੰਧੀ ਦਰਜ ਹੋਏ ਮੁਕੱਦਮਿਆਂ ਦੀਆਂ ਪੈੜਾਂ ਲੱਭਦਿਆਂ-ਲੱਭਦਿਆਂ ਅਜਿਹੇ ਲੋਕਾਂ ਦੀ ਨਿਸ਼ਾਨਦੇਹੀ ਦੀ ਪੁਸ਼ਟੀ ਕਰ ਲਈ ਗਈ ਸੀ। ਸ਼ਹਿਰ ਦੇ ਅਜਿਹੇ ਛੇ ਖੇਤਰਾਂ ਦੀ ਪਹਿਚਾਣ ਕਰ ਕੇ ਸ਼ਹਿਰ ਦੇ ਦੋਵੇਂ ਥਾਣਿਆਂ ਤੇ ਪੁਲੀਸ ਦੇ ਚਾਰ ਹੋਰ ਵਿੰਗ ਇਕੱਠੇ ਕਰ ਕੇ ਇੱਕ-ਇੱਕ ਖੇਤਰ, ਇੱਕ-ਇੱਕ ਪੁਲੀਸ ਪਾਰਟੀ ਨੂੰ ਸੌਂਪਿਆ ਗਿਆ। ਨਵੇਂ ਭਰਤੀ ਹੋਏ ਇੱਕ ਸਾਲ ਦੀ ਟ੍ਰੇਨਿੰਗ ਕਰ ਕੇ ਵਾਪਸ ਪਰਤੇ ਇੱਕ ਸੌ ਵੀਹ ਕਰਮਚਾਰੀਆਂ ਨੂੰ ਵੀ ਛੇ ਭਾਗਾਂ ਵਿੱਚ ਵੰਡ ਕੇ ਇਨ੍ਹਾਂ ਪਾਰਟੀਆਂ ਦੇ ਨਾਲ ਲਗਾ ਦਿੱਤਾ ਗਿਆ ਸੀ। ਸਵੇਰੇ ਚਾਰ ਵਜੇ ਅਜਿਹੇ ਸੱਠ ਤੋਂ ਵੱਧ ਟਿਕਾਣਿਆਂ 'ਤੇ ਛਾਪੇ ਮਾਰਨ ਦਾ ਫ਼ੈਸਲਾ ਲਿਆ ਗਿਆ। ਸ਼ਹਿਰ ਦੇ ਵਿਚਕਾਰ ਬੈਠ ਕੇ ਮੈਂ ਇਨ੍ਹਾਂ ਪੁਲੀਸ ਪਾਰਟੀਆਂ ਵੱਲੋਂ ਨਸ਼ੇ ਵੇਚਣ ਸੰਬੰਧੀ ਗ੍ਰਿਫ਼ਤਾਰ ਵਿਅਕਤੀਆਂ ਤੋਂ ਪੁੱਛ-ਗਿੱਛ ਕਰਨ ਲੱਗਾ।

ਪਹਿਲਾ ਵਿਅਕਤੀ ਦਸ ਗ੍ਰਾਮ ਸਮੈਕ ਸਮੇਤ ਗ੍ਰਿਫ਼ਤਾਰ ਕੀਤਾ ਗਿਆ।



Sri Satguru Jagjit Singh Ji eLibrary NamdhariElibrary@gmail.com

ਉਸ ਦੀ ਉਮਰ ਚਾਲ੍ਹੀ ਵਰ੍ਹੇ ਹੈ। ਚੜ੍ਹਦੀ ਉਮਰੇ ਹੀ ਉਹ ਸਮੈਕ ਪੀਣ ਦਾ ਆਦੀ ਹੋ ਗਿਆ ਸੀ। ਉਹਦੇ ਬੁੱਲ੍ਹ ਮੋਟੇ ਅਤੇ ਕਾਲੇ ਹੋ ਚੁੱਕੇ ਹਨ ਤੇ ਅੱਖਾਂ ਅੰਦਰ ਨੂੰ ਧੱਸ ਗਈਆਂ ਹਨ। ਸਮੈਕ ਪੀਂਦਿਆਂ ਤੀਲਾਂ ਬਾਲਦਿਆਂ-ਬਾਲਦਿਆਂ ਉਸ ਦੀਆਂ ਉਂਗਲਾਂ ਦੇ ਪੋਟੇ ਸੜ ਚੁੱਕੇ ਹਨ। ਸਿਰ ਦੇ ਵਾਲ ਖ਼ੁਸ਼ਕ ਤੇ ਗੁੰਝਲਾਂ ਵਾਲੇ ਹਨ। ਉਸ ਦਾ ਸਰੀਰ ਬੋਝਲ ਹੋ ਚੁੱਕਿਆ ਹੈ। ਆਪਣਾ ਖ਼ਰਚਾ ਕੱਢਣ ਲਈ ਉਹ ਨੌਜਵਾਨਾਂ ਨੂੰ ਸਮੈਕ ਵੇਚਣ ਵੀ ਲੱਗਿਆ। ਉਸ ਵਿਰੁੱਧ ਕਈ ਮੁਕੱਦਮੇ ਦਰਜ ਹੋਏ ਤੇ ਸ਼ਹਿਰ ਵਿੱਚ ਉਹ ਤਿੰਨ-ਚਾਰ ਨਾਵਾਂ ਨਾਲ ਜਾਣਿਆ ਜਾਂਦਾ ਹੈ। ਉਹ ਜਦ ਪਾਣੀ ਪੀਂਦਾ ਹੈ ਤਾਂ ਉਸ ਦੇ ਹੱਥ ਕੰਬਦੇ, ਜਦ ਬੋਲਦਾ ਹੈ ਤਾਂ ਆਵਾਜ਼ ਥਥਲਾਉਂਦੀ ਹੈ ਅਤੇ ਜਦ ਤੁਰਦਾ ਹੈ ਤਾਂ ਉਸ ਦੀ ਚਾਲ ਡਗਮਗਾਉਂਦੀ ਹੈ। ਉਸਦਾ ਮੋਬਾਇਲ ਫ਼ੋਨ ਪੁਲੀਸ ਨੇ ਆਪਣੇ ਹੱਥ ਫੜ ਲਿਆ ਤੇ ਸਵੇਰੇ-ਸਵੇਰੇ ਸਮੈਕ ਖ਼ਰੀਦਣ ਵਾਲੇ ਨੌਜਵਾਨਾਂ ਨਾਲ ਰਾਬਤਾ ਕਾਇਮ ਕਰਨ ਲੱਗੀ। ਪਹਿਲੇ ਚਾਰ ਨੌਜਵਾਨ ਆਈ ਟਵੰਟੀ ਕਾਰ ਵਿੱਚ ਸਵਾਰ ਸਨ, ਚਾਰ ਮੋਟਰ ਸਾਈਕਲ ਸਵਾਰ ਅਤੇ ਤਿੰਨ ਪੈਦਲ ਵਿਅਕਤੀ, ਇੱਕ ਘੰਟੇ ਵਿੱਚ ਗਿਆਰ੍ਹਾਂ ਵਿਅਕਤੀ ਪੁਲੀਸ ਦੀ ਗ੍ਰਿਫ਼ਤ ਵਿੱਚ ਆ ਚੁਕੇ ਸਨ। ਜਿਉਂ-ਜਿਉਂ ਦੁਪਿਹਰ ਹੁੰਦੀ ਗਈ, ਉਸ ਦੇ ਮੋਬਾਇਲ ਫ਼ੋਨ 'ਤੇ ਆਉਣ ਵਾਲੀਆਂ ਕਾਲਾਂ ਦੀ ਗਿਣਤੀ ਵੀ ਵਧਣ ਲੱਗੀ।

ਇੱਕ ਵਿਅਕਤੀ ਪੰਜ ਬੋਰੀਆਂ ਪੋਸਤ ਸਮੇਤ ਫੜਿਆ ਗਿਆ। ਉਹ ਪਿਛਲੇ ਦੋ ਸਾਲਾਂ ਤੋਂ ਇਸ ਸ਼ਹਿਰ ਵਿੱਚ ਰਹਿ ਰਿਹਾ ਸੀ। ਜਦ ਪੁਲੀਸ ਉਸਦਾ ਖੁਰਾ ਖੋਜ ਲੱਭਣ ਲੱਗੀ ਤਾਂ ਪਤਾ ਲੱਗਾ ਕਿ ਉਹ ਫਾਜ਼ਿਲਕਾ ਜ਼ਿਲ੍ਹੇ ਦੇ ਜਲਾਲਾਬਾਦ ਥਾਣੇ ਦੇ ਇੱਕ ਪਿੰਡ ਦਾ ਰਿਹਾਇਸ਼ੀ ਹੈ। ਨਸ਼ਾ ਵੇਚਣ ਸੰਬੰਧੀ ਜਦ ਉਸ ਵਿਰੁੱਧ ਮੁਕੱਦਮੇ ਦਰਜ ਹੋਏ ਤਾਂ ਉਸ ਨੇ ਆਪਣਾ ਪਿੰਡ ਬਦਲ ਲਿਆ। ਇੱਕ ਤੋਂ ਦੂਜੀ ਥਾਂ, ਪਿਛਲੇ ਵੀਹ ਵਰ੍ਹਿਆਂ ਦੌਰਾਨ ਫਰੀਦਕੋਟ ਉਸ ਦਾ ਪੰਜਵਾਂ ਟਿਕਾਣਾ ਸੀ। ਜਦੋਂ ਉਸ ਤੋਂ ਪੁੱਛਿਆ ਗਿਆ ਕਿ ਉਸਦਾ ਧੰਦਾ ਕੀ ਹੈ? 'ਨਸ਼ਾ ਹੀ ਵੇਚਦੇ ਆਂ' ਸੁਭਾਵਿਕ ਹੀ ਉਸ ਦੇ ਮੂੰਹੋਂ ਨਿਕਲਿਆ। ਉਸ ਸਮੇਂ ਉਸ ਦੇ ਦੋਵੇਂ ਲੜਕੇ ਵੀ ਨਸ਼ਿਆਂ ਦੇ ਮੁਕੱਦਮਿਆਂ ਅਧੀਨ ਜੇਲ੍ਹ ਵਿੱਚ ਬੰਦ ਸਨ। ਬਹੁਤੇ ਪਰਿਵਾਰ ਨਸ਼ਾ ਵੇਚਣ ਦਾ ਕੰਮ ਧੰਦਾ ਸਮਝ ਕੇ ਕਰੀ ਜਾ ਰਹੇ ਹਨ ਤੇ ਅਜਿਹੇ ਪਰਿਵਾਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਸੰਯੁਕਤ ਰਾਸ਼ਟਰ ਦੀ ਨਸ਼ਿਆਂ ਤੇ ਕਰਾਈਮ ਨਾਲ ਸੰਬੰਧਿਤ ਸੰਸਥਾ ਅਨੁਸਾਰ ਅਜਿਹੇ ਲੋਕ ਨਸ਼ਿਆਂ ਦੀ ਰੋਕਥਾਮ ਲਈ ਸਭ ਤੋਂ ਵੱਡਾ ਅੜਿੱਕਾ ਹਨ। ਅਜਿਹੇ ਲੋਕ ਨਸ਼ਿਆਂ ਦੀ ਸਪਲਾਈ ਲਾਈਨ ਟੁੱਟਣ ਨਹੀਂ ਦਿੰਦੇ ਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਚੇਟਕ ਨਿਰੰਤਰ ਲਾਉਂਦੇ ਰਹਿੰਦੇ ਹਨ। ਉਸ ਸਵੇਰ ਅਜਿਹੇ ਪੰਜ ਵਿਅਕਤੀ ਸਾਹਮਣੇ ਆਏ ਜਿਹੜੇ ਆਪਣੇ ਆਪ



Sri Satguru Jagjit Singh Ji eLibrary NamdhariElibrary@gmail.com

ਵਿੱਚ ਮੁਕੰਮਲ ਕੇਸ ਸਟੱਡੀਜ਼ ਹਨ।

ਪਿਛਲੇ ਚਾਰ ਪੰਜ ਦਿਨਾਂ ਤੋਂ ਨਸ਼ਿਆਂ ਦੀ ਬਰਾਮਦਗੀ ਕਾਰਨ ਜੇਲ੍ਹ ਵਿੱਚ ਬੰਦ ਵਿਅਕਤੀਆਂ ਦੀ ਗਿਣਤੀ ਦੋ ਸੌ ਤੋਂ ਟੱਪ ਚੁੱਕੀ ਸੀ। ਅਚਾਨਕ ਨਸ਼ਿਆਂ ਦੀ ਆਈ ਥੋੜ੍ਹ ਨੇ ਉਨ੍ਹਾਂ ਦੇ ਮਨ ਅੰਦਰ ਕੁਰਲਾਹਟ ਪੈਦਾ ਕੀਤੀ ਤੇ ਉਹ ਸਰੀਰਕ ਤੋੜ 'ਤੇ ਮਾਨਸਿਕ ਪ੍ਰੇਸ਼ਾਨੀ ਦੀ ਦੂਹਰੀ ਮਾਰ ਹੇਠ ਆ ਗਏ ਸਨ। ਜੇਲ੍ਹ ਦੀਆਂ ਉੱਚੀਆਂ-ਉੱਚੀਆਂ ਕੰਧਾਂ ਨੂੰ ਜਦ ਉਨ੍ਹਾਂ ਗਰਦਨ ਉੱਪਰ ਨੂੰ ਕਰ ਕੇ ਦੇਖਿਆ ਤਾਂ ਇਹ ਪ੍ਰੇਸ਼ਾਨੀ ਪੀੜ ਬਣ ਗਈ ਸੀ। ਜੇਲ੍ਹ ਵਿੱਚ ਬੰਦ ਹੋਣ ਕਾਰਨ ਨਸ਼ਾ ਮਿਲਣ ਦੀ ਕੋਈ ਆਸ ਵੀ ਨਹੀਂ ਸੀ। ਉਹ ਮੱਛੀ ਨੂੰ ਪਾਣੀ ਤੋਂ ਬਾਹਰ ਕੱਢਣ ਵਾਂਗ ਤੜਫਣ ਲੱਗੇ ਅਤੇ ਜੇਲ੍ਹ ਤੋਂ ਬਾਹਰ ਸਿਵਲ ਹਸਪਤਾਲ ਦਾਖ਼ਲ ਹੋਣ ਲਈ ਬਿਮਾਰੀਆਂ ਦਾ ਵਾਸਤਾ ਪਾਉਣ ਲੱਗੇ। ਹਾਲਾਤ ਗੰਭੀਰ ਹੁੰਦੇ ਗਏ, ਵਾਸਤੇ ਵੰਗਾਰ ਬਣਨ ਲੱਗੇ। ਸਿਵਲ ਹਸਪਤਾਲ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਦਾਖ਼ਲ ਹੋਣ ਵਾਲੇ ਅਜਿਹੇ ਵਿਅਕਤੀਆਂ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ।

ਪਰ ਹਾਲਾਤ ਥੰਮ੍ਹੇ ਨਹੀਂ ਜਾ ਰਹੇ ਸਨ। ਨਸ਼ੇ ਦੀ ਤੋੜ ਨੂੰ ਲੈ ਕੇ ਕੈਦੀਆਂ ਵਿੱਚ ਹਾਹਾਕਾਰ ਮੱਚ ਗਈ ਸੀ। ਕੈਦੀ ਕਈ ਤਰ੍ਹਾਂ ਦੀ ਭੜਕਾਹਟ ਵਿੱਚ ਸਨ। ਨਸ਼ਿਆਂ ਦੇ ਸਿੱਧੇ ਤੇ ਅਸਿੱਧੇ ਕਾਰਨਾਂ ਕਰ ਕੇ ਜੇਲ੍ਹ ਵਿੱਚ ਉੱਪਰੋ-ਥੱਲੀ ਹੋਈਆਂ ਤਿੰਨ-ਚਾਰ ਮੌਤਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ ਸੀ। ਜੇਲ੍ਹ ਦਾ ਐਮਰਜੈਂਸੀ ਸਾਇਰਨ ਵੱਜਣ ਲੱਗਾ। ਕੈਦੀ ਤੋੜ-ਫੋੜ ਅਤੇ ਅੱਗਾਂ ਲਾਉਣ ਤੱਕ ਅੱਪੜ ਚੁੱਕੇ ਸਨ। ਜੇਲ੍ਹ ਦੇ ਸੈਂਟਰਲ ਟਾਵਰ 'ਚੋਂ ਉੱਠਦਾ ਧੂੰਆਂ ਸਾਇਰਨ ਤੋਂ ਉੱਚੀ ਆਵਾਜ਼ ਵਿੱਚ ਕਈ ਸੁਨੇਹੇ ਦੇਣ ਲੱਗਾ। ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ ਗਿਆ, ਪਰ ਅੱਥਰੂ ਗੈਸ ਦੇ ਧੂੰਏ ਨਾਲ ਅਜਿਹੇ ਤੂਫ਼ਾਨ ਨੂੰ ਕਿੰਨੀ ਦੇਰ ਤੱਕ ਥੰਮ੍ਹਿਆ ਜਾ ਸਕਦਾ ਹੈ? ਇਸ ਘਟਨਾ ਤੋਂ ਬਾਅਦ ਜੇਲ੍ਹ ਵਿੱਚ ਬੰਦ ਅਜਿਹੇ ਤਿੰਨ ਸੌ ਕੈਦੀਆਂ ਦੀ ਪਹਿਚਾਣ ਕੀਤੀ ਗਈ, ਜਿਹੜੇ ਨਸ਼ੇ ਦੀ ਤੋੜ ਕਾਰਨ ਕਦੇ ਵੀ ਗੰਭੀਰ ਹੋ ਸਕਦੇ ਸਨ। ਅਜਿਹੇ ਕਿਸੇ ਵੀ ਖ਼ਤਰੇ ਨੂੰ ਭਾਂਪਣ ਅਤੇ ਨਜਿੱਠਣ ਲਈ, ਪੁਲੀਸ, ਸਿਵਲ, ਜੇਲ੍ਹ ਤੇ ਹਸਪਤਾਲ ਦੇ ਵਿਸ਼ੇਸ਼ ਅਧਿਕਾਰੀਆਂ ਦੀ ਸਮੂਹਿਕ ਟੀਮ ਦਾ ਗਠਨ ਕੀਤਾ ਗਿਆ।

ਅਜਿਹੇ ਹਾਲਾਤ ਵਿੱਚ ਇੱਕ ਦਿਨ ਦਫ਼ਤਰ ਬੈਠਣ ਲਈ ਬਹੁਤ ਘੱਟ ਸਮਾਂ ਮਿਲਿਆ। ਇਕੱਠੇ ਹੋਏ ਲੋਕਾਂ ਨੂੰ ਮੈਂ ਕਾਹਲੀ ਨਾਲ ਮਿਲਣ ਲੱਗਾ। ਪਤੀ ਪਤਨੀ ਦੇ ਵਿਆਹੁਤਾ ਜੀਵਨ ਦਾ ਝਗੜਾ ਸੀ। ਲੜਕੀ ਨੇ ਦੱਸਿਆ ਕਿ ਮੇਰਾ ਪਤੀ ਸਮੈਕ ਪੀਂਦਾ ਹੈ ਤੇ ਮੇਰੇ ਰੋਕਣ 'ਤੇ ਮੈਨੂੰ ਕੁੱਟਦਾ-ਮਾਰਦਾ ਹੈ। 'ਹੁਣ ਤਾਂ ਛੱਡ ਦਿੱਤੀ' ਮੁੰਡਾ ਉਸ ਦੀ ਗੱਲ ਟੋਕ ਕੇ ਬੋਲਿਆ। ਲੜਕੀ ਨੇ ਆਪਣੀ ਚੁੰਨੀ ਦੀ ਗੰਢ ਨੂੰ ਖੋਲ੍ਹਿਆ ਤੇ



Sri Satguru Jagjit Singh Ji eLibrary NamdhariElibrary@gmail.com

ਸਮੈਕ ਪੀਣ ਵਾਲੇ ਧੁਆਂਖੇ ਪੱਤਰ ਵਿਖਾਉਣ ਲੱਗੀ। ਵਿਆਹ ਹੋਏ ਨੂੰ ਹਾਲੇ ਪੰਜ ਵਰ੍ਹੇ ਹੋਏ ਹਨ ਤੇ ਇਹ ਤਿੰਨ ਏਕੜ ਜ਼ਮੀਨ ਵੇਚ ਚੁੱਕਾ ਹੈ। ਦੱਸਦਿਆਂ-ਦੱਸਦਿਆਂ ਉਹ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਦਿਖਾਉਂਦਿਆਂ ਰੋਣ ਵੀ ਲੱਗੀ। ਪਿਛਲੇ ਹਫ਼ਤੇ ਹੀ ਲਗਭਗ ਅਜਿਹੇ ਹਾਲਾਤ 'ਚੋਂ ਗੁਜ਼ਰਦੀ ਇੱਕ ਕੁੜੀ ਨੇ ਪੱਖੇ ਨਾਲ ਲਟਕ ਕੇ ਆਤਮ ਹੱਤਿਆ ਕਰ ਲਈ ਸੀ। ਇਹ ਯਾਦ ਆਉਂਦਿਆਂ ਹੀ ਇੱਕ ਅਭਾਗਾ ਖ਼ਿਆਲ ਮੇਰੇ ਜ਼ਿਹਨ ਵਿੱਚ ਘੁੰਮਣ ਲੱਗਾ ਤੇ ਮੈਂ ਵੇਖਿਆ ਹੰਝੂ ਤੇਜ਼ੀ ਨਾਲ ਉਸ ਕੁੜੀ ਦੇ ਚਿਹਰੇ ਦਾ ਸਫ਼ਰ ਤੈਅ ਕਰ ਕੇ ਫ਼ਰਸ਼ 'ਤੇ ਡਿੱਗਣ ਲੱਗੇ ਸਨ। ਮੁੰਡੇ ਦੇ ਮਾਂ ਬਾਪ ਕਿੱਥੇ ਹਨ, ਮੈਂ ਪੁੱਛਿਆ? 'ਉਹ ਹਸਪਤਾਲ ਵਿੱਚ ਹਨ, ਪਰਸੋਂ ਨਹਿਰ ਵਿੱਚ ਛਾਲ ਮਾਰ ਗਏ ਸਨ' ਨਾਲ ਆਏ ਵਿਅਕਤੀ ਨੇ ਦੱਸਿਆ। ਦਰਅਸਲ ਦੋ ਦਿਨ ਪਹਿਲਾਂ ਜਦ ਪਤੀ ਪਤਨੀ ਵਿੱਚ ਤਕਰਾਰ ਹੋਇਆ, ਪਤਨੀ ਪੇਕੇ ਚਲੀ ਗਈ ਤੇ ਨਸ਼ਈ ਪੁੱਤ ਦੇ ਕਲੇਸ਼ ਅਤੇ ਪੁਲੀਸ ਦੇ ਸੰਭਾਵੀ ਸੁਨੇਹੇ ਦੇ ਡਰੋਂ ਮਾਪਿਆਂ ਨਹਿਰ ਵਿੱਚ ਛਾਲ ਮਾਰ ਦਿੱਤੀ ਸੀ। ਪਰ ਬੀ.ਐਸ.ਐਫ. ਦੇ ਪਟੜੀ-ਪਟੜੀ ਦੌੜਦੇ ਜਵਾਨਾਂ ਨੇ ਉਨ੍ਹਾਂ ਨੂੰ ਬਚਾ ਲਿਆ ਸੀ। ਕੁੜੀ ਵਾਲੇ ਲੜਕੀ ਤੇ ਉਸ ਦੀ ਗੋਦ ਬੱਚੀ ਦਾ ਵਾਸਤਾ ਪਾਉਂਦੇ ਬਾਕੀ ਬਚੀ ਜਾਇਦਾਦ ਦਾ ਹਿੱਸਾ ਲੈ ਕੇ ਪੰਚਾਇਤੀ ਤਲਾਕਨਾਮੇ ਦੀ ਮੰਗ ਕਰਨ ਲੱਗੇ। ਜਦੋਂ ਕਿ ਦੂਜੇ ਪਾਸੇ ਉਨ੍ਹਾਂ ਮੁੰਡੇ ਦਾ ਇਲਾਜ ਕਰਵਾਉਣ ਦਾ ਵਾਸਤਾ ਪਾ ਕੇ ਇੱਕ ਹੋਰ ਮੌਕੇ ਦੀ ਮੰਗ ਕੀਤੀ।

ਸਵੇਰ ਦਾ ਕੰਮ ਮੁਕਾਉਣ ਤੋਂ ਬਾਅਦ ਦਿਨ ਢਲੇ ਚੋਣਵੀਆਂ ਪੁਲੀਸ ਪਾਰਟੀਆਂ ਨੂੰ ਫਿਰ ਸ਼ਹਿਰ ਵਿੱਚ ਭੇਜਿਆ ਗਿਆ। ਹੁਣ ਵਿਅਕਤੀਆਂ ਤੇ ਘਰਾਂ ਦੀ ਥਾਂ ਉਨ੍ਹਾਂ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ, ਜਿੱਥੇ ਨਸ਼ਾ ਕਰਨ ਵਾਲੇ ਵਿਅਕਤੀ ਇਕੱਠੇ ਹੁੰਦੇ ਸਨ। ਅਜਿਹੇ ਹੀ ਚਾਰ ਨੌਜਵਾਨਾਂ ਨੂੰ ਸਮੈਕ ਪੀਂਦਿਆਂ ਪੁੱਛ-ਗਿੱਛ ਲਈ ਬੁਲਾਇਆ ਗਿਆ। ਉਨ੍ਹਾਂ ਵਿੱਚੋਂ ਦੋ ਅਠਾਰ੍ਹਾਂ-ਅਠਾਰ੍ਹਾਂ ਵਰ੍ਹਿਆਂ ਦੇ, ਇੱਕ ਇੱਕੀ ਤੇ ਇੱਕ ਚੌਵੀ ਵਰ੍ਹਿਆਂ ਦਾ ਨੌਜਵਾਨ ਸੀ। ਚੌਵੀ ਵਰ੍ਹਿਆਂ ਵਾਲੇ ਨੌਜਵਾਨ ਦੀ ਹੇਅਰ ਕਟਿੰਗ ਦੀ ਦੁਕਾਨ ਹੈ ਤੇ ਦੋ ਨੇ ਉਸੇ ਦੁਕਾਨ ਤੇ ਉਠਦਿਆਂ-ਬਹਿੰਦਿਆਂ ਹੀ ਸਮੈਕ ਦਾ ਪਹਿਲਾ ਸੂਟਾ ਲਾਇਆ ਸੀ। ਅਠਾਰ੍ਹਾਂ ਸਾਲ ਦੀ ਉਮਰ ਵਾਲਾ ਨੌਜਵਾਨ ਦਸਵੀਂ 'ਚੋਂ ਫੇਲ੍ਹ ਹੋ ਕੇ ਆਪਣੇ ਪਿਤਾ ਦੀ ਮੋਟਰ ਰਿਪੇਅਰ ਦੀ ਦੁਕਾਨ ਤੇ ਮੱਦਦ ਕਰਵਾਉਣ ਲੱਗਾ ਤੇ ਉੱਥੇ ਉਸ ਨੂੰ ਮੋਟਰ ਬਾਈਕ ਰਿਪੇਅਰ ਲਈ ਆਏ ਨੌਜਵਾਨਾਂ ਨੇ ਪਹਿਲਾ ਸੂਟਾ ਲਵਾਇਆ ਸੀ। ਨਸ਼ੇ ਦੀ ਲਤ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਿਆਂ ਹੀ ਉਹ ਹੇਅਰ ਕਟਿੰਗ ਦੁਕਾਨ ਤੱਕ ਪਹੁੰਚਿਆ ਸੀ। ਇਨ੍ਹਾਂ ਚਾਰੋਂ ਨੌਜਵਾਨਾਂ ਨੂੰ ਵੱਖਰੇ-ਵੱਖਰੇ ਕਰ ਕੇ ਨਸ਼ਿਆਂ ਦੀ ਸਪਲਾਈ ਲਾਈਨ ਤੇ ਖ਼ਪਤ ਦੀ ਜਾਣਕਾਰੀ ਇਕੱਤਰ ਕੀਤੀ ਗਈ। ਹੇਅਰ ਕਟਿੰਗ ਜਿਹੀ ਇੱਕ ਦੁਕਾਨ ਤੋਂ ਦੂਜੀ



Sri Satguru Jagjit Singh Ji eLibrary NamdhariElibrary@gmail.com

ਦੁਕਾਨ ਅਤੇ ਇੱਕ ਨੌਜਵਾਨ ਤੋਂ ਦੂਜਾ ਨੌਜਵਾਨ ਰਾਤ ਤੱਕ ਸਾਰਾ ਸ਼ਹਿਰ ਛਲਣੀ ਹੋਇਆ ਪਾਇਆ ਗਿਆ।

ਜਦ ਸਾਰੀਆਂ ਪੁਲੀਸ ਪਾਰਟੀਆਂ ਵਾਪਸ ਆ ਗਈਆਂ ਤਾਂ ਟ੍ਰੇਨਿੰਗ ਕਰ ਕੇ ਆਏ ਮੁੰਡਿਆਂ ਨੂੰ ਸਿਵਲ ਕੱਪੜਿਆਂ ਵਿੱਚ ਸ਼ਹਿਰ ਦੇ ਅਜਿਹੇ ਖ਼ੇਤਰਾਂ ਵਿੱਚ ਮੋਟਰ ਬਾਈਕ ਦੇ ਕੇ ਭੇਜਿਆ ਗਿਆ। ਸਿਵਲ ਕੱਪੜਿਆਂ ਵਿੱਚ ਉਹ ਕਾਲਜੀਏਟ ਹੀ ਲੱਗਦੇ ਸਨ, ਉਨ੍ਹਾਂ ਨੂੰ ਸਮਝਾਇਆ ਗਿਆ ਕਿ ਸ਼ਹਿਰ ਦੇ ਵੱਖਰੇ-ਵੱਖਰੇ ਇਲਾਕਿਆਂ ਵਿੱਚ ਜਾ ਕੇ ਸਮੈਕ ਦੀ ਭਾਲ ਕਰਦੇ ਨੌਜਵਾਨਾਂ ਨੂੰ ਕਾਬੂ ਕਰ ਕੇ ਥਾਣੇ ਲਿਆਉਣਾ ਹੈ। ਨੇੜੇ ਦੀ ਪਹਿਲੀ ਪਾਰਟੀ ਇੱਕੀ ਕੁ ਵਰ੍ਹਿਆਂ ਦੇ ਨੌਜਵਾਨ ਨੂੰ ਲੈ ਕੇ ਆਈ। ਛਾਂਟਵਾਂ ਸਰੀਰ, ਤਿੱਖੇ ਨੈਣ-ਨਕਸ਼, ਫੁਟਦੀ ਲੂੰ, ਅਸਮਾਨੀ ਤੇ ਨੀਲੀ ਧਾਰੀਆਂ ਵਾਲੀ ਚਿੱਟੀ ਕਮੀਜ਼, ਲੇਕਿਨ ਰੰਗਰੂਟ ਸਿਪਾਹੀਆਂ ਨੇ ਸਾਨੂੰ ਦੱਸਿਆ ਕਿ ਉਸ ਨੇ ਉਨ੍ਹਾਂ ਨੂੰ ਪੁੱਛਿਆ ਸੀ, 'ਆੜੀ ਸਮੈਕ ਕਿੱਥੋਂ ਮਿਲਦੀ ਆ।' ਮੇਰੇ ਸਵਾਲ ਪੁੱਛਦਿਆਂ-ਪੁੱਛਦਿਆਂ ਉਹ ਨੌਜਵਾਨ ਕੰਬਣ ਲੱਗਾ। ਉਸ ਦੇ ਹੱਥ ਠੰਢੇ ਹੋ ਗਏ ਸਨ। ਜਦ ਉਸ ਤੋਂ ਉਸ ਦੇ ਬਾਪ ਦਾ ਮੋਬਾਇਲ ਨੰਬਰ ਮੰਗਿਆ ਗਿਆ ਤਾਂ ਜ਼ਮੀਨ ਉਸ ਦੇ ਪੈਰਾਂ ਥੱਲਿਉਂ ਖਿਸਕਣ ਲੱਗੀ। ਉਹ ਇੱਕ ਕਾਲਜ ਵਿਦਿਆਰਥੀ ਸੀ। ਉੱਧਰ ਨਸ਼ਿਆਂ ਦੇ ਤਸਕਰ ਤੇ ਪੱਕੇ ਨਸ਼ਈ ਪੁਲੀਸ ਦੀ ਚਾਲ ਨੂੰ ਭਾਂਪ ਗਏ ਸਨ, ਵਿਦਿਆਰਥੀ ਤੇ ਨੌਜਵਾਨ ਹੀ ਇਸ ਚਾਲ ਵਿੱਚ ਫਸ ਰਹੇ ਸਨ। ਮੂੰਹ ਹਨੇਰੇ ਤੱਕ ਚੌਦਾਂ ਅਜਿਹੇ ਨੌਜਵਾਨ ਸਾਹਮਣੇ ਆਏ। ਅਜਿਹੇ ਹੋਰ ਨੌਜਵਾਨ ਵੀ ਇਕੱਠੇ ਹੋ ਸਕਦੇ ਸਨ ਪਰ ਝਟ-ਪਟ ਹੀ ਸਾਰੀਆਂ ਪਾਰਟੀਆਂ ਨੂੰ ਵਾਪਸ ਬੁਲਾ ਲਿਆ ਗਿਆ।

ਬਾਬਾ ਫਰੀਦ ਦੀ ਧਰਤੀ ਫਰੀਦਕੋਟ ਪੰਜਾਬ ਦੇ ਨਸ਼ਿਆਂ ਤੋਂ ਘੱਟ ਪ੍ਰਭਾਵਿਤ ਜ਼ਿਲ੍ਹਿਆਂ ਵਿੱਚੋਂ ਇੱਕ ਹੈ ਪਰ ਇੱਥੋਂ ਦੇ ਹਾਲਾਤ ਵੀ ਕਿੰਨੇ ਨਾਜ਼ੁਕ ਹਨ। ਨੌਜਵਾਨਾਂ ਦਾ ਸਮੈਕ ਤੇ ਹੈਰੋਇਨ ਵਰਗੇ ਪੱਕੇ ਨਸ਼ਿਆਂ ਵੱਲ ਇੰਝ ਮੁੜ ਜਾਣਾ ਬਹੁਤ ਹੀ ਘਾਤਕ ਸੰਕੇਤ ਹੈ। ਅਜਿਹੇ ਨਸ਼ਿਆਂ ਤੋਂ ਪ੍ਰਭਾਵਿਤ ਨੌਜਵਾਨਾਂ ਦੀ ਗਿਣਤੀ, ਔਸਤਨ ਪ੍ਰਤੀ ਪਿੰਡ ਪੱਚੀ ਤੋਂ ਟੱਪ ਚੁੱਕੀ ਹੈ। ਕਈ ਵੱਡੇ ਪਿੰਡਾਂ ਵਿੱਚ ਇਹ ਗਿਣਤੀ ਸੌ ਤੱਕ ਅਪੜਨ ਲੱਗੀ ਹੈ। ਅਜਿਹੇ ਨਸ਼ਿਆਂ ਦੇ ਸ਼ਿਕਾਰ ਨੌਜਵਾਨ ਆਪਣਾ ਖ਼ਰਚਾ ਕੱਢਣ ਲਈ ਜਲਦੀ ਹੀ ਹੋਰ ਨੌਜਵਾਨਾਂ ਨੂੰ ਨਸ਼ਾ ਵੇਚਣ ਵੀ ਲੱਗ ਜਾਂਦੇ ਹਨ। ਨਸ਼ੇ ਲਈ ਅਪਰਾਧ ਅਗਲਾ ਪੜਾਅ ਹੈ। ਨਸ਼ਿਆਂ ਦੇ ਹੋ ਰਹੇ ਕੁੱਲ ਵਪਾਰ ਦਾ ਪੰਜ ਤੋਂ ਦਸ ਪ੍ਰਤੀਸ਼ਤ ਹਿਸਾ ਹੀ ਪੁਲੀਸ ਦੀ ਗ੍ਰਿਫ਼ਤ ਵਿੱਚ ਆਉਂਦਾ ਹੈ। ਨਸ਼ਿਆਂ ਦੀ ਖੱਪਤ ਅਤੇ ਬੁਰੇ ਪ੍ਰਭਾਵਾਂ ਪੱਖੋਂ ਪ੍ਰਾਂਤ ਦੀ ਹਾਲਤ ਅਤੀ ਗੰਭੀਰ ਹੈ। ਦਰਅਸਲ ਪੰਜਾਬ ਨੂੰ ਮੌਤ ਆਵਾਜ਼ਾਂ ਮਾਰਦੀ।

ਪੱਛਮ ਦੀ ਇੱਕ ਕਹਾਵਤ ਅਨੁਸਾਰ ਸਵੇਰ ਤੁਹਾਡੇ ਅੱਗੇ ਮੌਕਿਆਂ ਦੀ



Sri Satguru Jagjit Singh Ji eLibrary NamdhariElibrary@gmail.com

ਚੋਗ ਖਿਲਾਰ ਦਿੰਦੀ ਹੈ ਤੇ ਹਰ ਸ਼ਾਮ ਪੁੱਛਦੀ ਹੈ, ਤੁਸੀਂ ਉਨ੍ਹਾਂ ਮੌਕਿਆਂ ਦਾ ਕੀ ਕੀਤਾ। ਉਸ ਸਵੇਰ ਨੇ ਮੋਬਾਇਲ ਫ਼ੋਨ ਤੇ ਨਸ਼ਿਆਂ ਦੀ ਭਾਲ ਕਰਦੇ ਗਿਆਰ੍ਹਾਂ ਨੌਜਵਾਨਾਂ ਨੂੰ ਮੇਰੇ ਸਾਹਮਣੇ ਲਿਆ ਖੜ੍ਹਾ ਕੀਤਾ ਤੇ ਦੁਪਿਹਰ ਨੇ ਪੁੱਛ ਲਿਆ ਤੂੰ ਉਨ੍ਹਾਂ ਨੌਜਵਾਨਾਂ ਦਾ ਕੀ ਕੀਤਾ। ਆਥਣ ਵੇਲੇ ਨੇ ਪੁੱਛਿਆ, ਹੇਅਰ ਕਟਿੰਗ ਦੀ ਦੁਕਾਨ ਤੋਂ ਲਿਆਂਦੇ ਚਾਰ ਨੌਜਵਾਨਾਂ ਦਾ ਕੀ ਕੀਤਾ ਗਿਆ? ਨਸ਼ੇ ਦੀ ਤੋੜ ਵਿੱਚ ਭਟਕਦੇ ਕੈਦੀਆਂ ਦਾ ਕੀ ਕੀਤਾ ਜਾਵੇ, ਜੇਲ੍ਹ ਵਿੱਚੋਂ ਅਜਿਹੀਆਂ ਕਈ ਆਵਾਜ਼ਾਂ ਸੁਣਾਈ ਦਿੱਤੀਆ, ਰੌਲਾ-ਰੱਪਾ ਪੈ ਰਿਹਾ ਸੀ। ਡੁੱਬਦੇ ਸੂਰਜ ਨੇ ਪੁੱਛਿਆ ਕਿ ਸਮੈਕ ਪੀਣ ਵਾਲੇ ਨੌਜਵਾਨ ਦੀ ਪਤਨੀ ਕਿੱਧਰ ਜਾਵੇ ? ਉਸ ਨੌਜਵਾਨ ਦੇ ਮਾਪਿਆਂ ਨੂੰ ਨਹਿਰ 'ਚੋਂ ਕੱਢ ਕੇ ਕਿੱਥੇ ਲਿਜਾਇਆ ਗਿਆ, ਡੁੱਬ ਗਏ ਸੂਰਜ ਦੀ ਅਸਮਾਨ ਵਿੱਚ ਲਟਕਦੀ ਰਹਿ ਗਈ ਲਾਲੀ ਨੇ ਪੁੱਛਿਆ? ਇਨ੍ਹਾਂ ਸਵਾਲਾਂ 'ਚੋਂ ਮੈਂ ਹਾਲੇ ਸੰਭਲਿਆ ਵੀ ਨਹੀਂ ਸਾਂ ਕਿ ਲੱਥਦੇ ਹਨੇਰੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੀ ਹਰ ਬੱਤੀ ਨੇ ਪੁੱਛਿਆ ਕਿ ਸ਼ਾਮ ਵੇਲੇ ਨਸ਼ੇ ਦੀ ਭਾਲ ਵਿੱਚ ਭਟਕਦੇ ਚੌਦਾਂ ਗੰਭਰੀਟ ਗੱਭਰੂਆਂ ਦਾ ਕੀ ਕੀਤਾ? ਅਜਿਹੇ ਸਵਾਲਾਂ ਦੇ ਜਵਾਬ ਦੇਣ ਲਈ ਤੁਹਾਥੋਂ ਮੱਦਦ ਹਾਸਲ ਕਰਨ ਲਈ ਹੀ ਇਹ ਲੇਖ ਲਿਖਿਆ ਗਿਆ ਹੈ।

•



Sri Satguru Jagjit Singh Ji eLibrary NamdhariElibrary@gmail.com

## ਕਿਰਤੀ ਜੀਵਨ ਦਾ ਅਤੀਤ ਤੇ ਵਰਤਮਾਨ

ਉਨੱਤੀ ਦਸੰਬਰ 2014 ਨੂੰ ਅਫ਼ਜ਼ਲ ਤੌਸੀਫ ਦਾ ਲਾਹੌਰ 'ਚ ਦੇਹਾਂਤ ਹੋਇਆ। ਨਵੇਂ ਵਰ੍ਹੇ ਦੇ ਪਹਿਲੇ ਐਤਵਾਰ ਅਖ਼ਬਾਰਾਂ ਵਿੱਚ ਉਸ ਦੇ ਜੀਵਨ ਤੇ ਸਾਹਿਤਕ ਦੇਣ ਸੰਬੰਧੀ ਲੇਖ ਛਪੇ ਸਨ। ਉਸ ਦੀਆਂ ਲਿਖਤਾਂ ਵਿੱਚ ਦੇਸ ਵੰਡ ਦੇ ਦਰਦ ਦੀ ਹੂਕ ਤੇ ਕਿਰਤੀ ਪੰਜਾਬੀ ਜੀਵਨ ਦੀ ਮਹਿਕ ਹੈ। ਉਸ ਦੀ ਲਿਖਤ ਦਾ ਇੱਕ ਨਮੂਨਾ ਪਹਿਲੇ ਪੈਰੇ ਵਿੱਚ ਵਰਨਣ ਕਰ ਕੇ, ਕਿਰਤੀ ਪੰਜਾਬੀ ਜੀਵਨ ਦੇ ਮੌਜੂਦਾ ਹਾਲਾਤ ਬਾਰੇ ਕੁਝ ਗੱਲਾਂ ਕਰਨ ਦਾ ਯਤਨ ਕੀਤਾ ਗਿਆ ਹੈ।

"ਅਕਬਰੀ ਇੱਟ ਦੀ ਚਿਣਾਈ ਵਾਲਾ ਮਕਾਨ ਸੀ। ਕੋਕਿਆਂ ਵਾਲੇ ਦਰਵਾਜ਼ੇ। ਮੈਨੂੰ ਅੱਜ ਵੀ ਸਾਰਾ ਕੁਝ ਯਾਦ ਏ। ਉਹ ਸਾਰੇ ਹੀ ਜਿਹੜੇ ਉਸ ਘਰ ਵਿੱਚ ਰਹਿੰਦੇ ਸਨ ਤੇ ਉੱਜੜ ਗਏ, ਪਰ ਸਭਨਾਂ ਦੀ ਬਹੁਤੀ ਯਾਦ ਏ, ਆਪਣੇ ਤਾਏ ਧੀ 'ਸ਼ੀਨਾ'। ਉਸ ਪਿੰਡ ਵਿੱਚ ਹੋਰ ਵੀ ਬੜਾ ਕੁਝ ਸੀ। ਅੰਬਾਂ ਦੇ ਬਾਗ, ਜਾਮਨੂੰਆਂ ਦੇ ਜੰਗਲ, ਪੱਕਦੇ ਗੁੜ ਦੀ ਖ਼ੁਸ਼ਬੋ, ਹੱਥ-ਹੱਥ ਲੰਬੀ ਛੱਲੀ, ਗੱਜ-ਗੱਜ ਪੋਰੀ ਵਾਲੇ ਗੰਨੇ ਤੇ ਗੀਤ, ਸਾਲ ਦੇ ਮੌਸਮਾਂ ਦੇ ਗੀਤ, ਕਣਕ ਦੇ ਚੇਤਰ ਦੇ ਗੀਤ, ਬਸੰਤ-ਵਿਸਾਖੀ ਅਤੇ ਪਿਆਰ ਦੇ ਗੀਤ। ਫਿਰ ਵੀ ਮੈਨੂੰ ਮੋਰ ਬਹੁਤੇ ਚੰਗੇ ਲੱਗਦੇ ਸਨ। ਮੋਰ ਤੇ ਭੈਣ ਸ਼ੀਨਾ। ਸਾਰਿਆਂ ਪੰਛੀਆਂ ਤੇ ਕੁੜੀਆਂ ਵਿੱਚੋਂ ਹੁਸਨ ਦੀ ਸਰਦਾਰੀ ਇਨ੍ਹਾਂ ਦੋਹਾਂ ਕੋਲ ਸੀ। ਸਾਡੀ ਮੰਮਟੀ ਉੱਤੋਂ ਸਾਰੇ ਮੁਹੱਲੇ ਦੀਆਂ ਛੱਤਾਂ ਦਿਸਦੀਆਂ ਸਨ। ਅੱਗੇ ਪਿੱਛੇ ਉਨ੍ਹਾਂ ਛੱਤਾਂ ਉੱਤੇ ਮੱਕੀ, ਕਪਾਹ, ਮਿਰਚਾਂ ਵਰਗੀਆ ਸ਼ੈਵਾਂ ਸੁੱਕਦੀਆਂ ਰਹਿੰਦੀਆਂ ਪਰ ਸੱਜਰੀ ਸਵੇਰ ਨੂੰ ਇਹ ਕੋਠੇ ਮੋਰਾਂ, ਮੋਰਨੀਆਂ ਨਾਲ ਭਰੇ ਹੁੰਦੇ। ਦਾਣੇ ਚੁਗਦੇ, ਪੈਲਾਂ ਪਾਉਂਦੇ ਮੋਰ ਬਾਦਸ਼ਾਹ ਤੇ ਰਾਣੀਆਂ ਮੋਰਨੀਆਂ ਘੁੰਮਣ-ਘੇਰੀ ਪਾਈ ਜਾਂਦੀਆਂ। ਨਾਚ ਮੁੱਕਦਾ, ਉਸ ਵੇਲੇ ਜਦੋਂ ਮੋਰ ਦੀਆਂ ਅੱਖਾਂ ਵਿੱਚ ਅੱਥਰੂ ਆ ਜਾਂਦੇ। ਮੋਰਨੀ ਉਸ ਅੱਖ ਦੀ ਬੂੰਦ ਨੂੰ ਪੀ ਲੈਂਦੀ। ਭੈਣ ਸ਼ੀਨਾਂ ਦਾਣਿਆਂ ਦਾ ਪੱਲਾ ਭਰੀ ਝਟ ਪਲ ਖਲੋ ਕੇ ਵਿਹੰਦੀ ਰਹਿੰਦੀ। ਫਿਰ ਮੁੱਠੀਆਂ ਭਰ-ਭਰ ਦਾਣੇ ਖਿਲਾਰਦੀ। ਪਾਣੀਆਂ ਦੀਆਂ ਕੁੰਡੀਆਂ ਭਰਦੀ ਤੇ ਥੱਲੇ ਲਹਿ ਜਾਂਦੀ। ਸ਼ਾਮ ਵੇਲੇ ਇੱਕ ਵਾਰੀ ਫਿਰ ਨਿਆਣਿਆਂ ਦੀ ਪਲਟਨ ਲੈ ਕੇ ਭੈਣ ਸ਼ੀਨਾਂ ਮੰਮਟੀ ਉੱਤੇ ਜਾਂਦੀ। ਉੱਥੇ ਡਿੱਗੇ ਮੋਰਾਂ ਦੇ ਪਰ ਚੁੱਕ ਕੇ ਗੁਲਦਸਤਾ ਜਿਹਾ ਬਣਾ ਲੈਂਦੀ। ਪਿੰਡ ਦੇ ਸਾਰੇ ਬੱਚੇ ਆਪਣੀਆਂ ਕਿਤਾਬਾਂ ਵਿੱਚ ਮੋਰ ਦੇ ਪਰਾਂ ਦੀਆਂ ਨਿਸ਼ਾਨੀਆਂ ਰੱਖਦੇ ਸਨ।"



Sri Satguru Jagjit Singh Ji eLibrary NamdhariElibrary@gmail.com

ਦੁਸਿਹਰੇ ਤੋਂ ਪਹਿਲਾਂ ਕੁੜੀਆਂ ਮਿੱਟੀ ਦੇ ਭਾਂਡਿਆਂ 'ਚ ਰੇਤਾ ਪਾ ਕੇ ਜੌਂ ਬੀਜਦੀਆਂ, ਇਨ੍ਹਾਂ ਨੂੰ ਅੱਕ ਦੇ ਪੱਤਿਆਂ ਨਾਲ ਢਕਿਆ ਜਾਂਦਾ। ਜੌਆਂ ਦੇ ਪੁੰਗਰਦੇ ਬੀਜ ਤਿਉਹਾਰਾਂ ਦੇ ਦਿਨਾਂ ਦੀ ਸ਼ੁਰੂਆਤ ਦਾ ਪ੍ਰਤੀਕ ਜਾਪਦੇ। ਕਪਾਹ ਦੀਆਂ ਛਿਟੀਆਂ ਪੁੱਟਣ ਤੋਂ ਕਣਕ ਬੀਜਣ ਤੱਕ, ਸੁਹਾਵੀ ਰੁੱਤ, ਕੰਮਾਂ ਵਿੱਚ ਰੁਝੇ ਲੋਕ ਤੇ ਸੁੰਦਰ ਆਲਾ-ਦੁਆਲਾ, ਖੇਤਾਂ ਵਿੱਚ ਰੱਬ ਵੱਸਦਾ। ਦੂਰ ਤੱਕ ਵਾਹੀ ਤੇ ਸੁਹਾਗੀ ਜਾ ਰਹੀ ਜ਼ਮੀਨ, ਬਰਸੀਨ ਤੇ ਮੱਕੀ ਦਾ ਕੋਈ-ਕੋਈ ਖੇਤ, ਚਾਂਦੀ ਦੇ ਵਰਕ ਵਾਲੀ ਬਰਫ਼ੀ ਦੇ ਟੁਕੜੇ ਵਾਂਗ ਮਨ-ਮੋਹਣਾ ਲਗਦਾ। ਦਿਵਾਲੀ ਤੋਂ ਪਹਿਲਾਂ ਮਠਿਆਈ ਦੀ ਸਾਈ ਫੜਾਈ ਜਾਂਦੀ। ਕਣਕਾਂ ਨੂੰ ਦੂਜਾ ਪਾਣੀ ਲੱਗਣ ਦੇ ਦਿਨ, ਨਿਆਈਂ ਵਾਲੇ ਖੇਤਾਂ ਵਿੱਚ ਇੱਕ ਭਾਰੀ ਬੇਰੀ ਦੇ ਰੁੱਖ ਥੱਲੇ ਇਕਹਿਰੀ ਇੱਟ ਦੀ ਇੱਕ ਥਾਂ ਜਿਹੀ ਬਣੀ ਹੁੰਦੀ। ਤਿਉਹਾਰ ਵਾਲੇ ਦਿਨ ਕਈ ਘਰਾਂ ਦੀਆਂ ਔਰਤਾਂ ਏਥੇ ਦੀਵੇ ਜਗਾਉਣ ਆਉਂਦੀਆਂ। ਉਨ੍ਹਾਂ ਨਾਲ ਆਏ ਬੱਚੇ ਕਣਕ ਦੇ ਬੂਝੇ ਆਸੇ-ਪਾਸੇ ਕਰ ਕੇ ਬੇਰ ਲੱਭਦੇ। ਕਈ ਵਾਰ ਲਾਲ-ਸੂਹਾ ਪੱਕਿਆ ਬੇਰ ਲੱਭ ਜਾਂਦਾ। ਬੇਰੀ ਤੋਂ ਅਚਾਨਕ ਕੋਈ ਪੰਛੀ ਉੱਡਦਾ ਤਾਂ ਬੱਚੇ ਤ੍ਰਬਕ ਜਾਂਦੇ। ਮਿੱਠੀ-ਮਿੱਠੀ ਰੁੱਤ, ਦੂਰ ਤੱਕ ਹਰੇ-ਭਰੇ ਖੇਤ, ਮਘਦੇ ਦੀਵਿਆਂ ਦੀ ਲੋਅ, ਡੁੱਬ ਗਿਆ ਸੂਰਜ ਆਪਣੀ ਲਾਲੀ ਜਿਵੇਂ ਇਨ੍ਹਾਂ ਦੀਵਿਆਂ ਨੂੰ ਸੰਭਾਲ ਗਿਆ ਹੋਵੇ। ਸਿਰ ਦਾ ਪੱਲਾ ਠੀਕ ਕਰ ਕੇ ਦੀਵਾ ਬਾਲਦੀ ਔਰਤ ਕਿਰਤੀ ਪੰਜਾਬੀ ਜੀਵਨ ਦੇ ਸੁਹੱਪਣ ਦਾ ਸਿਖਰ ਹੁੰਦੀ ਸੀ।

ਦਿਨ ਢਲਦਿਆਂ ਹੀ ਦਾਦੀ ਮਾਂ ਬਾਹਰਲੇ ਚੌਂਕੇ ਵਿੱਚ ਸਾਗ ਧਰਨ ਦਾ ਉਹੜ-ਪੋਹੜ ਕਰਨ ਲਗਦੀ। ਬਲਦੀ ਅੱਗ, ਤੌੜੀ ਵਿੱਚ ਥੋੜ੍ਹਾ ਪਾਣੀ ਪਾ ਕੇ ਧਰਦੀ। ਨਲਕੇ ਤੇ ਗੰਦਲਾਂ ਧੋਂਦੀ ਤੇ ਹੇਠਲਾ ਇੱਕ-ਇੱਕ ਪੱਤਾ ਲਾਹ ਕੇ ਗੰਦਲਾਂ ਨੂੰ ਸਲੀਕੇ ਨਾਲ ਸਜਾਉਂਦੀ। ਛੋਹਲੇ ਹੱਥੀਂ ਬਾਥੂ ਤੇ ਪਾਲਕ ਨੂੰ ਚੁਣਦੀ ਤੇ ਸਵਾਰਦੀ। ਵੱਡੀ ਬੋਰੀ ਵਿਛਾ, ਸਾਗ, ਬਾਥੂ, ਪਾਲਕ, ਮੇਥੇ ਤੇ ਹਾਲੋਂ ਦੇ ਪੱਤਿਆਂ ਦੀਆਂ ਢੇਰੀਆ ਜਿਹੀਆਂ ਲਾ ਲੈਂਦੀ। ਖੱਦਰ ਦਾ ਚਿੱਟਾ ਪੋਣਾ ਵਿਛਾ ਉਹ ਜਦ ਪਹਿਲੀ ਚੀਰਨੀ, ਚੀਰਨ ਦੀ ਤਿਆਰੀ ਕਰਦੀ ਤਾਂ ਅੱਖਾਂ ਬੰਦ ਕਰ ਕੇ ਰੱਬ ਨੂੰ ਯਾਦ ਕਰਦੀ। ਲੱਸਣ, ਅਦਰਕ ਤੇ ਪਿਆਜ਼ ਇਕੱਠੇ ਕੁੱਟ ਕੇ ਪਾ ਦਿੰਦੀ। ਮੱਕੀ ਦੇ ਗੁੱਲ ਤੇ ਕਪਾਹ ਦੀਆਂ ਸ਼ਿਕਰੀਆਂ ਚੁੱਲ੍ਹੇ ਵਿੱਚ ਸੁੱਟਦੀ-ਸੁੱਟਦੀ ਕੰਮ ਕਰਦੀਆਂ ਔਰਤਾਂ ਤੇ ਪਸ਼ੂ ਸਾਂਭਦੇ ਬੰਦਿਆਂ ਨਾਲ ਗੱਲਾਂ ਕਰਦੀ ਰਹਿੰਦੀ। ਰਿੱਝਦੇ ਸਾਗ ਦੀ ਅਵਾਜ਼ ਆਉਂਦੀ ਤਾਂ ਉਹ ਧੌਣ ਉੱਚੀ ਕਰ ਕੇ ਵੇਖਦੀ ਤੇ ਘੋਟਣੀ ਫੇਰ ਕੇ ਇੱਕ ਚੀਰਨੀ ਹੋਰ ਪਾ ਦਿੰਦੀ। ਸਾਗ ਦੀ ਚੀਰਨੀ ਦਾ ਹਰਾ ਕਚੂਰ ਰੰਗ, ਅਸਮਾਨ ਵਿੱਚ ਉੱਡਦੇ ਚਿੱਟੇ ਕਬੂਤਰ, ਮੈਂ ਦੋਵੇਂ ਦ੍ਰਿਸ਼ ਵਾਰ-ਵਾਰ ਦੇਖਦਾ। ਉਧਰ ਰੇਡੀਉ 'ਤੇ ਗੀਤ ਗੂੰਜਦਾਂ, 'ਅਸੀਂ ਛੋਟੀ ਉਮਰੇ ਬਹੁਤਾ ਦਰਦ ਹੰਢਾ ਬੈਠੇ, ਦਿਲ ਬੇਕਦਰਾਂ ਨਾਲ ਲਾ ਕੇ ਕਦਰ



Sri Satguru Jagjit Singh Ji eLibrary NamdhariElibrary@gmail.com

ਗੁਆ ਬੈਠੇ।' ਸਾਗ ਘੋਟਦਿਆਂ ਉਹਦਾ ਹੱਥ ਦੁਖਣ ਲਗਦਾ, ਉਹ ਸੱਜੇ ਗੁੱਟ 'ਤੇ ਕੱਪੜਾ ਲਪੇਟਦੀ ਅਤੇ ਮੱਕੀ ਦੀਆਂ ਰੋਟੀਆਂ ਲਾਹੁਣ ਲੱਗਦੀ। ਮਾਂਵਾਂ ਨੇ ਜਿੰਨੀ ਮਿਹਨਤ ਤੇ ਸ਼ਿਦਤ ਨਾਲ ਸਾਨੂੰ ਲਾਡ ਲਡਾਏ, ਅਸੀਂ ਉਨੀਂ ਸ਼ਿਦਤ ਨਾਲ ਇਹ ਕਰਜ਼ਾ ਨਾ ਮੋੜ ਸਕੇ। ਸ਼ਰਾਬ ਤੇ ਨਸ਼ਿਆਂ ਦਾ ਤੂਫ਼ਾਨ ਝੱਲਦੀ ਤਵਾਰੀਖ ਨੇ ਪੰਜਾਬ ਦੀਆਂ ਮਾਂਵਾਂ ਤੇ ਧੀਆਂ ਨਾਲ ਇਨਸਾਫ਼ ਨਹੀਂ ਕੀਤਾ।

ਮਾਘੀ ਦੇ ਮੇਲੇ ਲਈ ਮੈਂ ਆਪਣੇ ਚਾਚਾ ਜੀ ਅਤੇ ਪਿਤਾ ਜੀ ਦੀਆਂ ਪੱਗਾਂ ਨੂੰ ਮਾਵਾ ਲਵਾਉਣ ਲਈ ਲੈ ਕੇ ਜਾਂਦਾ, ਬਿਸਕੁਟੀ ਤੇ ਅਸਮਾਨੀ ਰੰਗ ਦੀਆਂ ਪੱਗਾਂ ਦੀਆਂ ਖੜਕਦੀਆਂ ਤੈਹਾਂ ਅੱਜ ਤੱਕ ਮੇਰੀਆਂ ਯਾਦਾਂ ਵਿੱਚ ਤਾਜ਼ਾ ਹਨ। ਘਰ ਵੜਦਿਆਂ ਹੀ ਮੈਂ ਆਪਣੀ ਉਨਾਭੀ ਪੱਗ ਨੂੰ ਇਨ੍ਹਾਂ ਦੋਵੇਂ ਪੱਗਾਂ ਵਿੱਚ ਰੱਖ ਕੇ ਵੇਖਦਾ, ਮਨ ਅਜੀਬ ਖ਼ੁਸ਼ੀਆਂ ਦੇ ਰੰਗਾਂ ਵਿੱਚ ਰੰਗਿਆ ਜਾਂਦਾ। ਉਧਰ ਗੁੜ ਵੰਡਦੀਆਂ ਤੇ ਗੀਤ ਗਾਉਂਦੀਆਂ ਕੁੜੀਆਂ ਦਰਵਾਜ਼ੇ 'ਚੋਂ ਘਰ ਵੜਦੀਆਂ ਦਿਖਾਈ ਦਿੰਦੀਆਂ। ਉਨ੍ਹਾਂ ਦੀਆਂ ਚੁੰਨੀਆਂ ਤੇ ਪੱਗਾਂ ਦੇ ਰੰਗ ਉਦੋਂ ਜ਼ਿੰਦਗੀ, ਕੰਮਾਂ-ਕਾਰਾਂ, ਰੰਗਾਂ ਤੇ ਖ਼ੁਸ਼ੀਆਂ ਦਾ ਸੁਖਾਂਵਾਂ ਸੁਮੇਲ ਹੁੰਦੀ ਸੀ।

ਕਸ਼ਮੀਰ ਤੋਂ ਕਈ ਕਾਮੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਹਰ ਵਰ੍ਹੇ ਸਿਆਲਾਂ ਦੇ ਦਿਨ ਕੱਟਣ ਆਉਂਦੇ ਹਨ। ਬਹੁਤਾ ਕਰ ਕੇ ਇਹ ਲੋਕ ਪੁਰਾਣੇ ਤੇ ਸੁੱਕੇ ਦਰੱਖਤ ਪੁੱਟਣ ਤੇ ਲੱਕੜਾਂ ਪਾੜਨ ਦਾ ਧੰਦਾ ਕਰਦੇ ਹਨ। ਡੱਬੀਦਾਰ ਖੇਸ ਦੀ ਬੁੱਕਲ, ਮੋਟੀਆਂ ਜੁਰਾਬਾਂ, ਪਲਾਸਟਿਕ ਦੇ ਬੂਟ, ਮੋਢੇ 'ਤੇ ਕੁਹਾੜਾ ਅਤੇ ਦੂਜੇ ਹੱਥ ਸੋਟੀ, ਪਚੰਤਰ ਵਰ੍ਹਿਆਂ ਦੇ ਗੁਲਾਮ ਰਸੂਲ ਨੂੰ ਘਰ ਲਾਗਿਉਂ ਲੰਘਦਿਆਂ ਮੈਂ ਅੰਦਰ ਬੁਲਾ ਲਿਆ। ਕਹਿਰ ਦੀ ਠੰਢ ਤੇ ਸੰਘਣੀ ਧੁੰਦ, ਅਸੀਂ ਲੱਕੜਾਂ ਬਾਲੀਆਂ ਤੇ ਚਾਹ ਪੀਣ ਲੱਗੇ। ਛੋਟਾ ਕੱਦ, ਛਾਂਟਵਾਂ ਸਰੀਰ, ਤਿੱਖੇ ਨੈਣ-ਨਕਸ਼, ਚਿੱਟੇ-ਚਿੱਟੇ ਦੰਦ ਉਹ ਹੱਸਦਾ ਤਾਂ ਕੋਈ ਪੈਗੰਬਰ ਲਗਦਾ। ਉਸ ਦਾ ਉੱਚਾ ਪਜਾਮਾ ਵੀ ਉਸ ਦੀ ਸ਼ਖ਼ਸੀਅਤ ਦਾ ਸ਼ਿੰਗਾਰ ਜਾਪਿਆ। ਉਸ ਦਿਨ ਉਸ ਦੇ ਮਗਰ ਕੁੱਤੇ ਪੈ ਗਏ ਸਨ, ਉਸ ਨੇ ਉਸ ਘਟਨਾ ਨੂੰ ਵੀ ਸਲੀਕੇ ਨਾਲ ਸੁਣਾਇਆ। ਜਦ ਉਹ ਜਾਣ ਲੱਗਿਆ ਤਾਂ ਮੈਂ ਗੁਲਾਮ ਰਸੂਲ਼ ਨੂੰ ਸੌ ਰੁਪਏ ਦਾ ਨੋਟ ਫੜਾਉਣ ਲੱਗਾ, ਮੇਰੀ ਆਸ ਦੇ ਉਲਟ ਉਹ ਝਿਜਕਿਆ, ਬਹੁਤ ਦੇਰ ਉਸ ਦੇ ਹੱਥ ਬੁੱਕਲ ਵਿੱਚੋਂ ਬਾਹਰ ਨਾ ਆਏ। ਉਸ ਨੇ ਨੋਟ ਫੜ ਤਾਂ ਲਿਆ ਪਰ ਜੇਬ ਵਿੱਚ ਨਾ ਪਾਇਆ। ਮੈਂ ਸ਼ਰਮਿੰਦਾ ਹੋਇਆ। ਦੱਸ ਕੁ ਦਿਨਾਂ ਬਾਅਦ ਦਿਨ ਛਿਪਣ ਵੇਲੇ ਮੈਂ ਗੁਲਾਮ ਰਸੂਲ ਨੂੰ ਲੱਕੜਾਂ ਦਾ ਕੰਮ ਮੁਕਾ ਕੇ ਹੱਥ-ਮੂੰਹ ਧੋਂਦਿਆਂ ਵੇਖਿਆ। ਉਸ ਨੇ ਸਤਿਕਾਰ ਨਾਲ ਘਰ ਦੇ ਮਾਲਕ ਤੋਂ ਸੌ ਰੁਪਏ ਦਾ ਨੋਟ ਫੜਿਆ ਤੇ ਮੱਥੇ ਨਾਲ ਲਾਇਆ। ਅਖ਼ਬਾਰ ਦੀਆਂ ਤੈਹਾਂ ਵਿੱਚ ਰੱਖ ਉਸ ਨੂੰ ਸ਼ਿਦਤ ਨਾਲ ਅੰਦਰਲੀ ਜੇਬ ਵਿੱਚ ਸੰਭਾਲਿਆ। ਨਿਗ੍ਹਾ ਉੱਪਰ ਕਰ ਕੇ ਉਸ ਨੇ



Sri Satguru Jagjit Singh Ji eLibrary NamdhariElibrary@gmail.com

ਰੱਬ ਦਾ ਸ਼ੁਕਰਾਨਾ ਕੀਤਾ ਤੇ ਘਰ ਦੇ ਮਾਲਕ ਨੂੰ ਦੁਆਵਾਂ ਦਿੱਤੀਆਂ। ਮੋਢੇ 'ਤੇ ਕੁਹਾੜਾ ਤੇ ਆਰੀ, ਨਿੱਕੇ-ਨਿੱਕੇ ਕਦਮ ਪੁੱਟਦਾ ਉਹ ਸ਼ਹਿਰ ਵੱਲ ਵਧਣ ਲੱਗਾ। ਜਦ ਮੈਂ ਉਸ ਨੂੰ ਸੌ ਦਾ ਨੋਟ ਫੜਾਇਆ ਸੀ ਤੇ ਅੱਜ ਜਦ ਉਸ ਨੇ ਲੱਕੜਾਂ ਪਾੜ ਕੇ ਨੋਟ ਹਾਸਲ ਕੀਤਾ, ਮੈਂ ਗੁਲਾਮ ਰਸੂਲ ਦੀ ਮਾਨਸਿਕਤਾ ਦੇ ਅੰਤਰ ਨੂੰ ਮਹਿਸੂਸ ਕਰਨ ਲੱਗਾ। ਪੰਜਾਬ ਇਸੇ ਅੰਤਰ ਵਿੱਚ ਡੁੱਬ ਕੇ ਮੋਇਆ ਹੈ, ਉਹ ਕਿਰਤ ਨਾਲੋਂ ਟੁੱਟਿਆ ਤੇ ਨਸ਼ਿਆਂ ਦੇ ਭਾਬੜਾਂ ਵਿੱਚ ਲਟ-ਲਟ ਕਰ ਕੇ ਮਚ ਗਿਆ।

ਸਾਲ 2014 ਦੌਰਾਨ ਆਸਟ੍ਰੇਲੀਆ ਦੇ ਕ੍ਰਿਕਟ ਖਿਡਾਰੀ ਫਿਲਿਪ ਹਿਊਜ਼ ਦੀ ਗਰਦਨ 'ਤੇ ਇੱਕ ਤੇਜ਼ ਰਫ਼ਤਾਰ ਗੇਂਦ ਲੱਗਣ ਨਾਲ ਮੌਤ ਹੋ ਗਈ ਸੀ। ਚੌਵੀ ਵਰ੍ਹਿਆਂ ਦੇ ਫਿਲਿਪ ਹਿਊਜ਼ ਨੇ ਆਪਣੇ ਦੇਸ ਵੱਲੋਂ ਖੇਡਦਿਆਂ ਆਪਣੇ ਪਹਿਲੇ ਟੈਸਟ ਮੈਚ ਦੀਆਂ ਦੋਵੇਂ ਪਾਰੀਆਂ ਵਿੱਚ ਸੈਂਕੜੇ ਬਣਾਉਣ ਦਾ ਮਾਣ ਹਾਸਲ ਕੀਤਾ ਸੀ। ਉਸ ਦੀ ਮੌਤ ਨਾਲ ਕ੍ਰਿਕਟ ਜਗਤ ਹੀ ਨਹੀਂ, ਪੂਰਾ ਸੰਸਾਰ ਸੋਗ ਵਿੱਚ ਡੁੱਬ ਗਿਆ। ਉਸ ਦੇ ਸਸਕਾਰ ਸਮੇਂ ਆਸਟ੍ਰੇਲੀਆ ਹੰਝੂਆਂ ਵਿੱਚ ਵਹਿ ਤੁਰਿਆ ਸੀ। ਕਈ ਦੇਸ਼ਾਂ ਤੇ ਕਈ ਖੇਡਾਂ ਦੇ ਖਿਡਾਰੀ ਉਸ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਏ। ਰੇਡੀਓ ਅਤੇ ਟੈਲੀਵੀਜ਼ਨ 'ਤੇ ਉਸ਼ ਦੀ ਮੌਤ ਦੀਆਂ ਖ਼ਬਰਾਂ ਸੁਣਾਉਂਦੀਆਂ ਕੁੜੀਆਂ ਭੁੱਬਾਂ ਮਾਰ ਕੇ ਰੋਈਆਂ। ਉਸ ਦੀ ਮੌਤ ਦਾ ਸਦਮਾ ਇੰਨਾਂ ਗਹਿਰਾ ਸੀ ਕਿ ਜਦ ਟੈਸਟ ਲੜੀ ਦੁਬਾਰਾ ਸ਼ੁਰੂ ਹੋਈ ਤਾਂ ਖਿਡਾਰੀ ਮਾਨਸਿਕ ਤੌਰ 'ਤੇ ਖੇਡਣ ਲਈ ਤਿਆਰ ਹੀ ਨਹੀਂ ਸਨ, ਕੋਈ ਗੇਂਦ ਹੱਥ ਵਿੱਚ ਫੜਨ ਤੋਂ ਝਿਜਕਿਆ ਤੇ ਕੋਈ ਬੈਟ ਦੇ ਆਸੇ-ਪਾਸੇ ਘੁੰਮਦਾ ਰਿਹਾ। ਖੇਡ ਨੂੰ ਪਿਆਰ ਕਰਨ ਵਾਲੇ ਸਕੂਲਾਂ-ਕਾਲਜਾਂ ਦੇ ਮੁੰਡਿਆਂ ਨੇ ਆਪਣੇ ਬੈਟ ਘਰਾਂ ਦੇ ਬਾਹਰ ਕੌਲ਼ਿਆਂ ਨਾਲ ਖੜ੍ਹੇ ਕਰ ਦਿੱਤੇ ਸਨ। ਅਸਹਿ ਦੁੱਖ ਪ੍ਰਗਟਾਉਣ ਦਾ ਇਹ ਅਦਭੁਤ ਤਰੀਕਾ ਸੀ। ਉਸ ਛੈਲ-ਛਬੀਲੇ ਗੱਭਰੂ ਨੇ ਏਨਾ ਲੋਕ-ਪਿਆਰ ਕਿਵੇਂ ਹਾਸਲ ਕੀਤਾ। ਉਸ ਦਾ ਖੇਡ ਕੀਰਤੀਮਾਨ ਵਿਸ਼ੇਸ਼ ਹੈ, ਲੇਕਿਨ ਇਸ ਵਿੱਚ ਉਸ ਦੇ ਬਾਪ ਤੇ ਪਰਿਵਾਰ ਦਾ ਵੀ ਯੋਗਦਾਨ ਹੈ। ਉਸ ਦਾ ਬਾਪ ਕਿਰਤੀ ਤੇ ਅਗਾਂਹ ਵਧੂ ਕਿਸਾਨ ਹੈ। ਇਹਨਾਂ ਹਾਲਤਾਂ ਨੇ ਉਸ ਖਿਡਾਰੀ ਦੇ ਪਿਆਰ, ਵਿਯੋਗ ਤੇ ਤੜਫ ਦਾ ਕੈਨਵਸ ਤਿਆਰ ਕੀਤਾ। ਪੰਜਾਬ ਦੀ ਧਰਤੀ 'ਤੇ ਨਸ਼ਿਆਂ ਦੀਆਂ ਤੇਜ਼ ਤਰਾਰ ਗੇਂਦਾਂ ਨਾਲ ਕਿੰਨੇ ਫਿਲਿਪ ਹਿਊਜ਼ ਮਰਦੇ ਹਨ? ਇਹ ਸਦਮੇ ਸਾਨੂੰ ਝੰਜੋੜਦੇ ਕਿਉਂ ਨਹੀਂ, ਦਰਅਸਲ ਕੀਰਤੀਮਾਨ ਤੇ ਕੈਨਵਸ ਦੋਵੇਂ ਸਾਡੇ ਹੱਥੋਂ ਖੁੱਸ ਗਏ ਹਨ।

ਜਿਸ ਦਿਨ ਮੈਂ ਅਫ਼ਜ਼ਲ ਤੌਸੀਫ ਬਾਰੇ ਅਖ਼ਬਾਰਾਂ ਵਿੱਚ ਲੇਖ ਪੜ੍ਹੇ ਸਨ, ਉਸੇ ਸ਼ਾਮ ਦੀ ਗੱਲ ਹੈ। ਇੱਕ ਗੁਰਸਿੱਖ ਵਿਅਕਤੀ ਆਪਣੇ ਪੁੱਤ ਨੂੰ ਨਾਲ ਲੈ ਕੇ ਘਰ ਮਿਲਣ ਆਇਆ, ਉਸ ਦਾ ਇਹ ਪ੍ਰੋਗਰਾਮ ਅਚਾਨਕ ਬਣਿਆ ਸੀ। 'ਮੇਰਾ ਇਹ



Sri Satguru Jagjit Singh Ji eLibrary NamdhariElibrary@gmail.com

ਪੁੱਤ ਨਸ਼ਿਆਂ ਦੀ ਦਲ-ਦਲ ਵਿੱਚ ਫਸਿਆ ਹੋਇਆ ਹੈ', ਉਸ ਦੀ ਇਸ ਗੱਲ ਨੇ ਮੈਨੂੰ ਝਟਕਾ ਦਿੱਤਾ। ਅਗਲੀ ਗੱਲ ਬੋਲਣ ਤੋਂ ਪਹਿਲਾਂ ਉਹ ਬਹੁਤ ਗੰਭੀਰ ਹੋ ਗਿਆ। 'ਮੈਂ ਕਿਸੇ ਕੋਲ ਭਾਫ ਨਹੀਂ ਕੱਢੀ, ਕੁਰਾਲੀ, ਖੰਨਾ, ਤਰਨ-ਤਾਰਨ, ਲੁਧਿਆਣਾ ਕਈ ਸੈਂਟਰ ਇਹ ਕੱਟ ਚੁੱਕਿਆ ਹੈ, ਠੀਕ ਵੀ ਹੋ ਜਾਂਦਾ ਹੈ ਅਚਾਨਕ ਫਿਰ ਲੱਗ ਜਾਂਦਾ ਹੈ।' ਬਾਪ ਨੂੰ ਰੋਕ ਕੇ ਮੈਂ ਉਸ ਕਲੀਨ ਸ਼ੇਵ ਨੌਜਵਾਨ ਨਾਲ ਗੱਲਾਂ ਕਰਨ ਲੱਗਾ। ਪੜ੍ਹਾਈ ਬਾਰੇ ਗੱਲਾਂ ਕਰਨ ਤੋਂ ਬਾਅਦ ਮੈਂ ਪੁੱਛਿਆ, 'ਕੰਮ ਕੀ ਕਰਦੇ ਹੋ।' ਪਿਉ-ਪੁੱਤਰ ਨੂੰ ਇਸ ਸਵਾਲ ਦਾ ਉੱਤਰ ਦਿੰਦਿਆ ਡਾਢੀ ਔਕੜ ਆਈ, ਬੋਲ ਥਿੜਕਣ ਲੱਗੇ। ਕੋਈ ਕੰਮ ਨਹੀਂ, ਹੱਥੀਂ ਕੰਮ ਕਰਨ ਦਾ ਕੋਈ ਸ਼ੌਂਕ ਨਹੀਂ, ਕਿਰਤ 'ਚੋਂ ਉਪਜੇ ਸੱਭਿਆਚਾਰ ਦਾ ਸਕੂਨ ਵੀ ਨਹੀਂ, ਮਾਂ ਬੋਲੀ ਨਾਲ ਸੰਬੰਧ ਤਿੜਕੇ ਤੇ ਟੁੱਟੇ ਹੋਏ, ਪਹਿਰਾਵਾ ਤੇ ਖਾਣ-ਪੀਣ ਕਿਸੇ ਭੁੱਲੇ-ਭਟਕੇ ਰਾਹਾਂ ਵਾਂਗ ਮਹਿਸੂਸ ਹੋਇਆ। ਉਸ ਨੌਜਵਾਨ ਦਾ ਹੱਥ ਫੜ ਕੇ, ਮੈਂ ਪੁੱਛਿਆ, 'ਕਿਹੜਾ ਨਸ਼ਾ ਕਰਦੇ ਹੋ?' ਉਹ ਬੋਲਿਆ, 'ਕੋਈ ਵੀ ਨਹੀਂ, ਪਿਛਲੇ ਛੇ ਮਹੀਨਿਆਂ ਤੋਂ ਠੀਕ-ਠਾਕ ਹਾਂ।' ਫਿਰ ਏਨੀ ਚਿੰਤਾਂ ਕਿਉਂ, ਮੈਂ ਉਸ ਦੇ ਬਾਪ ਨੂੰ ਸੰਬੋਧਨ ਹੋਇਆ। 'ਦਰਅਸਲ ਇਸ ਦਾ ਦੋਸਤ ਵੀ ਨਸ਼ਾ ਛੱਡ ਗਿਆ ਸੀ, ਉਸ ਦਾ ਸਸਕਾਰ ਕਰਾ ਕੇ ਸਿੱਧਾ ਤੁਹਾਡੇ ਕੋਲ ਆਏ ਹਾਂ। ਉਸ ਦੇ ਬਲਦੇ ਸਿਵੇ ਨੇ ਮੇਰੇ ਅੰਦਰ ਇੱਕ ਵਹਿਮ ਪਾ ਦਿੱਤਾ ਹੈ।' ਉਹ ਵਿਅਕਤੀ ਹੰਝੂਆਂ ਤੇ ਹਉਕਿਆਂ ਵਿੱਚ ਵਹਿ ਤੁਰਿਆ। ਏਨੇ ਸਮੇਂ ਵਿੱਚ ਹੀ ਮੈਂ ਆਪਣੇ ਹੱਥ ਵਿੱਚ ਫੜੇ ਉਸ ਨੌਜਵਾਨ ਦੇ ਹੱਥ ਨੂੰ ਠੰਢਾ ਹੁੰਦਿਆ ਮਹਿਸੂਸ ਕੀਤਾ।

ਕਿਰਤ ਨਾਲੋਂ ਟੁੱਟ ਕੇ ਪੰਜਾਬੀ ਜੀਵਨ ਸਿਫ਼ਰ ਨਾਲ ਜਰਬ ਖਾ ਗਿਆ। ਬਹੁਤ ਪੁਰਾਣੀ ਯਾਦ ਹੈ, ਮੀਹਾਂ ਤੋਂ ਬਾਅਦ ਜਦ ਕੱਚੇ ਰਾਹ ਭਰੇ ਜਾਂਦੇ ਤਾਂ ਆਥਣ ਵੇਲੇ ਤਾਇਆ ਅਮਰ ਹਰ ਘਰ 'ਚੋਂ ਇੱਕ-ਇੱਕ ਬੰਦਾ ਭੇਜਣ ਦਾ ਸੁਨੇਹਾ ਦੇ ਕੇ ਜਾਂਦਾ। ਅਗਲੇ ਦਿਨ ਕਹੀਆਂ ਚੱਲਦੀਆਂ, ਢੋਲ ਵੱਜਦਾ, ਵੱਡੀ ਚੁਰ ਪੁੱਟ ਕੇ ਦੇਗੇ ਵਿੱਚ ਚਾਹ ਧਰੀ ਜਾਂਦੀ ਤੇ ਲੱਟ-ਲੱਟ ਅੱਗ ਮੱਚਦੀ। ਕਿਰਤੀ ਜੀਵਨ ਦੀਆਂ ਯਾਦਾਂ ਦੀ ਮਹਿਕ ਤੇ ਖਾਣਿਆਂ ਦੇ ਅਨੇਕਾਂ ਸਵਾਦ ਮੇਰੇ ਮਨ ਵਿੱਚ ਅੱਜ ਵੀ ਤਰੋ-ਤਾਜ਼ਾ ਹਨ। ਬਕਲ਼ੀਆਂ, ਹੋਲ਼ਾਂ, ਭੁੱਬਲ਼ ਵਿੱਚ ਦੱਬੀ ਮੂੰਗਫਲੀ ਤੇ ਭੱਠੀ 'ਚ ਭੁੱਜਦੇ ਦਾਣਿਆਂ 'ਚੋਂ ਕੱਢਵਾ ਕੇ ਖਾਧੇ ਆਬੂ, ਹਰ ਖਾਣਾ, ਹਰ ਸਵਾਦ ਕਿਰਤ ਦੀਆਂ ਸੁਨਹਿਰੀ ਪਰਤਾਂ ਵਿੱਚ ਲਪੇਟਿਆ ਹੁੰਦਾ ਸੀ। ਸੇਵੀਆਂ ਵੱਟਣ ਵਾਲੇ ਦਿਨ, ਮਸ਼ੀਨ ਵਿੱਚ ਬਚ ਗਏ ਆਟੇ ਦੀਆਂ ਚਿੜੀਆਂ, ਘਿਉ ਤੇ ਖੰਡ ਪਾ ਕੇ ਨਿਆਣਿਆਂ ਵਿੱਚ ਵੰਡੀਆਂ ਜਾਂਦੀਆਂ। 'ਭਾਂਡੇ ਕਲੀ ਕਰਾ ਲੋ,' ਨਸ਼ਿਆਂ ਦੇ ਦਾਗ ਮਿਟਾਉਣ ਲਈ ਅੱਜ ਪਿੰਡ-ਪਿੰਡ ਫਿਰ ਅਜਿਹੇ ਹੋਕਿਆਂ ਦੀ ਲੋੜ ਹੈ। ਉਦੋਂ ਹੱਥੀਂ ਕੰਮ ਕਰਨ ਵਿੱਚ ਰਸ ਅਤੇ ਸਾਂਝੇ ਕੰਮ ਕਰਨ ਦਾ ਚਾਅ ਹੁੰਦਾ ਸੀ। ਇਸੇ ਸਫ਼ਰ ਦੌਰਾਨ ਬੋਲੇ ਗਏ ਬੋਲਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਸੱਭਿਆਚਾਰ ਦਾ ਨਾਮ ਦਿੱਤਾ ਗਿਆ ਸੀ। 'ਤੇਰੀ ਕਣਕ ਦੀ ਰਾਖੀ ਮੁੰਡਿਆਂ, ਵੇ ਮੈਂ ਹੁਣ ਨਾ ਬਹਿੰਦੀ', ਇੰਝ ਕਿਰਤੀ ਪੰਜਾਬੀ ਜੀਵਨ ਹਾਰ-ਸ਼ਿੰਗਾਰ ਕਰ ਕੇ ਮੇਲਿਆਂ ਵਿੱਚ ਦਾਖ਼ਲ ਹੋ ਜਾਂਦਾ। ਰਸਮੋਂ-ਰਿਵਾਜ ਸਾਧਾਰਨ ਤੇ ਰਿਸ਼ਤੇ ਰੰਗੀਨ ਹੁੰਦੇ ਸਨ, ਜਦ ਕਿਸੇ ਗੱਭਰੂ ਦੇ ਹੱਥ ਰੁਪਿਆ ਫੜਾਇਆ ਜਾਂਦਾ ਤਾਂ ਵਾਪਸ ਮੁੜਦੇ ਲੋਕਾਂ ਨੂੰ ਦਲਾਣ ਵਿੱਚ ਖੜ ਕੇ ਪੀਲੇ, ਲਾਲ, ਗੁਲਾਬੀ ਲ਼ਿਫਾਫਿਆਂ ਵਿੱਚ ਪਾ ਕੇ ਮੁੱਠੀ-ਮੁੱਠੀ ਪਤਾਸੇ ਦਿੱਤੇ ਜਾਂਦੇ। ਆਥਣ ਵੇਲੇ ਲਾਊਡ ਸਪੀਕਰ ਤੋਂ ਰਹਿਰਾਸ ਸਾਹਿਬ ਦੇ ਪਾਠ ਦੇ ਅਰੰਭ ਦੀ ਆਵਾਜ਼ ਗੂੰਜਦੀ ਤੇ ਉਧਰ ਛੱਪੜ 'ਚੋਂ ਤੈਰਦੀਆਂ ਮੁਰਗਾਬੀਆਂ ਉਡਾਣ ਭਰਦੀਆਂ ਤੇ ਡੁੱਬਦੇ ਸੂਰਜ ਦੇ ਮੂਹਰ ਦੀ ਚੱਕਰ ਲਾ ਕੇ ਨੜਿਆਂ ਵਿੱਚ ਆ ਛੁਪਦੀਆਂ।

ਬੀਤ ਗਏ ਨੂੰ ਯਾਦ ਕਰ ਕੇ ਝੁਰੀ ਜਾਣਾ, ਸਮਾਂ ਬਰਬਾਦ ਕਰਨਾ ਕਿਹਾ ਜਾਂਦਾ ਹੈ ਪਰ ਜੇ ਵਰਤਮਾਨ ਸੂਲਾਂ ਚੋਭਦਾ ਹੋਵੇ ਤਾਂ ਅਤੀਤ ਦੀਆਂ ਸੁਖਾਵੀਆਂ ਤੇ ਸੁਹਾਵੀਆਂ ਯਾਦਾਂ ਦੀ ਸ਼ਰਨ ਚਲੇ ਜਾਣਾ ਰੱਬ ਦੀ ਇਬਾਦਤ ਵਾਂਗ ਹੈ। ਇਹ ਲੇਖ ਸਤਲੁਜ ਤੇ ਰਾਵੀ ਦੇ ਪਾਣੀਆਂ ਦੀ ਧੀ ਅਫਜ਼ਲ ਤੌਸੀਫ ਨੂੰ ਸਿਜਦਾ ਹੈ।

•



Sri Satguru Jagjit Singh Ji eLibrary NamdhariElibrary@gmail.com

# ਹਾਰੀ ਹੋਈ ਜ਼ਿੰਦਗੀ ਨਾਲ ਜੀਵਿਆ ਨਹੀਂ ਜਾਂਦਾ

ਦੋ ਜਮ੍ਹਾਂ ਦੋ ਚਾਰ, ਤਿੰਨ ਗੁਣਾਂ ਤਿੰਨ ਨੌਂ, ਲੇਕਿਨ ਗਣਿਤ ਦੇ ਇਨ੍ਹਾਂ ਸਮੀਕਰਣਾਂ ਵਾਂਗ ਜੀਵਨ ਜਿਊਂਣ ਦੇ ਨਤੀਜਿਆਂ ਦਾ ਸਪੱਸ਼ਟ ਉੱਤਰ ਨਹੀਂ ਲਿਖਿਆ ਜਾ ਸਕਦਾ। ਲਾਲ ਤੇ ਪੀਲਾ ਰੰਗ ਮਿਲਾਇਆਂ ਸੰਤਰੀ ਅਤੇ ਲਾਲ ਤੇ ਨੀਲਾ ਰੰਗ ਮਿਲਾਇਆਂ ਹਰਾ ਰੰਗ ਬਣ ਜਾਂਦੇ ਹਨ, ਲੇਕਿਨ ਰੰਗਾਂ ਤੇ ਰਸਾਇਣਾਂ ਦੀਆਂ ਇਨ੍ਹਾਂ ਕਿਰਿਆਵਾਂ ਵਾਂਗ ਜ਼ਿੰਦਗੀ ਦੀ ਚਾਦਰ ਤੇ ਪੈਂਦੀਆਂ ਫੁੱਲ-ਬੂਟੀਆਂ ਦੇ ਰੰਗਾਂ ਦੀਆਂ ਕਿਆਸ ਅਰਾਈਆਂ ਨਹੀਂ ਲਾਈਆਂ ਜਾ ਸਕਦੀਆਂ। ਸੈਰ ਕਰਦੇ ਮਹਾਰਾਜਾ ਰਣਜੀਤ ਸਿੰਘ ਨੂੰ ਫ਼ਲ ਲਾਹੁੰਦੇ ਬੱਚਿਆਂ ਦਾ ਵੱਟਾ ਵੱਜ ਗਿਆ ਸੀ, ਅਹਿਲਕਾਰ ਬੱਚਿਆਂ ਨੂੰ ਸਜ਼ਾ ਦੇਣ ਲਈ ਸੋਚ ਹੀ ਰਹੇ ਸਨ ਕਿ ਮਹਾਰਾਜਾ ਨੇ ਉਨ੍ਹਾਂ ਨੂੰ ਸੋਨੇ ਦੀਆਂ ਮੋਹਰਾਂ ਨਾਲ ਨਿਵਾਜਿਆ। ਲੇਕਿਨ ਜਿੱਥੋਂ ਸਾਨੂੰ ਮੋਹਰਾਂ ਦੀ ਆਸ ਹੁੰਦੀ ਹੈ, ਉੱਥੋਂ ਕਈ ਵਾਰ ਵੱਟੇ ਵੀ ਵੱਜ ਜਾਂਦੇ ਹਨ। ਆਰਥਿਕਤਾ ਦੀ ਕਾਣੀ ਵੰਡ ਅਤੇ ਸ਼ਰਾਬ ਦੇ ਬਹੁਤ ਵੱਧ ਸੇਵਨ ਤੇ ਨਸ਼ਿਆਂ ਦੀ ਮਾਰ ਹੇਠ ਆਏ ਸਮਾਜਿਕ ਤਾਣੇ-ਬਾਣੇ ਵਿੱਚ ਧੀਆਂ ਤੇ ਔਰਤਾਂ ਦੀ ਜ਼ਿੰਦਗੀ ਦੇ ਸਮੀਕਰਣ ਤੇ ਕਿਰਿਆਵਾਂ ਇਸ ਲੇਖ ਵਿੱਚ ਵਿਚਾਰੀਆਂ ਜਾ ਰਹੀਆਂ ਹਨ।

ਪਿੰਡ-ਪਿੰਡ ਜਾ ਕੇ ਪੁਲੀਸ ਅਧਿਕਾਰੀਆਂ ਵੱਲੋਂ ਪਬਲਿਕ ਮੀਟਿੰਗਾਂ ਕੀਤੀਆਂ ਜਾਣ ਲੱਗੀਆਂ। ਦਰਅਸਲ ਮੀਟਿੰਗਾਂ-ਮਿਲਣੀਆਂ ਦਾ ਇਹ ਗੇੜ ਹੇਠਲੇ ਪੱਧਰ ਤੇ ਨਸ਼ਿਆਂ ਦੀ ਰੋਕਥਾਮ ਬਾਰੇ ਸਥਿਤੀ ਦਾ ਜਾਇਜ਼ਾ ਲੈਣਾ ਸੀ। ਪੰਜ ਵਜੇ ਦਫ਼ਤਰ 'ਚੋਂ ਉੱਠ ਕੇ ਮੈਂ ਤਿੰਨਾਂ ਪਿੰਡਾਂ ਵਿੱਚ ਜਾਣਾ ਸੀ। ਮੈਂ ਅੱਧਾ ਘੰਟਾ ਦੇਰੀ ਨਾਲ ਚੱਲਿਆ ਤੇ ਆਖ਼ਰੀ ਪਿੰਡ ਪਹੁੰਚਦਿਆਂ-ਪਹੁੰਚਦਿਆਂ ਬੱਤੀਆਂ ਜਗ ਚੁੱਕੀਆਂ ਸਨ। ਠੰਢੀ-ਠੰਢੀ ਹਵਾ ਵੱਗ ਰਹੀ ਸੀ, ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ। ਭਾਵੇਂ ਲੋਕਾਂ ਨੇ ਸਰਕਾਰ ਤੇ ਪੁਲੀਸ ਨੂੰ ਉਲਾਂਭਾ ਦਿੱਤਾ, ਫਿਰ ਵੀ ਮੌਜੂਦਾ ਯਤਨਾਂ ਦੀ ਉਨ੍ਹਾਂ ਸ਼ਲਾਘਾ ਕੀਤੀ ਸੀ। ਨੌਜਵਾਨਾਂ ਲਈ ਰੁਜ਼ਗਾਰ ਦੀ ਲੋੜ, ਵੱਡਾ ਸਵਾਲ ਬਣ ਕੇ ਸਾਹਮਣੇ ਆਇਆ। ਮੀਟਿੰਗ ਤੋਂ ਬਾਅਦ ਨਿੱਜੀ ਮੁਸ਼ਕਿਲਾਂ ਵਾਲੇ ਇੱਕਾ-ਦੁੱਕਾ ਲੋਕ ਮਿਲਣ ਲੱਗੇ। ਹਨੇਰਾ ਪਸਰ ਚੁੱਕਾ ਸੀ, ਅਸੀਂ ਦੁਧੀਆ ਬਲਬ ਦੀ ਰੋਸ਼ਨੀ ਹੇਠ ਖੜ੍ਹੇ ਸੀ। ਕਿਰਤੀ ਜੀਵਨ ਦੇ ਦੁਖਾਂਤ ਨਾਲ ਟੁੱਟੀ-ਭੱਜੀ ਇੱਕ ਬੁੱਢੀ ਔਰਤ ਝੋਲੇ ਵਿੱਚ ਕਾਗਜ਼ ਸਾਂਭੀ ਆਪਣੇ ਪੁੱਤ ਨੂੰ ਨਾਲ ਲੈ ਕੇ ਦੁੱਖਾਂ ਦਾ ਵਾਸਤਾ ਪਾਉਣ



Sri Satguru Jagjit Singh Ji eLibrary NamdhariElibrary@gmail.com

ਲੱਗੀ। ਆਪਣੇ ਪੁੱਤ ਨੂੰ ਅਰਬ ਦੇਸਾਂ ਵਿੱਚ ਮਜ਼ਦੂਰੀ ਲਈ ਭੇਜਣ ਦੇ ਯਤਨਾਂ ਦੌਰਾਨ ਉਸ ਨੂੰ ਬੈਂਕ ਵਿੱਚ ਦੋ ਲੱਖ ਰੁਪਏ ਜਮ੍ਹਾਂ ਕਰਾਉਂਦਿਆਂ ਇੱਕ ਨੌਸਰਬਾਜ਼ ਨੇ ਠੱਗ ਲਿਆ ਸੀ। ਕੈਮਰੇ ਵਿੱਚ ਉਸ ਠੱਗ ਦੀ ਫੋਟੋ ਵੀ ਆਈ ਤੇ ਪੁਲੀਸ ਨੇ ਮੁਕੱਦਮਾ ਦਰਜ ਕਰ ਕੇ ਯਤਨ ਵੀ ਆਰੰਭ ਕੀਤੇ ਸਨ। ਪਰ ਉਨ੍ਹਾਂ ਯਤਨਾਂ ਦਾ ਕੀ ਫ਼ਾਇਦਾ ਜਿਨ੍ਹਾਂ ਨੂੰ ਬੂਰ ਨਾ ਪਿਆ ਹੋਵੇ। ਸਾਲ ਬੀਤ ਜਾਣ ਤੋਂ ਬਾਅਦ ਵੀ ਉਸ ਬੁੱਢੀ ਮਾਂ ਹੱਥ ਕੁਝ ਨਹੀਂ ਲੱਗਾ ਸੀ। ਦਰਜ ਹੋਏ ਮੁਕੱਦਮੇ ਦੀ ਕਾਪੀ ਉਸ ਨੇ ਪਲਾਸਟਿਕ ਦੇ ਲਿਫ਼ਾਫ਼ੇ ਵਿੱਚ ਸੰਭਾਲ ਰੱਖੀ ਸੀ। ਮੇਰੇ ਨਾਲ ਗੱਲਾਂ ਕਰਦਿਆਂ ਝੋਲੇ ਵਿੱਚੋਂ ਉਸ ਨੇ ਪਲਾਸਟਿਕ ਦਾ ਇੱਕ ਹੋਰ ਲਿਫ਼ਾਫ਼ਾ ਫਰੋਲਦਿਆਂ ਸੱਤ-ਅੱਠ ਅਖ਼ਬਾਰਾਂ ਦੇ ਵਰਕੇ ਮੈਨੂੰ ਵਿਖਾਏ। ਜਿਨ੍ਹਾਂ ਤੇ ਖ਼ੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੀਆਂ ਫੋਟੋਆਂ ਤੇ ਖ਼ਬਰਾਂ ਛਪੀਆਂ ਹੋਈਆਂ ਸਨ। 'ਛੱਤ ਨਾਲ ਲਟਕਣਾ ਮੈਨੂੰ ਆਉਂਦਾ ਨਹੀਂ, ਜ਼ਹਿਰੀਲੀ ਦਵਾਈ ਮੈਨੂੰ ਮਿਲੀ ਨਹੀਂ', ਭਾਵੇਂ ਹੌਲੀ ਜਿਹੇ ਉਸ ਨੇ ਇਹ ਬੋਲ ਬੋਲੇ ਸਨ, ਪਰ ਉਸ ਦੇ ਇਨ੍ਹਾਂ ਬੋਲਾਂ ਨਾਲ ਪੰਜਾਬ ਤ੍ਰਭਕਦਾ ਤੇ ਕੰਬਦਾ ਪ੍ਰਤੀਤ ਹੋਇਆ।

ਇੱਕ ਕੁੜੀ ਨੂੰ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਸਰਕਾਰੀ ਨੌਕਰੀ ਮਿਲੀ, ਲੇਕਿਨ ਨਸ਼ਿਆਂ ਦਾ ਆਦੀ ਹੋਇਆ, ਉਸ ਦਾ ਵੀਰ ਦਫ਼ਤਰ ਵਿੱਚ ਹੀ ਉਸ ਤੋਂ ਨਸ਼ਿਆਂ ਲਈ ਪੈਸੇ ਮੰਗਣ ਆ ਜਾਂਦਾ। ਪਰਿਵਾਰ ਦੇ ਭੇਤ ਨੂੰ ਗੁਪਤ ਰੱਖਣ ਅਤੇ ਇੱਜ਼ਤ ਤੋਂ ਡਰਦਿਆਂ ਉਹ ਚੁੱਪ-ਚੁਪੀਤੀ ਇਸ ਮੰਗ ਨੂੰ ਪੂਰੀ ਕਰਦੀ ਰਹਿੰਦੀ। ਕਈ ਵਾਰ ਪੈਸੇ ਘੱਟ ਦੇਣ ਜਾਂ ਨਾਂਹ ਕਰਨ ਤੇ ਉਸ ਦਾ ਭਰਾ ਬਦਤਮੀਜ਼ੀ ਤੇ ਵੀ ਉਤਰ ਆਉਂਦਾ। ਦਫ਼ਤਰ ਵਿੱਚ ਅਕਸਰ ਉਹ ਉੱਚੀ-ਉੱਚੀ ਬੋਲਣ ਲੱਗ ਜਾਂਦਾ। ਇੱਕ ਵਾਰ ਤਾਂ ਉਸ ਨੇ ਭੈਣ ਦੇ ਹੱਥੋਂ ਪਰਸ ਖੋਹਿਆ, ਪੈਸੇ ਕੱਢੇ ਤੇ ਪਰਸ ਨੂੰ ਦਫ਼ਤਰ ਦੀ ਛੱਤ ਉੱਤੇ ਸੁੱਟ ਦਿੱਤਾ। ਸਾਰੇ ਸਟਾਫ਼ ਮੈਂਬਰਾਂ ਨੇ ਇਸ ਘਟਨਾ ਨੂੰ ਵੇਖਿਆ ਸੀ। ਭੈਣ ਦੇ ਜੋਰ ਪਾਉਣ ਤੇ ਰਿਸ਼ਤੇਦਾਰਾਂ ਨੇ ਉਸ ਦਾ ਇਲਾਜ ਕਰਾਇਆ। ਪਰ ਉਹ ਸਾਰੇ ਹੱਦ ਬੰਨੇ ਟੱਪ ਚੁੱਕਾ ਸੀ। ਉਸ ਅਭਾਗੀ ਕੁੜੀ ਦਾ ਵਿਆਹ ਹੋਇਆ ਤੇ ਉਸ ਦਾ ਪਤੀ ਵੀ ਨਸ਼ਿਆਂ ਦੀ ਮਾਰ ਹੇਠ ਆਇਆ ਹੋਇਆ ਸੀ। ਇੱਕ ਦਿਨ ਅੱਗੜ-ਪਿੱਛੜ ਉਹ ਦੋਵੇਂ ਉਸ ਤੋਂ ਨਸ਼ਿਆਂ ਲਈ ਪੈਸੇ ਲੈਣ ਦਫ਼ਤਰ ਪਹੁੰਚ ਗਏ। ਸ਼ਰਮ-ਹਯਾ ਦੀ ਮਾਰੀ ਉਹ ਕੁੜੀ ਹੁਣ ਇੱਕ ਅਰਜ਼ੀ ਲਿਖ ਕੇ ਮੇਰੇ ਦਫ਼ਤਰ ਆਈ ਸੀ। ਚਾਰ-ਪੰਜ ਔਰਤਾਂ ਸਮੇਤ ਦਫ਼ਤਰ ਦੇ ਦਸ-ਬਾਰਾਂ ਸਟਾਫ਼ ਮੈਂਬਰ ਉਸ ਦੇ ਨਾਲ ਆਏ ਸਨ। ਸਾਰੀ ਦਾਸਤਾਨ ਸਟਾਫ਼ ਮੈਂਬਰਾਂ ਨੇ ਹੀ ਮੈਨੂੰ ਦੱਸੀ, ਉਸ ਕੁੜੀ ਨੇ ਤਾਂ ਰੋਂਦਿਆਂ-ਰੋਂਦਿਆਂ ਪਰਸ ਵਿੱਚੋਂ ਰੁਮਾਲ ਕੱਢਿਆ ਤੇ ਮੂੰਹ ਸਾਫ਼ ਕਰ ਕੇ ਆਪਣੇ ਪਰਸ ਨੂੰ ਫਿਰ ਸਾਂਭ ਲਿਆ।

ਇੱਕ ਹੋਰ ਕੁੜੀ ਆਪਣੇ ਨਿੱਕੇ ਵੀਰ ਨੂੰ ਨਾਲ ਲੈ ਕੇ ਮੇਰੇ ਦਫ਼ਤਰ ਆਈ



Sri Satguru Jagjit Singh Ji eLibrary NamdhariElibrary@gmail.com

ਸੀ। ਉਹ ਇੱਕ ਸਕੂਲ ਅਧਿਆਪਕਾ ਹੈ ਤੇ ਉਸ ਦੇ ਦੋ ਬੱਚੇ ਹਨ। ਉਸ ਦਾ ਪਤੀ ਨਸ਼ਿਆਂ ਦੀ ਮਾਰ ਹੇਠ ਆਇਆ ਹੋਇਆ ਹੈ, ਇਹੋ ਪੀੜ ਉਸ ਨੂੰ ਮੇਰੇ ਦਫ਼ਤਰ ਲੈ ਕੇ ਆਈ। ਮੈਂ ਪੁੱਛਿਆ, 'ਕੋਈ ਅਰਜ਼ੀ ਲਿਖ ਕੇ ਲਿਆਏ ਹੋ', 'ਸਲਾਹ ਕਰਨ ਆਏ ਹਾਂ,' ਦੋਵੇਂ ਭੈਣ ਭਰਾ ਇਕੱਠੇ ਹੀ ਬੋਲੇ। ਉਹ ਕਾਫ਼ੀ ਸਮਾਂ ਮੇਰੇ ਨਾਲ ਆਪਣਾ ਦੁੱਖ ਸਾਂਝਾ ਕਰਦੇ ਰਹੇ। ਮੈਂ ਪੁੱਛਿਆ, ਉਸ ਦਾ ਇਲਾਜ ਨਹੀਂ ਕਰਾਇਆ ਜਾ ਸਕਦਾ, ਉਹ ਕਹਿੰਦੇ, 'ਤਿੰਨ-ਚਾਰ ਵਾਰ ਅੰਮ੍ਰਿਤਸਰ ਦਾਖ਼ਲ ਰਹੇ ਹਨ, ਪਰ ਘਰ ਆ ਕੇ ਫਿਰ ਲੱਗ ਜਾਂਦੇ ਹਨ। ਦਰਅਸਲ ਪਿੰਡ ਦਾ ਮਾਹੌਲ ਠੀਕ ਨਹੀਂ, ਦੋ-ਤਿੰਨ ਵਿਅਕਤੀਆਂ ਨੇ ਪਿੰਡ ਦੇ ਅੱਧੇ ਨੌਜਵਾਨਾਂ ਨੂੰ ਨਸ਼ਿਆਂ 'ਤੇ ਲਾ ਦਿੱਤਾ ਹੈ।' ਹੁਣ ਉਹ ਕੁੜੀ ਪੋਟਿਆਂ ਤੇ ਉਨ੍ਹਾਂ ਔਰਤਾਂ ਦੇ ਨਾਮ ਗਿਣਨ ਲੱਗੀ ਜਿਹੜੀਆਂ ਉਸ ਵਾਂਗ ਹੀ ਨਸ਼ਿਆਂ ਕਾਰਨ ਆਪਣੇ ਪਤੀਆਂ ਹੱਥੋਂ ਬੇਹੱਦ ਪ੍ਰੇਸ਼ਾਨ ਸਨ। ਮੇਰੇ ਪੁੱਛਣ ਤੇ ਕਿ ਨਸ਼ੇ ਕੌਣ ਵੇਚਦਾ ਹੈ, ਉਸ ਕੁੜੀ ਨੇ ਅਜਿਹੀ ਹੀ ਇੱਕ ਔਰਤ ਦਾ ਫ਼ੋਨ ਮਿਲਾਇਆ ਤੇ ਕਈ ਨਾਂਵਾਂ ਦੀ ਪੁਸ਼ਟੀ ਕਰਨ ਲੱਗੀ। ਗੱਲ-ਬਾਤ ਸਮਾਪਤ ਹੋਣ ਲੱਗੀ ਸੀ, ਉਹ ਦੋਵੇਂ ਭੈਣ ਭਰਾ ਕਹਿੰਦੇ, 'ਸਾਡੇ ਪਿਤਾ ਜੀ ਦਿਲ ਦੇ ਮਰੀਜ਼ ਹਨ, ਇਸ ਲਈ ਅਸੀਂ ਇਹ ਦੁੱਖ ਉਨ੍ਹਾਂ ਨੂੰ ਦੱਸਿਆ ਨਹੀਂ।' ਕੀਤਾ ਕੀ ਜਾਵੇ ਮੈਂ ਪੁੱਛਿਆ, ਜਿਵੇਂ ਕੋਈ ਬੱਚਾ ਪੈਸੇ ਫੜਾਉਂਦਿਆਂ ਦੁਕਾਨਦਾਰ ਤੋਂ ਮਿੱਠੀ ਚੀਜ਼ ਦੀ ਮੰਗ ਕਰਦਾ ਹੈ, ਇਵੇਂ ਹੀ ਉਹ ਕੁੜੀ ਕਹਿੰਦੀ, 'ਮੈਨੂੰ ਬੱਚੇ ਪਾਲਣ ਲਈ ਸੁਖਾਵਾਂ ਜਿਹਾ ਮਾਹੌਲ ਚਾਹੀਦੈ।' ਉਸ ਦੇ ਇਨ੍ਹਾਂ ਬੋਲਾਂ ਨੂੰ ਆਪਣੇ ਕੰਨਾਂ ਤੋਂ ਪਾਸੇ ਹਟਾਉਣ ਲਈ ਮੈਨੂੰ ਕਈ ਦਿਨਾਂ ਤੱਕ ਜੱਦੋ-ਜਹਿਦ ਕਰਨੀ ਪਈ।

ਇੱਕ ਔਰਤ ਆਪਣੇ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਦਫ਼ਤਰ ਮਿਲਣ ਆਈ। ਦੋ ਔਰਤਾਂ ਸਮੇਤ ਨਾਲ ਆਏ ਸੱਤ-ਅੱਠ ਵਿਅਕਤੀ ਵੱਡੀ ਉਮਰ ਦੇ ਸਨ। ਕਮਰੇ ਵਿੱਚ ਸੰਨ੍ਹਾਟਾ ਸੀ, ਕੋਈ ਵੀ ਗੱਲ ਸ਼ੁਰੂ ਕਰਨ ਦਾ ਹੌਸਲਾ ਨਹੀਂ ਕਰ ਰਿਹਾ ਸੀ। ਇੱਕ ਵਿਅਕਤੀ ਨੇ ਹੱਥ ਉਤਾਂਹ ਕੀਤਾ ਪਰ ਬਿਨਾਂ ਕੁਝ ਬੋਲਿਆ ਹੀ ਕਫ਼ ਠੀਕ ਕਰ ਕੇ ਫਿਰ ਹੱਥ ਹੇਠਾਂ ਕਰ ਲਿਆ। ਦਰਅਸਲ ਮਹੀਨਾ ਪਹਿਲਾਂ ਉਸ ਔਰਤ ਦੇ ਇਕਲੌਤੇ ਪੁੱਤ ਦੀ ਸੜਕ ਦੁਰਘਟਨਾ ਵਿੱਚ ਮੌਤ ਹੋ ਗਈ ਸੀ। ਸ਼ਰਾਬ ਪੀਣ ਦਾ ਪੱਕਾ ਆਦੀ ਉਸ ਦਾ ਪਤੀ ਲਾਹਣ ਦੀ ਭੱਠੀ ਫੜੀ ਜਾਣ ਕਾਰਨ ਇਸ ਸਮੇਂ ਜੇਲ੍ਹ ਵਿੱਚ ਬੰਦ ਸੀ। ਮਰ ਗਏ ਪੁੱਤ ਦੇ ਦੁੱਖ ਤੋਂ ਉੱਪਰ ਉੱਠ ਕੇ ਉਸ ਨੇ ਜਿਊਂਦੇ ਪਤੀ ਦੇ ਦੁੱਖਾਂ ਦੀ ਦਾਸਤਾਨ ਸ਼ੁਰੂ ਕੀਤੀ। ਚੌਵੀ ਘੰਟੇ ਨਸ਼ੇ ਵਿੱਚ ਧੁੱਤ ਰਹਿਣ ਵਾਲਾ ਉਸ ਦਾ ਪਤੀ ਜਾਇਦਾਦ ਤੋਂ ਖ਼ਾਲੀ ਹੋ ਚੁੱਕਾ ਸੀ। ਗਾਲ਼ੀ-ਗਲੋਚ ਤੋਂ ਧੌਲ਼-ਧੱਫਾ ਲਗਭਗ ਰੋਜ਼ਾਨਾ ਵਾਂਗ ਹੀ ਹੁੰਦਾ ਰਿਹਾ। ਜਿਸ ਦਿਨ ਪੁੱਤ ਦੀ ਲਾਸ਼ ਘਰ ਆਈ ਤੇ ਅੰਤਿਮ ਅਰਦਾਸ ਵਾਲੇ ਦਿਨ ਵੀ ਉਹ ਸ਼ਰਾਬੀ ਸੀ। ਉਹ ਸਾਰੇ ਉਸ ਔਰਤ ਦੀ ਉਸ



Sri Satguru Jagjit Singh Ji eLibrary NamdhariElibrary@gmail.com

ਘਰੋਂ ਤੋੜ-ਵਿਛੋੜੇ ਦੀ ਆਸ ਲੈ ਕੇ ਮੇਰੇ ਦਫ਼ਤਰ ਆਏ ਸਨ। ਹੁਣ ਏਨੀ ਜਲਦੀ ਕਿਉਂ, ਪੁੱਤ ਦੀ ਮੌਤ ਦੇ ਦੁੱਖ ਦਾ ਵਾਸਤਾ ਪਾਉਂਦਿਆਂ ਮੈਂ ਸਿਆਣੇ ਬੰਦਿਆਂ ਨੂੰ ਸੰਬੋਧਨ ਹੁੰਦਿਆਂ ਉਨ੍ਹਾਂ ਨੂੰ ਪੁੱਛਿਆ। ਸੁੱਕੇ ਕੋਇਆਂ ਤੇ ਬੁੱਲ੍ਹਾਂ 'ਤੇ ਸਿੱਕਰੀ ਵਾਲੀ ਉਸ ਔਰਤ ਨੇ ਸ਼ਬਦ ਜੋੜ-ਜੋੜ ਕੇ ਉੱਤਰ ਦਿੱਤਾ, 'ਪੁੱਤ ਨੂੰ ਵੇਖ-ਵੇਖ ਮੈਂ ਹਰ ਦੁੱਖ ਸਹਿੰਦੀ ਰਹੀ। ਜਿਸ ਦਿਨ ਬਾਰ੍ਹਵੀਂ ਜਮਾਤ ਦਾ ਨਤੀਜਾ ਆਇਆ ਤਾਂ ਮੈਨੂੰ ਜ਼ਖ਼ਮ ਭਰਦੇ ਮਹਿਸੂਸ ਹੋਣ ਲੱਗੇ। ਉਹ ਅੱਗੇ ਪੜ੍ਹਨ ਤੇ ਉਸ ਦੀ ਮਾਸੀ ਉਸ ਨੂੰ ਵਿਦੇਸ਼ ਮੰਗਾਉਣ ਦੀਆਂ ਗੱਲਾਂ ਮੇਰੇ ਨਾਲ ਕਰਨ ਲੱਗੇ। ਪੁੱਤ ਚੱਲੇ ਜਾਣ ਤੋਂ ਬਾਅਦ ਮੈਨੂੰ ਉਸ ਘਰ ਵਿੱਚ ਇੱਕ ਸਾਹ ਲੈਣਾ ਵੀ ਔਖਾ ਹੈ।' ਉਸ ਨੇ ਡੂੰਘਾ ਹਉਕਾ ਲਿਆ, ਧੌਣ ਨੂੰ ਅਕੜਾ ਕੇ ਪਿੱਛੇ ਨੂੰ ਕੀਤਾ, ਦੋਵੇਂ ਹੱਥਾਂ ਨੂੰ ਆਪਸ ਵਿੱਚ ਜੋਰ ਦੀ ਘੁੱਟਿਆ ਤੇ ਘੁੱਟ ਕੇ ਅੱਖਾਂ ਬੰਦ ਕਰ ਕੇ ਬੈਠ ਗਈ। ਮੇਰੀ ਆਸ ਦੇ ਉਲਟ ਉਸ ਦੀਆਂ ਅੱਖਾਂ ਵਿੱਚੋਂ ਇੱਕ ਵੀ ਅੱਥਰੂ ਨਹੀਂ ਡਿੱਗਿਆ, ਉਹ ਪੂਰੀ ਜ਼ਿੰਦਗੀ ਨੂੰ ਪਹਿਲਾਂ ਹੀ ਰੋ ਚੁੱਕੀ ਸੀ। ਭੂਚਾਲ ਦੀ ਤੀਬਰਤਾ ਵਾਂਗ ਔਰਤ ਦੇ ਦੁੱਖਾਂ ਦੀ ਵੀ ਤੀਬਰਤਾ ਹੁੰਦੀ ਹੈ।

ਆਤਮ ਹੱਤਿਆਵਾਂ ਦੇ ਕੇਸਾਂ ਦੀ ਗਿਣਤੀ ਨਿਰੰਤਰ ਵੱਧ ਰਹੀ ਸੀ। ਆਤਮ ਹੱਤਿਆ ਦੀ ਕੋਸ਼ਿਸ਼ ਕਰਦਾ ਕੋਈ ਵਿਅਕਤੀ ਬਚ ਵੀ ਜਾਂਦਾ। ਕੋਈ ਕਈ-ਕਈ ਦਿਨ ਹਸਪਤਾਲ ਦਾਖ਼ਲ ਰਹਿੰਦਾ ਤੇ ਫਿਰ ਹਫ਼ਤੇ ਦਸ ਦਿਨਾਂ ਬਾਅਦ ਉਸ ਦੀ ਮੌਤ ਹੋ ਜਾਂਦੀ। ਮਜ਼ਦੂਰ, ਕਿਸਾਨ, ਔਰਤਾਂ ਅਤੇ ਪ੍ਰੇਮੀ-ਪ੍ਰੇਮਕਾਵਾਂ ਹਰ ਵਰਗ ਦੇ ਲੋਕ ਅੱਗ ਦੀਆਂ ਲਾਟਾਂ ਵਿੱਚ ਝੁਲਸੇ ਜਾ ਰਹੇ ਹਨ। ਅਜਿਹੀ ਮੰਦ ਭਾਗੀ ਘਟਨਾ ਤੋਂ ਬਾਅਦ ਪੁਲੀਸ ਲਈ ਤਫ਼ਤੀਸ਼ ਦਾ ਕੰਮ ਪੇਚੀਦਾ ਤੇ ਚੁਣੌਤੀਆਂ ਭਰਿਆ ਹੁੰਦਾ ਹੈ। ਕਈ ਲੋਕ ਮਰਨ ਸਮੇਂ ਆਤਮ ਹੱਤਿਆ ਦੇ ਕਾਰਨ ਲਿਖ ਜਾਂਦੇ ਹਨ। ਕਨੂੰਨੀ ਤੌਰ ਤੇ ਇਸ ਲਿਖਤ ਦੀ ਬਹੁਤ ਅਹਿਮੀਅਤ ਹੁੰਦੀ ਹੈ। ਨੌਕਰੀ ਦੌਰਾਨ ਅਕਸਰ ਅਜਿਹੀਆਂ ਲਿਖਤਾਂ ਮੈਂ ਪੜ੍ਹਦਾ ਰਿਹਾ ਹਾਂ। ਪਹਿਲਾਂ ਮੈਂ ਫੋਟੋ ਸਟੇਟ ਕਾਪੀ ਮੰਗਵਾ ਲੈਂਦਾ ਸੀ, ਹੁਣ ਵਟਸਐਪ ਰਾਹੀਂ ਇਹ ਨੋਟ ਪਹੁੰਚ ਜਾਂਦੇ ਹਨ। ਤੀਹ ਵਰ੍ਹਿਆਂ ਦੀ ਇੱਕ ਔਰਤ ਨੇ ਫਾਹਾ ਲੈ ਕੇ ਖੁਦਕੁਸ਼ੀ ਕੀਤੀ ਸੀ। ਉਸ ਕਮਰੇ ਵਿੱਚੋਂ ਸਹੁਰੇ ਪਰਿਵਾਰ ਨਾਲ ਚੱਲਦੇ ਝਗੜੇ ਤੇ ਸਮਝੌਤੇ ਦੀਆਂ ਲਿਖਤਾਂ ਮਿਲੀਆਂ ਸਨ। ਉਸ ਦੇ ਪਤੀ ਦੇ ਨਸ਼ਿਆਂ ਸੰਬੰਧੀ ਇਲਾਜ ਦੇ ਦਸਤਾਵੇਜ਼ ਵੀ ਮੌਜੂਦ ਸਨ। ਹੋਰ ਕਈ ਲਿਖਤਾਂ ਉਸ ਦੀ ਨਿਰੰਤਰ ਜੱਦੋ-ਜਹਿਦ ਦੀ ਗਵਾਹੀ ਭਰਦੀਆਂ ਸਨ ਪਰ ਉਸ ਨੇ ਮਰਨ ਤੋਂ ਪਹਿਲਾਂ ਸਿਰਫ਼ ਦੋ ਸਤਰਾਂ ਦਾ ਨੋਟ ਲਿਖਿਆ, 'ਹਾਰੀ ਹੋਈ ਜ਼ਿੰਦਗੀ ਨਾਲ ਜੀਵਿਆ ਨਹੀਂ ਜਾਂਦਾ। ਮੇਰੀਆਂ ਅੰਤਮ ਰਸਮਾਂ ਦੀ ਲੋੜ ਨਹੀਂ, ਜੇ ਕਿਸੇ ਨੂੰ ਮੇਰੇ ਨਾਲ ਹਮਦਰਦੀ ਹੋਈ ਤਾਂ ਮੇਰੇ ਬੱਚਿਆਂ ਦੀ ਮੱਦਦ ਕਰ ਦੇਣੀ।'

ਔਰਤ ਸਮਾਜ ਦੀ ਜਨਮਦਾਤੀ ਹੀ ਨਹੀਂ ਬਲਕਿ ਉਸ ਨੇ ਸਮਾਜ ਦੇ



Sri Satguru Jagjit Singh Ji eLibrary NamdhariElibrary@gmail.com

ਪਾਲਣ ਪੋਸ਼ਣ ਵਿੱਚ ਵੀ ਅਹਿਮ ਹਿੱਸਾ ਪਾਇਆ ਹੈ। ਪੰਜਾਬੀ ਸਮਾਜ ਵਿੱਚ ਔਰਤ ਦਾ ਦਰਜਾ ਇਸ ਤੋਂ ਵੀ ਅਗਾਂਹ ਹੈ। ਸਤੀ ਪ੍ਰਥਾ ਤੋਂ ਲੈ ਕੇ ਕੰਨਿਆਂ ਭਰੂਣ ਹੱਤਿਆ ਤੱਕ ਉਸ ਨੇ ਹਰ ਸਮਾਜਿਕ ਕੁਰੀਤੀ ਦਾ ਦੁਖਾਂਤ ਆਪਣੇ ਹੱਡੀਂ ਹੰਢਾਇਆ ਹੈ। ਪਰ ਉਸ ਨੇ ਦੁੱਖਾਂ ਵਿੱਚ ਵੀ ਜ਼ਿੰਦਗੀ ਦੀ ਮਿਠਾਸ ਨੂੰ ਗੁਆਚਣ ਨਹੀਂ ਦਿੱਤਾ। ਉਸ ਦੇ ਬੋਲਾਂ 'ਚੋਂ ਪੰਜਾਬੀ ਸੱਭਿਆਚਾਰ ਦੀ ਮਹਿਕ ਆਉਂਦੀ ਹੈ, ਉਸ ਦੇ ਗਹਿਣੇ ਸਾਡੇ ਸੱਭਿਆਚਾਰ ਦਾ ਸ਼ਿੰਗਾਰ ਹਨ। ਲੇਕਿਨ ਔਰਤਾਂ ਨੂੰ ਕੁੱਟਦੇ ਅਤੇ ਪਰਿਵਾਰਾਂ ਦਾ ਖਿਲਵਾੜ ਕਰਦੇ ਨਸ਼ਈ, ਹੱਥਾਂ ਵਿੱਚ ਇੱਟਾਂ-ਵੱਟੇ ਲੈ ਕੇ ਇਨ੍ਹਾਂ ਗਹਿਣਿਆਂ ਨੂੰ ਕੁੱਟਣ ਤੇ ਚਿੱਪਣ ਲੱਗੇ ਹੋਏ ਹਨ। ਉਮਰ ਵਧਣ ਨਾਲ ਹਰ ਜੀਵਤ ਵਸਤੂ ਦਾ ਰੂਪ ਘੱਟਦਾ-ਘੱਟਦਾ ਲੋਪ ਹੋ ਜਾਂਦਾ ਹੈ ਪਰ ਅਨੇਕਾਂ ਦੁੱਖਾਂ ਦੇ ਬਾਵਜੂਦ ਵੀ ਔਰਤ ਨੇ ਆਪਣਾ ਜੀਵਨ ਪਰਿਵਾਰ ਲਈ ਏਨਾ ਖੁੱਭ ਕੇ ਜੀਵਿਆ ਹੁੰਦਾ ਹੈ ਕਿ ਉਸਦਾ ਰੂਪ ਲੋਪ ਨਹੀਂ ਹੁੰਦਾ ਬਲਕਿ ਰੰਗ ਬਣ ਕੇ ਘਰ ਦੀਆਂ ਕੰਧਾਂ-ਕੰਧੋਲੀਆਂ ਨੂੰ ਲੱਗ ਜਾਂਦਾ ਹੈ। ਉਸੇ ਔਰਤ ਨੂੰ ਦੁੱਖਾਂ ਦੀ ਭੱਠੀ ਵਿੱਚ ਝੋਕ ਦੇਣਾ ਪੰਜਾਬੀਅਤ ਲਈ ਅਥਾਹ ਮੰਦਭਾਗਾ ਹੈ।

•



Sri Satguru Jagjit Singh Ji eLibrary NamdhariElibrary@gmail.com

## ਵੇਖ ਧੀਆਂ ਦੇ ਲੇਖ

ਔਰਤ ਨੂੰ ਜਗ-ਜਨਣੀ ਦਾ ਦਰਜਾ ਹਾਸਲ ਹੈ। ਪੁਰਸ਼ ਪ੍ਰਧਾਨ ਸਮਾਜ ਵਿੱਚ ਵੀ ਉਹ ਪਰਿਵਾਰ ਤੇ ਸਮਾਜ ਦਾ ਧੁਰਾ ਹੈ। ਭਾਵੇਂ ਉਸਨੂੰ ਨਾਜ਼ੁਕ ਤੇ ਮਲੂਕ ਆਖਿਆ ਗਿਆ ਹੈ ਪਰ ਆਰਥਿਕ ਤੇ ਸਮਾਜਿਕ ਨਾ-ਬਰਾਬਰੀ, ਪਰਿਵਾਰਕ ਉਲਝਣਾਂ ਅਤੇ ਨਸ਼ਿਆਂ ਦੀ ਲਪੇਟ ਵਿੱਚ ਆਏ ਸਮਾਜ ਦਾ ਸਭ ਤੋਂ ਮਾੜਾ ਪ੍ਰਭਾਵ ਔਰਤ ਹੀ ਸਹਾਰਦੀ ਹੈ। ਧੀ, ਪਤਨੀ ਤੇ ਮਾਂ, ਉਸ ਦੇ ਜੀਵਨ ਦੀ ਹਰ ਅਵਸਥਾ ਉਸ ਲਈ ਚੁਣੌਤੀਆਂ ਦੀ ਚਟਾਨ ਹੈ। ਇਸ ਲੇਖ ਰਾਹੀਂ ਟੁੱਟ-ਭੱਜ ਗਈ ਜ਼ਿੰਦਗੀ ਦੀ ਠੀਕਰੀ-ਠੀਕਰੀ ਜੋੜ ਕੇ ਜੀਵਨ ਜੀਣ ਦੀਆਂ ਕੋਸ਼ਿਸ਼ਾਂ ਦੇ ਕੁਝ ਹਾਲਾਤ ਵਰਨਣ ਕਰਨ ਦਾ ਯਤਨ ਕੀਤਾ ਗਿਆ ਹੈ।

ਦਫ਼ਤਰ ਮਿਲਣ ਆਏ ਲੋਕਾਂ ਨੂੰ ਮੈਂ ਅਕਸਰ ਇਕੱਠੇ ਹੀ ਅੰਦਰ ਬੁਲਾ ਲੈਂਦਾ ਹਾਂ। ਪੰਜ-ਪੰਜ ਦੀਆਂ ਤਿੰਨ ਲਾਈਨਾਂ, ਕੁੱਲ ਪੰਦਰਾਂ ਕੁਰਸੀਆਂ ਤੇ ਚਾਰ-ਪੰਜ ਬੰਦੇ ਖੜ੍ਹੇ ਵੀ ਰਹਿੰਦੇ ਹਨ। ਦਰਖ਼ਾਸਤ ਹੱਥ ਵਿੱਚ ਫੜ ਕੇ ਮੈਂ ਪੁੱਛਦਾ ਹਾਂ, ਇਹਦੇ ਨਾਲ ਕੌਣ-ਕੌਣ ਆਏ ਹਨ। ਇੰਝ ਅੱਗੇ ਪਿੱਛੇ ਬੈਠੇ ਬੰਦੇ ਵੀ ਸਾਹਮਣੇ ਆ ਜਾਂਦੇ ਹਨ। ਇੱਕ ਪਿੰਡ ਦਾ ਸਾਬਕਾ ਸਰਪੰਚ ਤੇ ਉਹਦੇ ਨਾਲ ਚਾਲੀ ਕੁ ਵਰ੍ਹਿਆਂ ਦੀ ਔਰਤ ਤੇ ਉਸ ਔਰਤ ਦਾ ਵੀਹ ਕੁ ਵਰ੍ਹਿਆਂ ਦਾ ਪੁੱਤ, ਉਨ੍ਹਾਂ ਬਾਕੀਆਂ ਨੂੰ ਮਿਲ ਲੈਣ ਤੋਂ ਬਾਅਦ ਇਕੱਲਿਆਂ ਮਿਲਣ ਦੀ ਪੇਸ਼ਕਸ਼ ਕੀਤੀ। ਪੰਜ ਕੁ ਮਿੰਟ ਬਾਅਦ ਹੀ ਉਹ ਸਿਰਫ਼ ਤਿੰਨੋਂ ਮੇਰੇ ਸਾਹਮਣੇ ਸਨ। ਸਾਬਕਾ ਸਰਪੰਚ ਨੇ ਵਾਸਤਾ ਪਾਇਆ ਕਿ ਇਹ ਗਰੀਬ ਪਰਿਵਾਰ ਹੈ। ਪਿਛਲੇ ਹਫ਼ਤੇ ਇਨ੍ਹਾਂ ਦੀਆਂ ਦੋਵੇਂ ਮੱਝਾਂ ਚੋਰੀ ਹੋ ਗਈਆਂ ਹਨ। 'ਮੁਕੱਦਮਾ ਨਹੀਂ ਦਰਜ ਹੋਇਆ', ਮੈਂ ਪੁੱਛਿਆ। 'ਥਾਣਿਓਂ ਸਿੱਧਾ ਤੁਹਾਡੇ ਕੋਲ ਆਏ ਹਾਂ, ਮੱਝਾਂ ਲੱਭ ਦਿਓ', ਉਨ੍ਹਾਂ ਦੀ ਮੰਗ ਮੁਕੱਦਮਾ ਨਹੀਂ ਮੱਝਾਂ ਦੀ ਭਾਲ ਸੀ। ਉਨ੍ਹਾਂ ਨਾਲ ਇੰਝ ਗੱਲਾਂ ਕਰਦਾ-ਕਰਦਾ ਮੈਂ ਦਫ਼ਤਰ ਦੇ ਹੋਰ ਕੰਮ ਕਰਨ ਲੱਗਾ। ਮੈਂ ਉਨ੍ਹਾਂ ਦੇ ਹੋਏ ਨੁਕਸਾਨ ਨਾਲ ਡੂੰਘੀ ਹਮਦਰਦੀ ਪ੍ਰਗਟਾਈ ਤੇ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਖੁੱਲ੍ਹਾ ਮੌਕਾ ਦਿੱਤਾ ਸੀ। ਤਿੰਨਾਂ ਨੇ ਜਿਹੜੀ-ਜਿਹੜੀ ਆਖ਼ਰੀ ਗੱਲ ਮੇਰੇ ਨਾਲ ਸਾਂਝੀ ਕੀਤੀ ਸੀ ਉਹ ਇਸ ਤਰ੍ਹਾਂ ਹੈ, ਇਹ ਵਿਚਾਰੇ ਜ਼ਿਮੀਂਦਾਰ ਹਨ ਪਰ ਜ਼ਮੀਨ ਹੈ ਨਹੀਂ, ਦੁੱਧ ਪਾ ਕੇ ਹੀ ਗੁਜ਼ਾਰਾ ਕਰਦੇ ਹਨ। ਸਾਬਕਾ ਸਰਪੰਚ ਨੇ ਆਖਿਆ। ਉਹ ਔਰਤ ਕਹਿਣ ਲੱਗੀ, 'ਮੇਰਾ ਇਹ ਪੁੱਤ ਪੇਟ ਵਿੱਚ ਸੀ ਜਦੋਂ ਇਹਦਾ



Sri Satguru Jagjit Singh Ji eLibrary NamdhariElibrary@gmail.com

ਪਿਓ ਸੜਕ ਦੁਰਘਟਨਾ ਵਿੱਚ ਮਰ ਗਿਆ। ਸਾਰੀ ਜ਼ਿੰਦਗੀ ਦੀ ਕਮਾਈ ਜੋੜ ਕੇ ਸਿਰਫ਼...।' ਇਸ ਤੋਂ ਬਾਅਦ ਉਹ ਬੋਲ ਨਾ ਸਕੀ, ਦੋਵੇਂ ਪਸ਼ੂਆਂ ਬਾਰੇ ਉਸ ਨੇ ਦੋ ਉਂਗਲਾਂ ਹੀ ਖੜ੍ਹੀਆਂ ਕੀਤੀਆਂ ਸਨ। ਹੁਣ ਉਹ ਤਿੰਨੋਂ ਜਾਣ ਲਈ ਉੱਠ ਖੜ੍ਹੇ ਹੋਏ। 'ਸਰ, ਲੱਭ ਦੇਣੀਆਂ ਮੱਝਾਂ, ਜਦ ਧਾਰਾਂ ਚੋਣ ਦਾ ਵੇਲਾ ਹੁੰਦਾ ਹੈ ਤਾਂ ਬੀਬੀ ਬਾਲਟੀ ਫੜ ਕੇ ਉੱਚੀ-ਉੱਚੀ ਰੋਣ ਲਗ ਜਾਂਦੀ ਹੈ', ਉਸ ਨੌਜਵਾਨ ਨੇ ਜਾਂਦਿਆਂ-ਜਾਂਦਿਆਂ ਡਾਢੀ ਬੇਵਸੀ ਵਿੱਚ ਕਿਹਾ।

ਪ੍ਰਾਂਤ ਪੱਧਰ ਦੀ 181 ਪੁਲੀਸ ਹੈਲਪ ਲਾਈਨ ਤੇ ਨਸ਼ਿਆਂ ਪ੍ਰਤੀ ਸੂਚਨਾਵਾਂ ਵੀ ਪ੍ਰਾਪਤ ਹੋਣ ਲੱਗੀਆਂ। ਇਨ੍ਹਾਂ ਸੂਚਨਾਵਾਂ ਨੂੰ 'ਡਰੱਗਜ਼ ਟਿਪਸ' ਦਾ ਨਾਮ ਦਿੱਤਾ ਜਾਣ ਲੱਗਾ। ਇਹ ਸੂਚਨਾਵਾਂ ਨਸ਼ਿਆਂ ਦੀ ਵਿਕਰੀ ਤੱਕ ਹੀ ਸੀਮਤ ਨਹੀਂ ਸਨ ਬਲਕਿ ਕੁਝ ਲੋਕ ਨਸ਼ਈ ਦਾ ਇਲਾਜ ਕਰਾਉਣ ਲਈ ਵੀ ਇਸ ਦੀ ਸਹਾਇਤਾ ਲੈਣ ਲੱਗੇ। ਸੂਚਨਾਵਾਂ ਦੀ ਇਸੇ ਵਿਧੀ ਰਾਹੀਂ ਇੱਕ ਪਰਿਵਾਰ ਮੈਨੂੰ ਦਫ਼ਤਰ ਮਿਲਣ ਆਇਆ। ਨਸ਼ਿਆਂ ਦੇ ਆਦੀ ਨੌਜਵਾਨ ਦੀ ਮਾਂ, ਪਤਨੀ ਤੇ ਸਕੂਲ ਪੜ੍ਹਦੀਆਂ ਦੋਵੇਂ ਧੀਆਂ ਮੇਰੇ ਸਾਹਮਣੇ ਬੈਠੀਆਂ ਸਨ। ਉਨ੍ਹਾਂ ਵਾਸਤਾ ਪਾਇਆ ਕਿ ਧੀਆਂ ਦਾ ਪਿਤਾ ਸਮੈਕ ਦੇ ਨਸ਼ੇ ਦਾ ਆਦੀ ਹੋ ਗਿਆ ਹੈ। ਘਰ ਦਾ ਬਹੁਤ ਕੁਝ ਵਿਕ ਚੁੱਕਾ ਹੈ, ਜੇ ਪੈਸੇ ਨਹੀਂ ਦਿੰਦੇ ਤਾਂ ਉਹ ਹੱਥ ਚੁੱਕਦਾ ਹੈ। ਨੂੰਹ-ਸੱਸ ਨੇ ਇਸ ਅਭਾਗੀ ਕਹਾਣੀ ਦੀਆਂ ਕਈ ਪਰਤਾਂ ਖੋਲ੍ਹੀਆਂ। 'ਉਹਦਾ ਇਲਾਜ ਕਰਾਉਣਾ ਹੈ', ਉਹ ਹਉਕਾ ਲੈ ਕੇ ਇਕੱਠੀਆਂ ਹੀ ਬੋਲੀਆਂ। ਫਿਰ ਉਹ ਘਰੋਂ ਬਣਾਈ ਸਕੀਮ ਮੈਨੂੰ ਆਪੇ ਹੀ ਸਮਝਾਉਣ ਲੱਗੀਆਂ। 'ਤੁਸੀਂ ਉਸ ਨੂੰ ਰਾਤ ਥਾਣੇ ਰੱਖੋ, ਫਿਰ ਸਾਨੂੰ ਸੁਨੇਹਾ ਭੇਜਣਾ, ਸਾਨੂੰ ਗੁੱਸੇ ਹੋਣਾ ਕਿ ਇਹਦਾ ਨਸ਼ਾ ਛੁਡਾਊ ਕੇਂਦਰ ਤੋਂ ਇਲਾਜ ਕਰਾਓ, ਨਹੀਂ ਤਾ ਅਸੀਂ ਕੇਸ ਦਰਜ ਕਰ ਕੇ ਜੇਲ੍ਹ ਭੇਜਣ ਲੱਗੇ ਹਾਂ।' ਉਨ੍ਹਾਂ ਹਸਪਤਾਲ ਦਾ ਨਾਮ ਵੀ ਆਪ ਹੀ ਦੱਸਿਆ। ਦਰਅਸਲ ਉਸ ਪਿੰਡ ਦੇ ਦੋ ਨਸ਼ਾ ਕਰਦੇ ਨੌਜਵਾਨ ਇਲਾਜ ਕਰਵਾ ਕੇ ਠੀਕ-ਠਾਕ ਜੀਵਨ ਜੀਣ ਲੱਗੇ ਸਨ। ਇਨ੍ਹਾਂ 'ਚੋਂ ਇੱਕ ਵਿਦੇਸ਼ ਵੀ ਚਲਾ ਗਿਆ ਸੀ। ਉਸ ਨੌਜਵਾਨ ਨੂੰ ਥਾਣੇ ਲਿਆਂਦਾ ਗਿਆ ਤੇ ਪਹਿਲਾਂ ਮਿਥੇ ਪ੍ਰੋਗਰਾਮ ਅਨੁਸਾਰ ਅਗਲੀ ਸਵੇਰ ਉਹ ਚਾਰੋਂ ਹੀ ਦਫ਼ਤਰ ਪਹੁੰਚੀਆਂ। ਬਾਪ ਦੇ ਆਸੇ-ਪਾਸੇ ਦੋ ਪੁਲੀਸ ਕਰਮਚਾਰੀ ਖੜ੍ਹੇ ਦੇਖ ਕੇ ਉਸ ਦੀਆਂ ਧੀਆਂ ਘਬਰਾ ਗਈਆਂ। ਉਹ ਬਾਪ ਦੀਆਂ ਲੱਤਾਂ ਨੂੰ ਚਿੰਬੜ ਕੇ ਉੱਚੀ-ਉੱਚੀ ਰੋਣ ਲੱਗੀਆਂ। ਉਨ੍ਹਾਂ ਨੂੰ ਚੁੱਪ ਕਰਾ ਕੇ ਜਦ ਰੋਣ ਦਾ ਕਾਰਨ ਪੁੱਛਿਆ ਗਿਆ ਤਾਂ ਉਹ ਕਹਿਣ ਲੱਗੀਆਂ, 'ਪਿਤਾ ਨੂੰ ਜੇਲ੍ਹ ਨਹੀਂ ਭੇਜਣਾ ਘਰ ਲੈ ਕੇ ਜਾਣਾ ਹੈ।' ਪਹਿਲਾਂ ਬਣਾਈ ਸਕੀਮ ਅਨੁਸਾਰ ਉਹ ਕੁੜੀਆਂ ਉਸ ਨੂੰ ਹਸਪਤਾਲ ਦਾਖ਼ਲ ਕਰਾਉਣ ਦਾ ਵਿਚਕਾਰਲਾ ਰਸਤਾ ਕੱਟ ਹੀ ਗਈਆਂ ਸਨ। ਨਸ਼ਿਆਂ ਦੇ ਪਰਿਵਾਰਾਂ 'ਤੇ ਪੈਣ



Sri Satguru Jagjit Singh Ji eLibrary NamdhariElibrary@gmail.com

ਵਾਲੇ ਪ੍ਰਭਾਵ ਬਹੁ-ਪਰਤੀ ਹਨ।

ਦਿਨ ਛਿਪੇ ਤੋਂ ਅੱਧਾ ਘੰਟਾ ਬਾਅਦ ਇੱਕ ਬੇ-ਆਬਾਦ ਥਾਂ ਤੇ ਕੁਝ ਨੌਜਵਾਨਾਂ ਨੂੰ ਸਮੈਕ ਦੇ ਸੂਟੇ ਲਾਉਂਦਿਆਂ ਕਾਬੂ ਕੀਤਾ ਗਿਆ। ਪੰਜਾਂ ਵਿੱਚੋਂ ਦੋ ਜਣੇ ਭੱਜ ਗਏ। ਉੱਥੇ ਰਹਿ ਗਏ ਮੋਟਰਸਾਈਕਲ ਤੋਂ ਉਨ੍ਹਾਂ ਦੀ ਪਹਿਚਾਣ ਹੋ ਗਈ ਸੀ। ਇੱਕ ਔਰਤ ਨੇ ਘਰ ਮੂਹਰਿਓਂ ਲੰਘੇ ਪੁਲੀਸ ਮੋਟਰਸਾਇਕਲ ਨੂੰ ਗਹੁ ਨਾਲ ਤੱਕਿਆ। ਉਹਦਾ ਮੱਥਾ ਠਣਕਿਆ, ਉਸ ਨੇ ਮੂੰਹ ਭੁਆ ਕੇ ਵਿਹੜੇ ਵੱਲ ਵੇਖਿਆ ਉਸ ਦਾ ਪੁੱਤ ਕੋਠੇ ਤੋਂ ਲਮਕ ਕੇ ਪਿੱਛੇ ਭੱਜ ਗਿਆ ਸੀ। ਹੁਣ ਉਹ ਔਰਤ, ਪੰਚਾਇਤ ਨੂੰ ਨਾਲ ਲੈ ਕੇ ਮੇਰੇ ਸਾਹਮਣੇ ਬੈਠੀ ਸੀ। 'ਮੁੰਡਾ ਗ਼ਲਤ ਨਿਕਲ ਗਿਆ, ਇਹ ਵਿਚਾਰੀ ਵਿਧਵਾ ਔਰਤ ਹੈ', ਇੱਕ ਪੰਚਾਇਤ ਮੈਂਬਰ ਨੇ ਚੁੱਪ ਨੂੰ ਤੋੜਿਆ। 'ਪੈਸੇ ਨਹੀਂ ਦਿੰਦੀ ਤਾਂ ਇਸ ਨੂੰ ਕੁੱਟਦਾ-ਮਾਰਦਾ ਹੈ', ਇੱਕ ਹੋਰ ਵਿਅਕਤੀ ਨੇ ਦੱਸਿਆ। ਉਹ ਔਰਤ ਪਿੰਜਣੀਆਂ ਤੇ ਪਏ ਲਾਲ-ਨੀਲੇ ਚਟਾਕ ਦਿਖਾਉਣ ਲੱਗੀ, ਉਸ ਦੀਆਂ ਬਾਂਹਾਂ 'ਤੇ ਵੀ ਲਾਸ਼ਾਂ ਦੇ ਨਿਸ਼ਾਨ ਸਨ। ਇਲਾਜ ਕਰਾਉਣ ਲਈ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰਾਉਣ ਦਾ ਫ਼ੈਸਲਾ ਹੋਇਆ। ਤਿੰਨ-ਚਾਰ ਮਹੀਨਿਆਂ 'ਚ ਉਸ ਦਾ ਦੋ ਹਸਪਤਾਲਾਂ ਵਿੱਚੋਂ ਇਲਾਜ ਕਰਾਇਆ ਗਿਆ। ਇਸ ਸਮੇਂ ਦੌਰਾਨ ਉਸ ਔਰਤ ਦੇ ਕੰਨ ਤੇ ਹੱਥ ਸੱਖਣੇ ਹੋ ਗਏ ਸਨ। ਹਸਪਤਾਲ ਤੋਂ ਵਾਪਸ ਘਰ ਜਾਂਦਿਆਂ ਉਹ ਮਾਂ-ਪੁੱਤ ਮੈਨੂੰ ਮਿਲ ਕੇ ਗਏ। ਮਹੀਨਾ ਕੁ ਬਾਅਦ ਉਹ ਔਰਤ ਫਿਰ ਮੇਰੇ ਦਫ਼ਤਰ ਆਈ। 'ਫਿਰ ਨਸ਼ਾ ਕਰਨ ਲਗ ਪਿਆ?' ਉਸ ਔਰਤ ਦਾ ਉਦਾਸ ਚਿਹਰਾ ਦੇਖ ਕੇ ਮੈਂ ਪੁੱਛਿਆ। 'ਨਹੀਂ, ਉਸ ਦੇ ਰਿਸ਼ਤੇ ਦੀ ਗੱਲ ਚਲਦੀ ਸੀ, ਕੁੜੀ ਵਾਲੇ ਜਵਾਬ ਦੇ ਗਏ।' ਬਹੁਤ ਹੀ ਝਿਜਕ ਕੇ ਉਹ ਬੋਲੀ, 'ਤੁਸੀਂ ਕੁੜੀ ਵਾਲੇ ਪਰਿਵਾਰ ਨੂੰ ਫ਼ੋਨ ਕਰ ਸਕਦੇ ਹੋ', ਬੇਵਸੀ ਦੀ ਸਲੀਬ ਤੋਂ ਲੰਘ ਕੇ ਆਏ ਉਸ ਔਰਤ ਦੇ ਇਹ ਬੋਲ ਸਿੱਲ੍ਹੇ ਹੋ ਗਏ ਸਨ। ਪੁੱਤਾਂ ਦੇ ਸਿਰੋਂ ਪਾਣੀ ਵਾਰ ਕੇ ਪੀਂਦੀਆਂ ਮਾਂਵਾਂ, ਕਦੇ ਕਿਰਤੀ ਪੰਜਾਬੀ ਜੀਵਨ ਦੀਆਂ ਖ਼ੁਸ਼ੀਆਂ ਦਾ ਸਿਖਰ ਹੁੰਦੀਆਂ ਸਨ। ਪਤੀ ਸ਼ਰਾਬ ਪੀ ਕੇ ਮਰਿਆ ਤੇ ਪੁੱਤ ਸਮੈਕ ਦੀ ਲਪੇਟ ਵਿੱਚ ਆਇਆ, ਪਰ ਇਹ ਮਾਂ ਖੰਡਰ ਹੋ ਰਹੀ ਜ਼ਿੰਦਗੀ ਦੇ ਕੋਠੇ ਤੇ ਖੜ੍ਹੀ ਸੀ।

ਸਹੁਰਿਆਂ ਹੱਥੋਂ ਤੰਗ ਇੱਕ ਲੜਕੀ ਨੇ ਅਰਜ਼ੀ ਮੇਰੇ ਮੇਜ਼ 'ਤੇ ਰੱਖੀ ਤੇ ਉਸ ਨੂੰ ਮਹਿਲਾ ਮੰਡਲ ਥਾਣੇ ਨੂੰ ਭੇਜਣ ਦੀ ਮੰਗ ਕਰਨ ਲੱਗੀ। ਦਰਅਸਲ ਉਹ ਪੁਲੀਸ ਲਾਈਨ ਵਿੱਚ ਸਥਿਤ ਵੋਮੈਨ ਸੈੱਲ ਵਿੱਚ ਸਿੱਧੀ ਪਹੁੰਚੀ ਸੀ ਤੇ ਉਨ੍ਹਾਂ ਨੇ ਹੀ ਉਸ ਨੂੰ ਇੱਕ ਅਰਜ਼ੀ ਲਿਖ ਕੇ ਇੰਝ ਮਾਰਕ ਕਰਾਉਣ ਲਈ ਸਮਝਾਇਆ ਸੀ। ਜਦੋਂ ਉਹ ਵਾਪਸ ਜਾਣ ਲੱਗੀ ਤਾਂ ਮੈਂ ਪੁੱਛਿਆ ਕਿ ਮੁਸ਼ਕਿਲ ਕੀ ਹੈ? ਉਹ ਦੋ ਕਦਮ ਪਿੱਛੇ ਮੁੜੀ ਤੇ ਕਹਿਣ ਲੱਗੀ ਮੈਨੂੰ ਰੋਟੀ-ਟੁੱਕ ਨਹੀਂ ਦਿੰਦੇ, ਜਦੋਂ ਬਿਮਾਰ ਹੋ ਜਾਂਦੀ ਹਾਂ ਤਾਂ



Sri Satguru Jagjit Singh Ji eLibrary NamdhariElibrary@gmail.com

ਦਵਾਈ ਨਹੀਂ ਦਿਵਾਉਂਦੇ। ਉਹ ਚੁੰਨੀ ਦੇ ਲੜ ਨੂੰ ਦਿੱਤੀ ਗੰਢ ਖੋਲ੍ਹਣ ਲੱਗੀ, ਇਹ ਤਾਪ ਚੜ੍ਹਨ ਤੇ ਸਿਰ ਦੁਖਣ ਦੀਆਂ ਗੋਲੀਆਂ ਹਨ। ਉਸ ਨੇ ਤਿੰਨ-ਚਾਰ ਗੋਲੀਆਂ ਹਥੇਲੀ ਤੇ ਰੱਖ ਕੇ ਵਿਖਾਈਆਂ। ਉਸ ਦੇ ਮਨ ਵਿੱਚ ਵੋਮੈਨ ਸੈੱਲ ਤੱਕ ਪਹੁੰਚਣ ਦੀ ਕਾਹਲ ਸੀ। ਉਸ ਦੇ ਜਾਣ ਸਮੇਂ ਹੀ ਇੱਕ ਬਾਪ ਤੇ ਉਸ ਦੀ ਧੀ ਦਫ਼ਤਰ ਦਾਖ਼ਲ ਹੋਏ। ਭਾਵੇਂ ਸਾਰੀਆਂ ਕੁਰਸੀਆਂ ਖ਼ਾਲੀ ਸਨ ਪਰ ਉਹ ਆਖ਼ਰੀ ਲਾਈਨ ਵਿੱਚ ਬੈਠੇ। ਧੀ ਨੇ ਵਾਸਤਾ ਪਾਇਆ ਕਿ ਵੋਮੈਨ ਸੈੱਲ ਨੇ ਸਮਝੌਤਾ ਕਰਾਇਆ ਸੀ ਕਿ ਮੇਰਾ ਪਤੀ ਮਹੀਨੇ ਬਾਅਦ ਆ ਕੇ ਮੈਨੂੰ ਪੇਕੇ ਘਰ ਤੋਂ ਲੈ ਜਾਵੇਗਾ ਅਤੇ ਮੇਰੇ ਤੇ ਧੀ ਦੇ ਖ਼ਰਚੇ ਵਜੋਂ ਤਿੰਨ ਹਜ਼ਾਰ ਰੁਪਿਆ ਦੋ ਦਿਨਾਂ ਤੱਕ ਪਹੁੰਚਾਏਗਾ। ਤਿੰਨ ਮਹੀਨੇ ਲੰਘ ਗਏ ਹਨ, ਉਨ੍ਹਾਂ ਆਉਣਾ ਤਾਂ ਕੀ ਸੀ ਤਲਾਕ ਦਾ ਦਾਅਵਾ ਪਾ ਦਿੱਤਾ ਹੈ। ਧੀ ਦੀ ਗੱਲ ਮੁੱਕਣ ਤੇ ਉਸ ਦਾ ਬਾਪ ਤਲਾਕ ਵਾਲੇ ਕੇਸ ਦੇ ਕਾਗਜ਼ ਵਿਖਾਉਣ ਲੱਗਾ। 'ਵੋਮੈਨ ਸੈੱਲ ਪਹੁੰਚੋ', ਟੈਲੀਫ਼ੋਨ ਮਿਲਾਉਂਦਿਆਂ ਮੈਂ ਆਖਿਆ। ਮੇਰੇ ਇਸ ਜਵਾਬ ਨੇ ਪਿਓ ਤੇ ਧੀ ਦੇ ਸਾਹ ਸੂਤ ਲਏ ਸਨ। ਭਾਰੇ ਕਦਮਾਂ ਨਾਲ ਉਹ ਉੱਧਰ ਨੂੰ ਚਲ ਪਏ।

ਇਸ ਕੁੜੀ ਦੀ ਅਜੀਬ ਦਾਸਤਾਨ ਹੈ। ਜਿਸ ਘਰ ਉਸ ਨੂੰ ਵਿਆਹਿਆ ਗਿਆ, ਉਸ ਵਿਅਕਤੀ ਦੇ ਪਹਿਲੇ ਵਿਆਹ ਤੋਂ ਕੋਈ ਬੱਚਾ ਨਹੀਂ ਹੋਇਆ ਸੀ। ਇਹ ਵਿਆਹ ਤਿੰਨੋਂ ਧਿਰਾਂ ਦੀ ਰਜ਼ਾਮੰਦੀ ਨਾਲ ਹੋਇਆ। ਸਮਾਂ ਬੀਤਦਾ ਗਿਆ ਦੋ ਬੱਚਿਆਂ ਨੇ ਜਨਮ ਲਿਆ। ਜਦੋਂ ਇਨ੍ਹਾਂ ਬੱਚਿਆਂ ਨੂੰ ਸਕੂਲ ਭੇਜਣ ਦਾ ਸਮਾਂ ਆਇਆਂ ਤਾਂ ਦੋਵੇਂ ਔਰਤਾਂ 'ਚ ਲੜਾਈ ਰਹਿਣ ਲੱਗੀ। ਇਕ-ਇਕ ਬੱਚਾ ਰੱਖਣ ਦਾ ਫ਼ੈਸਲਾ ਹੋਇਆ ਤੇ ਅਸਲੀ ਮਾਂ ਨੂੰ ਕਿਰਾਏ 'ਤੇ ਘਰ ਲੈ ਕੇ ਦੇ ਦਿੱਤਾ ਗਿਆ। ਉਸ ਔਰਤ ਨੇ ਹੁਣ ਇਹੋ ਦਰਖ਼ਾਸਤ ਦਿੱਤੀ ਕਿ ਮੈਨੂੰ ਵੀ ਪਲਾਟ ਖ਼ਰੀਦ ਕੇ ਆਪਣਾ ਘਰ ਬਣਾ ਕੇ ਦਿੱਤਾ ਜਾਵੇ। ਰੋਂਦੀ-ਰੋਂਦੀ ਉਹ ਆਪਣੇ ਘਰ ਤੇ ਕਿਰਾਏ ਦੇ ਘਰ ਦੀ ਤੁਲਨਾ ਕਰਨ ਲੱਗੀ। 'ਕਮਰੇ 'ਚੋਂ ਨਿਕਲ ਕੇ ਬਾਹਰ ਬੈਠਣ ਨੂੰ ਦਿਲ ਹੀ ਨਹੀਂ ਕਰਦਾ। ਕੋਈ ਫੁੱਲ-ਬੂਟਾ ਲਾਉਣ ਨੂੰ ਰੂਹ ਨਹੀਂ ਮੰਨਦੀ। ਮੈਂ ਵਿਸਾਖੀ ਤੇ ਰੰਗ ਕਰਾਉਣ ਲੱਗੀ, ਮਾਲਕ ਮਕਾਨ ਕਹਿੰਦਾ ਇਹ ਨਹੀਂ, ਆਹ ਰੰਗ ਕਰਾਓ। ਮੇਰਾ ਪੁੱਤ ਕਹਿਣ ਲੱਗਾ, ਮੰਮੀ ਦੋਸਤ ਮੈਨੂੰ ਘਰ ਦਾ ਪਤਾ ਪੁੱਛਦੇ ਹਨ ਮੈਨੂੰ ਸਮਝਾਉਣਾ ਨਹੀਂ ਆਉਂਦਾ, ਇੱਕ ਪਰਚੀ 'ਤੇ ਲਿਖ ਦਿਓ। ਮੈਂ ਕਾਗਜ਼ 'ਤੇ ਲਿਖਿਆ ਪਰ ਉਸ ਨੂੰ ਦਿੱਤਾ ਨਹੀਂ।' ਉਸ ਨੇ ਪਰਸ ਵਿੱਚੋਂ ਘਰ ਦੇ ਪਤੇ ਵਾਲੀ ਇੱਕ ਪਰਚੀ ਨੂੰ ਕੱਢਿਆ, ਪਰ ਮੈਨੂੰ ਬਿਨਾਂ ਦਿਖਾਇਆਂ ਫਿਰ ਸਾਂਭ ਲਿਆ। ਉਸ ਦਾ ਮੂੰਹ ਹੰਝੂਆਂ ਨਾਲ ਧੋਤਾ ਗਿਆ ਸੀ। ਔਰਤ ਭਾਵੇਂ ਘਰ ਦੀ ਬੁਨਿਆਦ ਹੈ ਪਰ ਕਦੇ ਕਦਾਈ ਉਹ ਇਸੇ ਬੁਨਿਆਦ ਲਈ ਝੂਰਦੀ ਰਹਿ ਜਾਂਦੀ ਹੈ।

ਇਹ ਔਰਤ ਦਿਵਸ ਤੋਂ ਅਗਲੇ ਦਿਨ ਦੀ ਗੱਲ ਹੈ। ਪਤਲਾ ਮਾੜਕੂ ਜਿਹਾ



Sri Satguru Jagjit Singh Ji eLibrary NamdhariElibrary@gmail.com

ਸਰੀਰ, ਉਸ ਔਰਤ ਦੇ ਸਿਰ ਦੇ ਵਾਲ ਖਿੱਲਰੇ ਹੋਏ ਸਨ। ਉਸ ਦੀ ਖੱਬੀ ਅੱਖ ਲਾਲ ਸੀ ਜਿਸ ਵਿੱਚੋਂ ਪਾਣੀ ਵਗ ਰਿਹਾ ਸੀ। ਦੁੱਖ ਸੁਣਾਉਂਦਿਆਂ ਉਸ ਦਾ ਮੂੰਹ ਸੁੱਕਣ ਲੱਗਾ। ਉਸ ਔਰਤ ਨੂੰ ਉਸ ਦਾ ਸ਼ਰਾਬੀ ਪਤੀ ਕੁੱਟਦਾ-ਮਾਰਦਾ ਸੀ। ਉਹ ਕੋਈ ਖ਼ਰਚਾ ਨਹੀਂ ਦਿੰਦਾ ਸੀ ਤੇ ਘਰੇ ਕਲੇਸ਼ ਰਹਿੰਦਾ ਸੀ। ਉਸ ਸਵੇਰ ਵੀ ਉਸ ਨੇ ਹੱਥ ਚੁੱਕਿਆ ਤੇ ਹਾਲੋਂ-ਬੇਹਾਲ ਹੋਈ ਉਹ ਸਿੱਧੀ ਮੇਰੇ ਦਫ਼ਤਰ ਪਹੁੰਚੀ। ਗੱਲਾਂ ਦਾ ਰੁੱਖ ਬਦਲਣ ਲਈ ਮੈਂ ਪੁੱਛਿਆ, ਤੇਰੇ ਕੋਲ ਕਿੰਨੇ ਪੈਸੇ ਹਨ। ਮੇਰਾ ਅੰਦਾਜ਼ਾ ਠੀਕ ਨਿਕਲਿਆ ਉਸ ਸਮੇਂ ਉਸ ਕੋਲ ਇੱਕ ਰੁਪਿਆ ਵੀ ਨਹੀਂ ਸੀ। 'ਕਿਰਾਇਆ ਕਿਸ ਨੇ ਦਿੱਤਾ', ਮੈਂ ਪੁੱਛਿਆ? ਉਹ ਆਪਣਾ ਦੁੱਖ ਭੁੱਲ ਕੇ ਹੁਣ ਪੈਸਿਆਂ ਬਾਰੇ ਦੱਸਣ ਲੱਗੀ। ਉਸ ਦੇ ਚਿਹਰੇ ਦਾ ਤਣਾਓ ਘਟਿਆ ਤੇ ਉਸ ਦੇ ਬੋਲ ਸਥਿਰ ਹੋਣ ਲੱਗੇ। ਚੁੰਨੀ ਦੇ ਪੱਲੇ ਨਾਲ ਉਸ ਨੇ ਮੂੰਹ ਦੇ ਦੋਵੇਂ ਵਾਕ ਸਾਫ਼ ਕੀਤੇ। ਉਹ ਕਹਿੰਦੀ, 'ਮੇਰੇ ਕੋਲ ਪੰਦਰਾਂ ਰੁਪਏ ਸਨ, ਬਸ ਏਨਾ ਹੀ ਕਿਰਾਇਆ ਲਗਦਾ। ਮੈਂ ਰਿਕਸ਼ਾ ਕਰ ਬੈਠੀ, ਲੇਕਿਨ ਦਫ਼ਤਰ ਦੇ ਨੇੜੇ ਆ ਕੇ ਪਤਾ ਲੱਗਿਆ ਕਿ ਮੇਰੇ ਕੋਲ ਤਾਂ ਕੋਈ ਪੈਸਾ ਹੀ ਨਹੀਂ', ਉਸ ਨੇ ਮੈਲੇ ਜਿਹੇ ਰੁਮਾਲ ਨੂੰ ਮੇਰੇ ਸਾਹਮਣੇ ਝਾੜਿਆ। ਉਸ ਦੇ ਬੋਲ ਹੋਰ ਸਹਿਜ ਹੋ ਗਏ ਸਨ, 'ਮੈਂ ਰਿਕਸ਼ੇ ਵਾਲੇ ਤੋਂ ਗ਼ਲਤੀ ਮੰਨ ਲਈ ਸੀ ਤੇ ਉਸ ਨੂੰ ਮੱਥਾ ਵੀ ਟੇਕਿਆ।' ਰਿਕਸ਼ੇ ਵਾਲੇ ਨੇ ਸ਼ਿਕਾਇਤ ਕੀਤੀ ਆ ਮੇਰੀ, ਥੋੜ੍ਹਾ ਰੁੱਕ ਕੇ ਉਸ ਔਰਤ ਨੇ ਬਹੁਤ ਹੀ ਧੀਮੀ ਆਵਾਜ਼ ਵਿੱਚ ਮੈਥੋਂ ਪੁੱਛਿਆ।

'ਮੇਰਾ ਪਤੀ ਇੱਕ ਹੋਰ ਔਰਤ ਨਾਲ ਰਹਿਣ ਲੱਗ ਪਿਆ ਹੈ। ਪਰ ਉਸ ਦੇ ਘਰ ਮੈਂ ਵੱਸਣਾ, ਮੇਰਾ ਵਿਆਹ ਹੋਇਆ, ਦੋ ਬੱਚੇ ਵੀ ਹਨ। ਮੈਂ ਵੱਸਣਾ, ਉਹ ਕਿਉਂ ਵੱਸ ਰਹੀ ਹੈ।' ਉਸ ਲੜਕੀ ਨੇ ਇੱਕ ਪਲਾਸਟਿਕ ਦੇ ਲਿਫ਼ਾਫ਼ੇ ਦੀਆਂ ਤੈਹਾਂ ਖੋਲ੍ਹੀਆਂ ਅਤੇ ਰਾਸ਼ਨ ਕਾਰਡ ਦੀ ਕਾਪੀ ਮੈਨੂੰ ਵਿਖਾਉਣ ਲੱਗੀ। ਉਸ ਨੇ ਆਪਣੇ ਪਤੀ ਤੇ ਬੱਚਿਆਂ ਦਾ ਨਾਮ ਲਿਆ ਤੇ ਰਾਸ਼ਨ ਕਾਰਡ ਨੂੰ ਸੰਭਾਲਦੀ-ਸੰਭਾਲਦੀ ਫਿਰ ਬੋਲੀ, 'ਮੈਂ ਵੱਸਣਾ।' ਉਸ ਦੀ ਮਿੱਠੀ ਆਵਾਜ਼ ਵਿੱਚ ਮਿੰਨਤ ਤੇ ਤਰਲੇ ਦਾ ਸੁਮੇਲ ਸੀ। ਉਸ ਨੇ ਸਿਰ ਦੇ ਵਾਲਾਂ ਨੂੰ ਕੰਨਾਂ ਪਿੱਛੇ ਸੰਵਾਰਿਆ ਤੇ ਫਿਰ ਕਹਿੰਦੀ, 'ਮੈਂ ਵੱਸਣਾ।' ਉਸ ਮਾਸੂਮ ਜਿਹੀ ਕੁੜੀ ਦਾ ਹਰ ਬੋਲ ਦਰਦਮਈ ਚੀਕ ਸੀ, ਜਦ ਉਹ ਵੱਸਣਾ ਸ਼ਬਦ ਉਚਾਰਦੀ ਤਾਂ ਇਹ ਚੀਕ ਹੋਰ ਡੂੰਘੀ ਹੋ ਜਾਂਦੀ। ਉਸ ਦੇ ਮੂੰਹੋਂ ਨਿਕਲਦਿਆਂ ਹੀ ਇਹ ਬੋਲ ਉਸ ਦੀ ਰੂਹ ਨੂੰ ਝੰਜੋੜ ਜਾਂਦੇ। ਚਾਰ-ਪੰਜ ਵਾਰ ਅਜਿਹਾ ਹੋਇਆ। 'ਮੈਂ ਵੱਸਣਾ'-ਗੁੱਡੀਆਂ ਪਟੋਲਿਆਂ ਨਾਲ ਖੇਡਦੀਆਂ ਬੱਚੀਆਂ ਵਾਂਗ ਇਹ ਦੋਵੇਂ ਸ਼ਬਦ ਉਸ ਕੁੜੀ ਦੇ ਗਹਿਰੇ ਦੁੱਖਾਂ ਨਾਲ ਖੇਡਣ ਰੁੱਝ ਗਏ ਸਨ। 'ਮੈਂ ਵੱਸਣਾ', ਦੂਜਿਆਂ ਦੇ ਘਰ ਵਸਾਉਣ ਵਾਲੀ ਔਰਤ ਦਾ ਆਪਣਾ ਵਸੇਰਾ ਅਧੂਰਾ ਹੈ। ਉਸ ਸਵੇਰ ਮੈਂ ਜਲੰਧਰ ਦੂਰਦਰਸ਼ਨ ਤੋਂ, ਰੰਗ-ਮੰਚ ਤੇ ਸਮਾਜ ਵਿਸ਼ੇ ਬਾਰੇ ਇੱਕ ਪ੍ਰੋਗਰਾਮ ਦੇਖਿਆ



Sri Satguru Jagjit Singh Ji eLibrary NamdhariElibrary@gmail.com

ਸੀ। ਮਾਹਿਰ ਵਜੋਂ ਪੇਸ਼ ਹੋਈ ਇੱਕ ਅਦਾਕਾਰਾ ਨੇ ਰੰਗ ਮੰਚ ਦੀ ਮਹੱਤਤਾ ਬਾਰੇ ਕਈ ਪੱਖ ਪੇਸ਼ ਕੀਤੇ। ਉਸ ਨੇ ਗੱਲ-ਬਾਤ ਕਰਦਿਆਂ ਔਰਤ ਨਾਲ ਸੰਬੰਧਿਤ ਕਈ ਰੋਲ ਕਰ ਕੇ ਵਿਖਾਏ ਸਨ। ਲੇਕਿਨ ਵੱਸਣ ਲਈ ਵਾਸਤੇ ਪਾਉਂਦੀ ਜਿਸ ਕੁੜੀ ਨੂੰ ਮੈਂ ਸਾਹਮਣੇ ਵੇਖ ਰਿਹਾ ਸੀ, ਉਸ ਨੇ ਮੈਨੂੰ ਨਕਲ ਤੇ ਅਸਲ ਦਾ ਅੰਤਰ ਮਹਿਸੂਸ ਕਰਾਇਆ। ਭਾਵੇਂ ਤਿੰਨ ਘੰਟੇ ਬੀਤ ਚੁੱਕੇ ਸਨ ਪਰ ਮੈਨੂੰ ਲੱਗਿਆ ਉਹ ਪ੍ਰੋਗਰਾਮ ਹਾਲੇ ਵੀ ਜਾਰੀ ਹੈ।

ਨਾਟਕ ਕੇਵਲ ਸਟੇਜਾਂ 'ਤੇ ਹੀ ਨਹੀਂ ਖੇਡਿਆ ਜਾਂਦਾ, ਦੁੱਖਾਂ ਨਾਲ ਝੰਬਿਆ ਪਰ ਫਿਰ ਵੀ ਸੱਚਾ-ਸੁੱਚਾ ਜੀਵਨ ਜੀਣ ਲਈ ਜੂਝਦਾ ਹਰ ਵਿਅਕਤੀ ਜ਼ਿੰਦਗੀ ਦੇ ਨਾਟਕ ਦਾ ਸਰਬੋਤਮ ਪਾਤਰ ਹੈ। ਇੰਝ ਸਰਬੋਤਮ ਹੋਣ ਦੀਆਂ ਕੋਸ਼ਿਸ਼ਾਂ ਦਾ ਵੱਡਾ ਹਿੱਸਾ ਔਰਤ ਕੋਲ ਹੈ :-

*ਹਰ ਅਸਮਾਨੋਂ ਟੁੱਟਿਆ ਤਾਰਾ*
*ਲੋਰੀ ਦੇਂਦਾ ਤੈਨੂੰ*

•



Sri Satguru Jagjit Singh Ji eLibrary NamdhariElibrary@gmail.com

# ਲਘੂ ਫਿਲਮਾਂ ਤੇ ਸਮਾਜਿਕ ਸਰੋਕਾਰ

ਨਸ਼ਿਆਂ ਵਿਰੁੱਧ ਲਘੂ ਫ਼ਿਲਮ ਬਣਾਉਣ ਵਾਲੇ ਇੱਕ ਵਿਅਕਤੀ ਨੂੰ ਮੈਂ ਮੋਬਾਇਲ ਫ਼ੋਨ 'ਤੇ ਇਸ ਪ੍ਰਭਾਵਸ਼ਾਲੀ ਪ੍ਰੋਡਕਸ਼ਨ ਲਈ ਮੁਬਾਰਕਬਾਦ ਦਿੱਤੀ। ਥੋੜ੍ਹੀ ਦੇਰ ਬਾਅਦ ਉਸ ਦਾ ਫ਼ੋਨ ਆਇਆ ਕਿ ਮੈਂ ਤਿੰਨ ਕੁ ਮਿੰਟ ਦੀ ਇੱਕ ਵੀਡਿਓ ਕਲਿਪ ਭੇਜੀ ਹੈ, ਤੁਸੀਂ ਜ਼ਰੂਰ ਵੇਖਿਓ। 'ਲੋਕਾਂ ਨੇ ਮਸ਼ੂਕ ਰੱਖੀ ਹੋਣੀ ਆ ਮਿੱਤਰਾਂ ਨੇ ਮੁੱਛ ਰੱਖੀ ਆ' ਇਸ ਵੀਡਿਓ ਕਲਿਪ ਵਿੱਚ ਇੱਕ ਨੌਜਵਾਨ ਸਵੇਰ ਵੇਲੇ ਤਿਆਰ ਹੁੰਦਿਆਂ ਵਾਰ-ਵਾਰ ਇਸ ਲਾਈਨ ਨੂੰ ਗੁਣ-ਗੁਣਾਉਂਦਾ ਰਹਿੰਦਾ ਹੈ। ਉਸ ਦੇ ਮਨ ਵਿੱਚ ਕੋਈ ਲੋਰ ਹੈ, ਉਹ ਵਾਰ-ਵਾਰ ਆਪਣੇ ਹੱਥ ਨੂੰ ਮੁੱਛ 'ਤੇ ਵੀ ਫੇਰਦਾ ਹੈ। ਉਸ ਦੀ ਪਤਨੀ ਜਦ ਪੱਗ ਲਈ ਪੂਣੀ ਕਰਾਉਣ ਲੱਗਦੀ ਹੈ ਤਾਂ ਉਸ ਨੂੰ ਸੰਬੋਧਨ ਹੁੰਦਾ ਵੀ ਉਹ ਇਹੋ ਲਾਈਨ ਬੋਲਦਾ ਹੈ ਤੇ ਇਹੋ ਐਕਸ਼ਨ ਕਰਦਾ ਹੈ। ਜਦੋਂ ਉਹ ਪੱਗ ਬੰਨ੍ਹਣ ਲਗਦਾ ਹੈ ਤਾਂ ਉਸ ਦੀ ਚਾਰ ਕੁ ਵਰ੍ਹਿਆਂ ਦੀ ਧੀ ਪੱਗ ਦਾ ਲੜ ਫੜ ਕੇ ਪੁੱਛਦੀ ਹੈ, 'ਡੈਡੀ ਮਸ਼ੂਕ ਕੀ ਹੁੰਦੀ ਹੈ।' ਏਡੀ ਕੁ ਅਜਿਹੀ ਇੱਕ ਹੋਰ ਵੀਡਿਓ ਕਲਿੱਪ ਵਿੱਚ ਰਾਤ ਦੇ ਸਮਾਗਮ ਤੋਂ ਵਾਪਸ ਘਰ ਪਹੁੰਚੇ, ਇੱਕ ਬਾਪ ਤੋਂ ਸੌਣ ਸਮੇਂ ਇੱਕ ਬਾਲੜੀ ਪੁੱਛ ਲੈਂਦੀ ਹੈ, 'ਪਾਪਾ ਪਟੋਲਾ ਕੀ ਹੁੰਦਾ।'

ਆਵਾਜ਼ ਤੇ ਕਲ਼ਮ ਤੋਂ ਬਾਅਦ ਕੈਮਰਾ ਪ੍ਰਭਾਵਸ਼ਾਲੀ ਸਮੂਹਿਕ ਸੰਚਾਰ ਸਾਧਨ ਬਣ ਕੇ ਜ਼ਿੰਦਗੀ ਦੇ ਪਰਦੇ 'ਤੇ ਪ੍ਰਗਟ ਹੋਇਆ ਹੈ। ਕਈ ਨਾਜ਼ੁਕ ਅਤੇ ਸੰਵੇਦਨਸ਼ੀਲ ਘਟਨਾਵਾਂ ਸ਼ੋਸ਼ਲ ਮੀਡੀਆ ਤੇ ਪਲੋ-ਪਲੀ ਵਾਇਰਲ ਹੋ ਜਾਂਦੀਆਂ ਹਨ। ਕੈਮਰੇ ਨੇ ਪ੍ਰਮਾਣ ਦੇ ਕੇ ਕਥਨੀ ਤੇ ਕਰਨੀ ਦੇ ਸੱਚ ਨੂੰ ਪੇਸ਼ ਕੀਤਾ ਹੈ। ਇਸੇ ਕਰ ਕੇ ਲਘੂ ਫਿਲਮਾਂ ਕਿਸੇ ਵਿਸ਼ੇ ਬਾਰੇ ਗੱਲ ਕਰਨ ਦਾ ਪ੍ਰਭਾਵਸ਼ਾਲੀ ਤੇ ਕਾਰਗਰ ਤਰੀਕਾ ਹਨ। ਡਾਕੂਮੈਂਟਰੀਆਂ ਸੰਬੰਧਿਤ ਵਿਸ਼ੇ ਦੀ ਆਟੋ-ਬਾਇਓਗ੍ਰਾਫ਼ੀ ਵਾਂਗ ਹੁੰਦੀਆਂ ਹਨ। ਕੈਮਰਾ ਥੋੜ੍ਹੇ ਸਮੇਂ ਵਿੱਚ ਬਹੁਤ ਕੁਝ ਵਿਖਾ ਅਤੇ ਸਮਝਾ ਸਕਦਾ ਹੈ। ਕੈਮਰਾ ਸੁਰੱਖਿਆ ਤੇ ਮਾਨਵੀ ਅਧਿਕਾਰਾਂ ਦਾ ਸ਼ਕਤੀਸ਼ਾਲੀ ਪਹਿਰੇਦਾਰ ਹੈ। ਵੀਡੀਓ ਰਿਕਾਰਡਿੰਗ ਨੇ ਵਿੱਦਿਆ ਦੇ ਖੇਤਰ ਵਿੱਚ ਵਿਸ਼ੇਸ਼ ਪੁਲਾਂਘ ਪੁੱਟੀ ਹੈ। ਧਾਰਮਿਕ, ਰਾਜਨੀਤਿਕ ਤੇ ਪ੍ਰਸ਼ਾਸ਼ਨਿਕ ਖੇਤਰਾਂ ਵਿੱਚ ਇਸ ਵਿਧੀ ਦੀ ਭਰਪੂਰ ਵਰਤੋਂ ਹੋ ਰਹੀ ਹੈ। ਲਘੂ ਫਿਲਮਾਂ ਸਮਾਜਿਕ ਖੇਤਰ ਵਿੱਚ ਅਥਾਹ ਯੋਗਦਾਨ ਦੀ ਸਮਰੱਥਾ ਰੱਖਦੀਆਂ ਹਨ। ਇਸ ਵੇਲੇ ਕੈਮਰਾ ਸੰਚਾਰ ਵਿਧੀਆਂ ਦਾ ਤਾਜ ਹੈ।



Sri Satguru Jagjit Singh Ji eLibrary NamdhariElibrary@gmail.com

ਵੱਡੀ ਉਮਰ ਦੇ ਇੱਕ ਵਿਅਕਤੀ ਨੇ ਮੈਥੋਂ ਦਫ਼ਤਰ ਤੋਂ ਬਾਅਦ ਮਿਲਣ ਦਾ ਸਮਾਂ ਮੰਗਿਆ। ਉਹ ਕਹਿੰਦਾ, "ਪਿੰਡ ਵਿੱਚ ਦੋ ਸਕੇ ਭਰਾ ਵੱਡੀ ਮਾਤਰਾ ਵਿੱਚ ਨਸ਼ਾ ਵੇਚ ਰਹੇ ਹਨ। ਮੋਬਾਇਲ ਫ਼ੋਨ 'ਤੇ ਗੱਲ-ਬਾਤ ਹੋ ਜਾਂਦੀ ਹੈ, ਉਸ ਨੂੰ ਘਰ ਦੇ ਨੇੜੇ ਹੀ ਬੀਹੀ ਵਿੱਚ ਸੱਦ ਲੈਂਦੇ ਹਨ। ਇੱਕ ਜਣਾ ਕੋਠੇ ਚੜ੍ਹ ਕੇ ਵੇਖਦਾ ਹੈ ਤੇ ਉਸ ਨੂੰ ਥਾਂ ਬਦਲਣ ਲਈ ਆਖਦਾ ਹੈ, ਓਥੇ ਪਹਿਲਾਂ ਹੀ ਖੜ੍ਹਾ ਦੂਜਾ ਭਰਾ ਉਸ ਨੂੰ ਝੱਟ-ਪੱਟ ਨਸ਼ਾ ਫੜਾ ਦਿੰਦਾ ਹੈ। ਬਸ ਮੋਟਰਸਾਈਕਲ ਦੀ ਧੂੜ ਹੀ ਵਿਖਾਈ ਦਿੰਦੀ ਹੈ। ਦਿਨ ਛਿਪੇ ਤੋਂ ਬਾਅਦ ਖੇਤਾਂ ਵਾਲੇ ਰਾਹ ਤੇ ਖੰਡਰ ਹੋ ਚੁੱਕੇ ਖੂਹ 'ਤੇ ਸੱਦ ਲੈਂਦੇ ਹਨ, ਇੱਕ ਮੋਟਰਸਾਈਕਲ ਚਲਾ ਜਾਂਦਾ ਹੈ ਤੇ ਦੋ ਆ ਜਾਂਦੇ ਹਨ। ਕਾਰਾਂ 'ਤੇ ਆਉਣ ਵਾਲੇ ਬੰਦੇ ਸਿਵਿਆਂ ਕੋਲ ਰੁਕ ਜਾਂਦੇ ਹਨ। ਕਈ ਵਾਰ ਪਤਾ ਹੀ ਨਹੀਂ ਲਗਦਾ ਕਿ ਕੌਣ ਸਿਵਾ ਠੰਢਾ ਹੋਣ ਦੀ ਉਡੀਕ ਕਰਦਾ ਹੈ ਤੇ ਕੌਣ ਨਸ਼ਾ ਵੇਚਣ-ਖਰੀਦਣ ਦੀ ਤਾਕ ਵਿੱਚ ਹੈ। ਛੋਟਾ ਭਰਾ ਇੱਕ ਵਾਰ ਜੇਲ੍ਹ ਗਿਆ ਸੀ, ਆ ਕੇ ਫਿਰ ਲੱਗ ਗਿਆ। ਪਹਿਲਾਂ ਤਾਂ ਬਾਹਰ ਦੇ ਲੋਕ ਹੀ ਲੈ ਕੇ ਜਾਂਦੇ ਸਨ, ਹੁਣ ਪਿੰਡ ਦੇ ਮੁੰਡੇ ਵੀ ਸਮੈਕ ਪੀਣ ਲੱਗ ਪਏ ਹਨ। ਪਿੰਡ ਦੇ ਵਿਚਕਾਰ ਢੱਠੇ ਤੇ ਖੋਲ਼ੇ ਬਣੇ ਘਰ ਵਿੱਚ ਦੇਰ ਰਾਤ ਤੱਕ ਸੂਟੇ ਲੱਗਦੇ ਰਹਿੰਦੇ ਹਨ। ਕਈ ਵਿਹੜਿਆਂ ਦੇ ਦਰਖ਼ਤ ਸੁੱਕ ਗਏ ਹਨ। ਆਉਣਾ ਤਾਂ ਨਹੀਂ ਸੀ ਪਰ ਮੈਥੋਂ ਰਿਹਾ ਨਹੀਂ ਗਿਆ।" ਬਿੰਦੂ ਮਿਲਾ-ਮਿਲਾ ਕੇ ਚਿੱਤਰ ਬਣਾਉਂਦੇ ਬੱਚਿਆਂ ਵਾਂਗ ਅਜਿਹੇ ਪਿੰਡ ਦੇ ਕੋਠੇ-ਕੋਠੇ ਤੋਂ ਵੀਡਿਓ ਕੈਮਰਾ ਘੁੰਮਾ ਕੇ ਇਸ ਤਸਵੀਰ ਨੂੰ ਉੱਕਰਿਆ ਜਾ ਸਕਦਾ ਹੈ।

ਤਿੰਨ ਵਰ੍ਹੇ ਪੁਰਾਣੀ ਗੱਲ ਹੈ, ਕਲਾਨੌਰ ਦੇ ਇੱਕ ਸਟੇਡੀਅਮ ਵਿੱਚ ਫੁੱਟਬਾਲ ਖੇਡ ਹਟੇ ਨੌਜਵਾਨਾਂ ਨਾਲ ਗੱਲਾਂ ਕਰਨ ਲਈ ਮੈਂ ਉਨ੍ਹਾਂ ਨੂੰ ਸਟੇਡੀਅਮ ਦੀਆਂ ਪੌੜੀਆਂ 'ਤੇ ਬਿਠਾ ਲਿਆ। ਸੂਰਜ ਛੁਪ ਚੁੱਕਾ ਸੀ, ਘਸਮੈਲੀ ਲਾਲੀ ਨੂੰ ਵੇਖਦਿਆਂ-ਵੇਖਦਿਆਂ, ਮੈਂ ਵੇਖਿਆ ਕਿ ਇੱਕ ਸ਼ਰਾਬੀ ਕੁਝ ਬੋਲਦਾ-ਬੋਲਦਾ ਪਿੱਛੇ ਆ ਕੇ ਬੈਠ ਗਿਆ। ਉਸ ਵੱਲ ਵੇਖ ਕੇ ਕੁਝ ਮੁੰਡੇ ਹੱਸ ਪਏ ਸਨ। ਇਸ ਹਾਸੇ ਨੇ ਪੰਜਾਬੀਆਂ ਨੂੰ ਜਿਨ੍ਹਾਂ ਰਵਾਇਆ ਹੈ, ਉਸ ਦਾ ਅੰਦਾਜ਼ਾ ਲਾਉਣਾ ਔਖਾ ਕੰਮ ਹੈ। ਅਮਲੀਆਂ ਤੇ ਸ਼ਰਾਬੀਆਂ ਨੂੰ ਮਹਿਫ਼ਲਾਂ, ਸਟੇਜਾਂ ਤੇ ਸਕਰੀਨ ਉੱਤੇ ਨਿਰੋਲ ਹਾਸੇ ਮਜ਼ਾਕ ਲਈ ਹੀ ਵਰਤ ਲੈਣਾ ਅਥਾਹ ਮੰਦਭਾਗਾ ਹੈ। ਵਟਸਐਪ 'ਤੇ ਇੱਕ ਸੁਨੇਹਾ ਪੜ੍ਹਿਆ, ਸਿਰਲੇਖ ਸੀ - ਇੱਕੋ ਨੁਕਤੇ ਤੇ ਫੋਕਸ। ਇੱਕ ਬੰਗਾਲੀ ਵਿਅਕਤੀ ਕਹਿੰਦਾ ਹੈ, 'ਮੇਰੇ ਦਾਦਾ ਜੀ ਪਚਾਨਵੇਂ ਵਰ੍ਹੇ ਜੀਵੇ ਪਰ ਉਨ੍ਹਾਂ ਕਦੇ ਗਲਾਸਿਜ਼ ਦੀ ਵਰਤੋਂ ਨਹੀਂ ਕੀਤੀ।' ਪੰਜਾਬੀ ਉੱਤਰ ਦਿੰਦਾ ਹੈ। 'ਮੇਰੇ ਪਰਿਵਾਰ ਵਿੱਚ ਵੀ ਦੋ-ਤਿੰਨ ਜਣੇ ਬੋਤਲ ਨੂੰ ਮੂੰਹ ਲਾ ਕੇ ਪੀਂਦੇ ਹਨ।' ਦਰਅਸਲ ਬੰਗਾਲੀ ਵਿਅਕਤੀ ਨੇ ਗਲਾਸਿਜ਼ ਸ਼ਬਦ ਦੀ ਵਰਤੋਂ ਐਨਕਾਂ ਲਈ ਕੀਤੀ ਸੀ। ਅਜਿਹੀਆਂ ਹੀਣ-ਭਾਵਨਾ ਵਾਲੀਆਂ ਧਾਰਨਾਵਾਂ ਹੋਂਦ



Sri Satguru Jagjit Singh Ji eLibrary NamdhariElibrary@gmail.com

ਵੱਡੀ ਉਮਰ ਦੇ ਇੱਕ ਵਿਅਕਤੀ ਨੇ ਮੈਥੋਂ ਦਫ਼ਤਰ ਤੋਂ ਬਾਅਦ ਮਿਲਣ ਦਾ ਸਮਾਂ ਮੰਗਿਆ। ਉਹ ਕਹਿੰਦਾ, "ਪਿੰਡ ਵਿੱਚ ਦੋ ਸਕੇ ਭਰਾ ਵੱਡੀ ਮਾਤਰਾ ਵਿੱਚ ਨਸ਼ਾ ਵੇਚ ਰਹੇ ਹਨ। ਮੋਬਾਇਲ ਫ਼ੋਨ 'ਤੇ ਗੱਲ-ਬਾਤ ਹੋ ਜਾਂਦੀ ਹੈ, ਉਸ ਨੂੰ ਘਰ ਦੇ ਨੇੜੇ ਹੀ ਬੀਹੀ ਵਿੱਚ ਸੱਦ ਲੈਂਦੇ ਹਨ। ਇੱਕ ਜਣਾ ਕੋਠੇ ਚੜ੍ਹ ਕੇ ਵੇਖਦਾ ਹੈ ਤੇ ਉਸ ਨੂੰ ਥਾਂ ਬਦਲਣ ਲਈ ਆਖਦਾ ਹੈ, ਓਥੇ ਪਹਿਲਾਂ ਹੀ ਖੜ੍ਹਾ ਦੂਜਾ ਭਰਾ ਉਸ ਨੂੰ ਝੱਟ-ਪੱਟ ਨਸ਼ਾ ਫੜਾ ਦਿੰਦਾ ਹੈ। ਬਸ ਮੋਟਰਸਾਈਕਲ ਦੀ ਧੂੜ ਹੀ ਵਿਖਾਈ ਦਿੰਦੀ ਹੈ। ਦਿਨ ਛਿਪੇ ਤੋਂ ਬਾਅਦ ਖੇਤਾਂ ਵਾਲੇ ਰਾਹ ਤੇ ਖੰਡਰ ਹੋ ਚੁੱਕੇ ਖੂਹ 'ਤੇ ਸੱਦ ਲੈਂਦੇ ਹਨ, ਇੱਕ ਮੋਟਰਸਾਈਕਲ ਚਲਾ ਜਾਂਦਾ ਹੈ ਤੇ ਦੋ ਆ ਜਾਂਦੇ ਹਨ। ਕਾਰਾਂ 'ਤੇ ਆਉਣ ਵਾਲੇ ਬੰਦੇ ਸਿਵਿਆਂ ਕੋਲ ਰੁਕ ਜਾਂਦੇ ਹਨ। ਕਈ ਵਾਰ ਪਤਾ ਹੀ ਨਹੀਂ ਲਗਦਾ ਕਿ ਕੌਣ ਸਿਵਾ ਠੰਢਾ ਹੋਣ ਦੀ ਉਡੀਕ ਕਰਦਾ ਹੈ ਤੇ ਕੌਣ ਨਸ਼ਾ ਵੇਚਣ-ਖਰੀਦਣ ਦੀ ਤਾਕ ਵਿੱਚ ਹੈ। ਛੋਟਾ ਭਰਾ ਇੱਕ ਵਾਰ ਜੇਲ੍ਹ ਗਿਆ ਸੀ, ਆ ਕੇ ਫਿਰ ਲੱਗ ਗਿਆ। ਪਹਿਲਾਂ ਤਾਂ ਬਾਹਰ ਦੇ ਲੋਕ ਹੀ ਲੈ ਕੇ ਜਾਂਦੇ ਸਨ, ਹੁਣ ਪਿੰਡ ਦੇ ਮੁੰਡੇ ਵੀ ਸਮੈਕ ਪੀਣ ਲੱਗ ਪਏ ਹਨ। ਪਿੰਡ ਦੇ ਵਿਚਕਾਰ ਢੱਠੇ ਤੇ ਖੋਲ਼ੇ ਬਣੇ ਘਰ ਵਿੱਚ ਦੇਰ ਰਾਤ ਤੱਕ ਸੂਟੇ ਲੱਗਦੇ ਰਹਿੰਦੇ ਹਨ। ਕਈ ਵਿਹੜਿਆਂ ਦੇ ਦਰਖ਼ਤ ਸੁੱਕ ਗਏ ਹਨ। ਆਉਣਾ ਤਾਂ ਨਹੀਂ ਸੀ ਪਰ ਮੈਥੋਂ ਰਿਹਾ ਨਹੀਂ ਗਿਆ।" ਬਿੰਦੂ ਮਿਲਾ-ਮਿਲਾ ਕੇ ਚਿੱਤਰ ਬਣਾਉਂਦੇ ਬੱਚਿਆਂ ਵਾਂਗ ਅਜਿਹੇ ਪਿੰਡ ਦੇ ਕੋਠੇ-ਕੋਠੇ ਤੋਂ ਵੀਡਿਓ ਕੈਮਰਾ ਘੁੰਮਾ ਕੇ ਇਸ ਤਸਵੀਰ ਨੂੰ ਉੱਕਰਿਆ ਜਾ ਸਕਦਾ ਹੈ।

ਤਿੰਨ ਵਰ੍ਹੇ ਪੁਰਾਣੀ ਗੱਲ ਹੈ, ਕਲਾਨੌਰ ਦੇ ਇੱਕ ਸਟੇਡੀਅਮ ਵਿੱਚ ਫੁੱਟਬਾਲ ਖੇਡ ਹਟੇ ਨੌਜਵਾਨਾਂ ਨਾਲ ਗੱਲਾਂ ਕਰਨ ਲਈ ਮੈਂ ਉਨ੍ਹਾਂ ਨੂੰ ਸਟੇਡੀਅਮ ਦੀਆਂ ਪੌੜੀਆਂ 'ਤੇ ਬਿਠਾ ਲਿਆ। ਸੂਰਜ ਛੁਪ ਚੁੱਕਾ ਸੀ, ਘਸਮੈਲੀ ਲਾਲੀ ਨੂੰ ਵੇਖਦਿਆਂ-ਵੇਖਦਿਆਂ, ਮੈਂ ਵੇਖਿਆ ਕਿ ਇੱਕ ਸ਼ਰਾਬੀ ਕੁਝ ਬੋਲਦਾ-ਬੋਲਦਾ ਪਿੱਛੇ ਆ ਕੇ ਬੈਠ ਗਿਆ। ਉਸ ਵੱਲ ਵੇਖ ਕੇ ਕੁਝ ਮੁੰਡੇ ਹੱਸ ਪਏ ਸਨ। ਇਸ ਹਾਸੇ ਨੇ ਪੰਜਾਬੀਆਂ ਨੂੰ ਜਿਨ੍ਹਾਂ ਰਵਾਇਆ ਹੈ, ਉਸ ਦਾ ਅੰਦਾਜ਼ਾ ਲਾਉਣਾ ਔਖਾ ਕੰਮ ਹੈ। ਅਮਲੀਆਂ ਤੇ ਸ਼ਰਾਬੀਆਂ ਨੂੰ ਮਹਿਫ਼ਲਾਂ, ਸਟੇਜਾਂ ਤੇ ਸਕਰੀਨ ਉੱਤੇ ਨਿਰੋਲ ਹਾਸੇ ਮਜ਼ਾਕ ਲਈ ਹੀ ਵਰਤ ਲੈਣਾ ਅਥਾਹ ਮੰਦਭਾਗਾ ਹੈ। ਵਟਸਐਪ 'ਤੇ ਇੱਕ ਸੁਨੇਹਾ ਪੜ੍ਹਿਆ, ਸਿਰਲੇਖ ਸੀ – ਇੱਕੋ ਨੁਕਤੇ ਤੇ ਫੋਕਸ। ਇੱਕ ਬੰਗਾਲੀ ਵਿਅਕਤੀ ਕਹਿੰਦਾ ਹੈ, 'ਮੇਰੇ ਦਾਦਾ ਜੀ ਪਚਾਨਵੇਂ ਵਰ੍ਹੇ ਜੀਵੇ ਪਰ ਉਨ੍ਹਾਂ ਕਦੇ ਗਲਾਸਿਜ਼ ਦੀ ਵਰਤੋਂ ਨਹੀਂ ਕੀਤੀ।' ਪੰਜਾਬੀ ਉੱਤਰ ਦਿੰਦਾ ਹੈ। 'ਮੇਰੇ ਪਰਿਵਾਰ ਵਿੱਚ ਵੀ ਦੋ-ਤਿੰਨ ਜਣੇ ਬੋਤਲ ਨੂੰ ਮੂੰਹ ਲਾ ਕੇ ਪੀਂਦੇ ਹਨ।' ਦਰਅਸਲ ਬੰਗਾਲੀ ਵਿਅਕਤੀ ਨੇ ਗਲਾਸਿਜ਼ ਸ਼ਬਦ ਦੀ ਵਰਤੋਂ ਐਨਕਾਂ ਲਈ ਕੀਤੀ ਸੀ। ਅਜਿਹੀਆਂ ਹੀਣ-ਭਾਵਨਾ ਵਾਲੀਆਂ ਧਾਰਨਾਵਾਂ ਹੋਂਦ



Sri Satguru Jagjit Singh Ji eLibrary NamdhariElibrary@gmail.com

ਵਿੱਚ ਕਿਵੇਂ ਆਈਆਂ। ਪਿਛਲੇ ਪੰਦਰਾਂ-ਵੀਹ ਵਰ੍ਹਿਆਂ ਵਿੱਚ ਪੰਜਾਬ ਦੇ ਹਰ ਪਿੰਡ ਵਿੱਚ ਔਸਤਨ ਪੰਜ ਤੋਂ ਦਸ ਵਿਅਕਤੀ ਸ਼ਰਾਬ ਪੀ-ਪੀ ਕੇ ਜਿਗਰ ਦੀ ਬਿਮਾਰੀ ਕਾਰਨ ਚਾਲੀ-ਪੰਜਤਾਲੀ ਸਾਲ ਦੀ ਉਮਰ ਵਿੱਚ ਹੀ ਸਰੀਰ ਛੱਡ ਗਏ। ਉਹ ਬੋਤਲਾਂ ਪੀਂਦੇ ਰਹੇ ਅਤੇ ਬੋਤਲਾਂ ਜ਼ਮੀਨਾਂ ਜਾਇਦਾਦਾਂ ਪੀਂਦੀਆਂ ਰਹੀਆਂ। ਅਜਿਹੇ ਪਰਿਵਾਰਾਂ ਦੀਆਂ ਔਰਤਾਂ ਅਤੇ ਬੱਚਿਆਂ ਦੀ ਦਾਸਤਾਨ ਕੈਮਰੇ ਲਈ ਅਤੀ ਗੰਭੀਰ ਵਿਸ਼ਾ ਹੈ। ਸ਼ਰਾਬ ਵਿਰੁੱਧ ਪ੍ਰਭਾਵਸ਼ਾਲੀ ਸੁਨੇਹਿਆਂ ਦੀ ਲੋੜ ਹੈ; ਸ਼ਰਾਬ ਦਾ ਬਹੁਤ ਵੱਧ ਸੇਵਨ ਕਈ ਪਰਿਵਾਰਕ ਤੇ ਸਮਾਜਿਕ ਸਮੱਸਿਆਵਾਂ ਲਈ ਜ਼ਰਖੇਜ਼ ਜ਼ਮੀਨ ਹੈ।

ਅੱਜ ਵਿਆਹ ਦਾ ਹਰੇਕ ਸਮਾਗਮ ਭਾਰੇ ਖਾਣਿਆਂ, ਸ਼ਰਾਬ ਤੇ ਧੂਮ-ਧੜੱਕੇ ਨਾਲ ਭਰਪੂਰ ਹੈ। ਲੇਡੀਜ਼ ਸੰਗੀਤ ਦਰਅਸਲ, ਲਿੱਪਦੇ ਚੁੱਲ੍ਹੇ-ਚੌਂਕਿਆਂ, ਰੰਗ ਹੁੰਦੇ ਬਨੇਰਿਆਂ, ਘਰ ਵਿੱਚ ਪੱਕਦੇ ਪਕਵਾਨਾਂ ਦੀਆਂ ਖ਼ੁਸ਼ਬੋਆਂ, ਬੂਹੇ ਵੜਦੇ ਪ੍ਰਾਹੁਣਿਆਂ ਦੇ ਰੰਗ-ਬਰੰਗੇ ਪਹਿਰਾਵਿਆਂ ਅਤੇ ਮਨ ਵਿੱਚ ਉਮੜਦੀਆਂ ਉਮੰਗਾਂ ਤੇ ਖ਼ੁਸ਼ੀਆਂ ਦਾ ਔਰਤਾਂ ਵੱਲੋਂ ਲੈਅ ਬੱਧ ਤੇ ਸੰਗੀਤਕ ਪ੍ਰਗਟਾਵਾ ਹੈ। ਸਿੱਠਣੀਆਂ ਤੇ ਲੰਮੀ ਹੇਕ ਵਾਲੇ ਗੀਤ, ਦਰਅਸਲ ਇਹ ਔਰਤਾਂ ਦਾ ਤਿਉਹਾਰ ਸੀ ਜੋ ਅਸੀਂ ਖੁੱਲ੍ਹਾ ਖਾਣ-ਪੀਣ ਅਤੇ ਡੀ.ਜੇ. ਲਾ ਕੇ ਖਰੂਦ ਕਰਨ ਵੱਲ ਮੋੜ ਲਿਆ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਹਮਲਾਵਰ ਪੰਜਾਬ ਦੀਆਂ ਧੀਆਂ ਨੂੰ ਜ਼ੋਰੀਂ ਚੁੱਕ ਲੈਂਦੇ ਸਨ, ਉਦੋਂ ਕੁੜੀਆਂ ਪੱਗ ਵਾਲੇ ਵਿਅਕਤੀ ਨੂੰ ਵੇਖ ਕੇ ਆਪਣੇ-ਆਪ ਨੂੰ ਸੁਰੱਖਿਅਤ ਸਮਝਦੀਆਂ ਸਨ। ਅੱਜ ਅਸੀਂ ਔਰਤਾਂ ਦੇ ਹੀ ਸਮਾਗਮ ਵਿੱਚ 'ਆ ਗਏ ਪੱਗਾਂ ਪੋਚਵੀਆਂ ਵਾਲੇ, ਰਹੀ ਬਚ ਕੇ ਨੀ ਰੰਗਲੇ ਦੁਪੱਟੇ ਵਾਲੀਏ' ਅਜਿਹੇ ਐਲਾਨ ਵਾਰ-ਵਾਰ ਕਰ ਰਹੇ ਹਾਂ। ਬਿਗਾਨੀ ਧਰਤੀ 'ਤੇ ਇੱਕ ਗੋਰੇ ਵਿਅਕਤੀ ਨੇ ਪੰਜਾਬੀ ਪਰਿਵਾਰ ਵੱਲੋਂ ਕੱਢੀ ਜਾ ਰਹੀ ਜਾਗੋ ਨੂੰ ਵੇਖ ਕੇ ਪੁਲੀਸ ਨੂੰ ਫ਼ੋਨ ਕਰ ਦਿੱਤਾ ਸੀ ਕਿ ਇੱਕ ਔਰਤ ਦੇ ਸਿਰ ਨੂੰ ਅੱਗ ਲੱਗੀ ਹੋਈ ਹੈ ਬਾਕੀ ਜਣੀਆਂ ਉਸ ਦੇ ਆਸੇ-ਪਾਸੇ ਨੱਚੀ ਜਾਂਦੀਆਂ ਹਨ। ਇੱਕ-ਦੋ ਦੇ ਹੱਥ ਸੋਟੀਆਂ ਵੀ ਹਨ। ਉਸ ਨੇ ਬਾਹਰ ਝਾਤੀ ਮਾਰ ਕੇ ਘਬਰਾਈ ਆਵਾਜ਼ ਵਿੱਚ ਆਖਿਆ। ਸੱਚ-ਮੁੱਚ ਅੱਜ ਸਾਡਾ ਵਿਰਸਾ ਤੇ ਸੱਭਿਆਚਾਰ ਅੱਗ ਦੀ ਲਪੇਟ ਵਿੱਚ ਹੈ। ਕੀ ਕੋਈ ਲਘੂ ਫਿਲਮ ਇਸ ਅੱਗ ਨੂੰ ਬੁਝਾ ਸਕੇਗੀ, ਕੀ ਅਸੀਂ ਅਜਿਹੇ ਇੱਕ ਵੀ ਸਮਾਗਮ ਦਾ ਆਕਾਰ ਨਜ਼ਦੀਕੀ ਰਿਸ਼ਤੇਦਾਰਾਂ ਤੇ ਗੁਆਂਢੀਆਂ ਤੱਕ ਸੀਮਤ ਰੱਖ ਕੇ, ਮੀਟ-ਮੱਛੀ, ਸ਼ਰਾਬ ਤੇ ਭੈੜੀ ਸ਼ਬਦਾਵਲੀ ਵਾਲੇ ਗੀਤਾਂ ਤੋਂ ਮੁਕਤ ਕਰਵਾ ਸਕਾਂਗੇ।

ਗੀਤਾਂ ਦੀ ਉਤੇਜਿਤ, ਭੜਕਾਊ ਤੇ ਹਿੰਸਕ ਸ਼ਬਦਾਵਲੀ ਅਤੇ ਪੇਸ਼ਕਾਰੀ ਨੇ ਔਰਤਾਂ ਦੀ ਸਮੁੱਚੀ ਸ਼ਖ਼ਸੀਅਤ ਤੇ ਸਵੈ-ਮਾਣ ਨੂੰ ਖੋਰਾ ਲਾਇਆ ਹੈ। ਪੁਰਾਣੇ ਸਮਿਆਂ ਵਿੱਚ ਜਦ ਮੁੰਡੇ ਨੂੰ ਸ਼ਗਨ ਲਗਦਾ ਤਾਂ ਬਨ੍ਹੇਰਿਆਂ ਤੋਂ ਗੀਤ ਗੂੰਜਦੇ, 'ਸ਼ੁੱਭ



Sri Satguru Jagjit Singh Ji eLibrary NamdhariElibrary@gmail.com

ਕਾਰਜ ਤੇਰਾ ਹੋ ਰਿਹੈ ਪੁੱਤਰ ਤੂੰ ਕਿਹੜੀ ਕੁੱਖ ਦਾ, ਪੱਤੇ ਵਜਾਵਣ ਤਾਲੀਆਂ ਹਰ ਟਾਹਣ ਝੂੰਮੇ ਰੁੱਖ ਦਾ।' ਦਰਵਾਜ਼ਿਆਂ 'ਤੇ ਕੇਲੇ ਅਤੇ ਰੰਗ-ਬਰੰਗੀਆਂ ਝੰਡੀਆਂ ਵਾਲੇ ਅਜਿਹੇ ਘਰਾਂ ਅੱਗੋਂ ਲੋਕ ਦੁਆਵਾਂ ਦਿੰਦੇ ਲੰਘਦੇ। ਜਦੋਂ ਮੈਂ ਵਿਦਿਆਰਥੀ ਸੀ ਤਾਂ ਬੱਸ ਦਾ ਡਰਾਇਵਰ ਅਕਸਰ ਹੀ ਕੁਲਦੀਪ ਮਾਣਕ ਦੇ ਗੀਤਾਂ ਦੀ ਕੈਸਟ ਲਾ ਲੈਂਦਾ ਸੀ। 'ਸਿੰਘਾਂ ਨੂੰ ਲਲਕਾਰਦੀ ਅੱਜ ਭਾਗੋ ਮਾਈ, ਗੁਰੂ ਤੋਂ ਬੇ-ਮੁੱਖ ਹੁੰਦਿਆਂ ਥੋਨੂੰ ਸ਼ਰਮ ਨਾ ਆਈ ਈ।' ਜਦ ਇਹ ਗੀਤ ਗੂੰਜਦਾ ਤਾਂ ਬੱਸ ਵਿੱਚ ਬੈਠੀਆਂ ਕਾਲਜ ਦੀਆਂ ਵਿਦਿਆਰਥਣਾਂ ਆਪਣੇ ਸਿਰਾਂ 'ਤੇ ਲਈਆਂ ਚੁੰਨੀਆਂ ਠੀਕ ਕਰਨ ਲੱਗ ਜਾਂਦੀਆਂ ਸਨ। ਲੇਕਿਨ ਮੌਜੂਦਾ ਗਾਇਕੀ ਨੇ ਹਥਿਆਰਾਂ ਦੀਆਂ ਕਿਸਮਾਂ ਤੇ ਸ਼ਰਾਬ ਦੀਆਂ ਬੋਤਲਾਂ ਦੀ ਕੀਮਤ ਤੇ ਨਵੀਂ ਪੀੜ੍ਹੀ ਦੇ ਮੁੰਡਿਆਂ ਨੂੰ ਫੁੱਲਾਂ ਤੇ ਫ਼ਸਲਾਂ ਦੇ ਨਾਮ ਭੁਲਾ ਦਿੱਤੇ ਹਨ।

ਵਿਆਹਾਂ ਤੇ ਅਥਾਹ ਖ਼ਰਚੇ ਸਭ ਤੋਂ ਵੱਡੀ ਚੁਣੌਤੀ ਹੈ। ਪੁਰਾਣੇ ਸਮਿਆਂ ਵਿੱਚ ਮਠਿਆਈ, ਲੱਡੂ-ਜਲੇਬੀਆਂ ਤੇ ਪਕੌੜੀਆਂ-ਸ਼ਕਰਪਾਰਿਆਂ ਤੱਕ ਹੀ ਸੀਮਤ ਸੀ। ਵੱਧ ਤੋਂ ਵੱਧ, ਦੁੱਧ ਦੀ ਬਰਫ਼ੀ ਬਣਾ ਲਈ ਜਾਂਦੀ ਸੀ। ਉਹ ਸਮਾਂ ਕਿੱਥੇ ਚਲਾ ਗਿਆ ਜਦੋਂ ਦੋ ਜਲੇਬੀਆਂ ਤੇ ਇੱਕ ਲੱਡੂ, ਦਾਲ-ਰੋਟੀ ਨਾਲ ਹੀ ਵਰਤਾ ਦਿੱਤੇ ਜਾਂਦੇ ਸਨ। ਹੁਣ ਅਸੀਂ ਖਾਣਿਆਂ ਦਾ ਦਾਇਰਾ ਬਹੁਤ ਵਧਾ ਲਿਆ ਹੈ, ਚਾਈਨਜ਼, ਇਟਾਲੀਅਨ, ਰਸ਼ੀਅਨ, ਸਾਊਥ ਇੰਡੀਅਨ ਅਤੇ ਸੀ-ਫੂਡਜ਼ ਨੂੰ ਵੀ ਖਿੱਚ-ਧੂਹ ਕੇ ਖਾਣਿਆਂ ਵਿੱਚ ਸ਼ਾਮਲ ਕਰ ਲਿਆ ਹੈ। ਪਿਛਲੇ ਮਹੀਨੇ ਦੋ ਵਿਆਹ ਵੇਖਣ ਦਾ ਮੌਕਾ ਮਿਲਿਆ, ਇੱਕ ਦਾ ਖ਼ਰਚਾ ਕਰੋੜ ਤੇ ਦੂਜੇ ਦਾ ਪੰਜਾਹ ਹਜ਼ਾਰ ਦੇ ਲਗਭਗ ਰਿਹਾ। ਪਹਿਲੇ ਵਿਆਹ ਵਿੱਚ ਬਾਪ ਵੱਲੋਂ ਸੜਕ ਤੇ ਲਗਦਾ ਇੱਕ ਖੇਤ ਵੇਚਿਆ ਗਿਆ। ਦੋ ਹਜ਼ਾਰ ਪ੍ਰਤੀ ਪਲੇਟ ਦੇ ਹਿਸਾਬ ਨਾਲ ਤੇਈ ਸੌ ਪਲੇਟਾਂ ਦਾ ਖ਼ਰਚਾ ਛਿਆਲੀ ਲੱਖ ਰੁਪਏ ਹੋਇਆ। ਬਾਕੀ ਖ਼ਰਚਾ ਪੈਲਸ ਦਾ ਕਿਰਾਇਆ, ਸੋਨਾ, ਸ਼ਰਾਬ ਤੇ ਹੋਰ ਸਮਾਗਮਾਂ 'ਤੇ ਹੋਇਆ। ਦੂਜੇ ਵਿਆਹ ਵਿੱਚ ਗੁਰੂ ਘਰ ਅਨੰਦ ਕਾਰਜ ਹੋਣ ਉਪਰੰਤ ਲੰਗਰ ਛਕਾਇਆ ਗਿਆ। ਪੱਚੀ ਸੌ ਰੁਪਏ ਗੁਰੂ ਘਰ ਵੱਲੋਂ ਰਸੀਦ ਕੱਟੀ ਗਈ, ਪੰਦਰਾਂ ਸੌ ਹਾਲ ਦਾ ਖ਼ਰਚਾ ਤੇ ਲੰਗਰ ਕੁੜੀ ਵਾਲਿਆਂ ਆਪ ਤਿਆਰ ਕਰਾਇਆ। ਮਾਂ ਨੇ ਆਪਣਾ ਸੋਨਾ ਪਹਿਲਾਂ ਹੀ ਧੀ ਦੀ ਝੋਲੀ ਪਾ ਦਿੱਤਾ ਸੀ। ਪੁਰਾਣੇ ਸਮਿਆਂ ਦੇ ਵਿਆਹਾਂ ਦੀਆਂ ਰਸਮਾਂ ਤੇ ਸਮਾਗਮਾਂ 'ਚੋਂ ਭਾਵਨਾਵਾਂ ਦੇ ਪ੍ਰਗਟਾਵੇ ਅਤੇ ਭਾਈਚਾਰਕ ਸਾਂਝ ਦੀ ਮਹਿਕ ਆਉਂਦੀ ਸੀ। ਉਦੋਂ ਰੁੱਸ ਜਾਣ ਵਿੱਚ ਵੀ ਨਿੱਘ ਸੀ ਤੇ ਹੁਣ ਗਲੇ ਮਿਲ ਲੈਣ ਵਿੱਚ ਵੀ ਉਦਾਸੀ ਹੈ। ਕਲਾ ਤੇ ਪੇਸ਼ਕਾਰੀ ਪੱਖੋਂ ਲਘੂ ਫਿਲਮਾਂ ਇਹ ਸਮਰੱਥਾ ਰੱਖਦੀਆਂ ਹਨ ਕਿ ਅਤੀਤ ਤੇ ਵਰਤਮਾਨ ਨੂੰ ਸਕਰੀਨ 'ਤੇ ਇੱਕੋ ਸਮੇਂ ਪੇਸ਼ ਕਰ ਕੇ ਲੋਕ-ਮਨਾਂ ਦੇ ਬੂਹਿਆਂ 'ਤੇ ਕੋਈ ਕਾਰਗਰ ਸੁਨੇਹਾ ਦਿੱਤਾ ਜਾਵੇ।

ਪੰਜਾਬੀ ਹੱਥੀਂ ਕੰਮ ਕਰਨ ਤੇ ਸਿਰੜ ਦੀ ਮਿਹਨਤ ਮੁਸ਼ੱਕਤ ਲਈ ਜਾਣੇ ਜਾਂਦੇ ਰਹੇ ਹਨ। ਲੇਕਿਨ ਇਸ ਸਮੇਂ ਅਸੀਂ ਵਿਹਲ ਤੇ ਵਿਖਾਵੇਬਾਜ਼ੀ ਦੀ ਲਪੇਟ ਵਿੱਚ



Sri Satguru Jagjit Singh Ji eLibrary NamdhariElibrary@gmail.com

ਆ ਗਏ ਹਾਂ। ਪੰਜਾਬੀਅਤ ਨੂੰ ਕਿਰਤ ਦੀ ਗੁੜ੍ਹਤੀ ਦਾ ਮਾਣ ਹਾਸਲ ਹੈ। ਟਾਹਲੀਆਂ ਵਾਲਾ ਖੇਤ, ਵਗਦੇ ਹਲ਼, ਖੇਤ ਵਾਹੁੰਦਾ ਟਰੈਕਟਰ, ਕਣਕ ਦੇ ਖੇਤ ਦੀ ਕਟਾਈ ਕਰਦੀ ਕੰਬਾਇਨ, ਟਿਊਬਵੈੱਲ ਦੇ ਕੋਠੇ ਲਾਗੇ ਮਾਲਟਿਆਂ ਦੇ ਬੂਟੇ, ਬਾਜਰੇ ਦੇ ਖੇਤ 'ਚੋਂ ਛਣ ਕੇ ਕਾਮਿਆਂ ਦੇ ਚਿਹਰਿਆਂ ਤੇ ਪੈਂਦੀਆਂ ਸੂਰਜ ਦੀਆਂ ਕਿਰਨਾਂ, ਮਿੱਠੀ-ਮਿੱਠੀ ਰੁੱਤ ਬਰਸੀਮ ਦੇ ਖੇਤ ਨੂੰ ਲਗਦਾ ਪਹਿਲਾ ਪਾਣੀ, ਭਰੇ ਕਿਆਰੇ ਵਿੱਚ ਦਿਸਦਾ ਛੁੱਪ ਗਏ ਸੂਰਜ ਦਾ ਪਰਛਾਵਾਂ ਅਤੇ ਰੈਣ ਵਸੇਰੇ ਲਈ ਨੜ੍ਹਿਆਂ ਵਿੱਚ ਛੁਪਦੀਆਂ ਮੁਰਗਾਬੀਆਂ, ਕੈਮਰਾ ਵੀਹ-ਪੱਚੀ ਮਿੰਟਾਂ ਵਿੱਚ ਹੀ ਇਨ੍ਹਾਂ ਲੜੀਆਂ ਨੂੰ ਮੋਤੀਆਂ ਵਾਂਗ ਪਰੋ ਸਕਦਾ ਹੈ। ਖੇਤੀ ਦੇ ਕੰਮਾਂ ਤੋਂ ਬੇ-ਮੁੱਖ ਹੋਈ ਜਵਾਨੀ ਦਾ ਹੱਥ ਫੜ ਕੇ ਉਨ੍ਹਾਂ ਨੂੰ ਡੂੰਘਾ ਇਹਸਾਸ ਕਰਾਉਣ ਦੀ ਲੋੜ ਹੈ। ਉਨ੍ਹਾਂ ਨੂੰ ਮਹਿਸੂਸ ਕਰਾਉਣ ਦੀ ਲੋੜ ਹੈ ਕਿ ਹੱਥੀਂ ਕੰਮ ਕਰਨ ਤੋਂ ਪਾਸਾ ਵੱਟ ਕੇ ਉਹ ਵਗਦੇ ਪਾਣੀ ਦੀ ਝਾਲ਼ ਵਿੱਚ ਫਸ ਗਏ ਹਨ। ਕੰਧਾਂ-ਕੰਧੋਲੀਆਂ ਲਿਪਦੀਆਂ ਔਰਤਾਂ, ਤਿਲ ਭੁੰਨਦੀਆਂ ਸੁਆਣੀਆਂ, ਬਾਪ ਦੀ ਰੋਟੀ ਲਈ ਖੇਤ ਨੂੰ ਜਾਂਦੀ ਬਾਲੜੀ, ਕਪਾਹ ਦੇ ਫੁੱਲਾਂ ਤੇ ਮੰਡਰਾਉਂਦੀਆਂ ਰੰਗ-ਬਿਰੰਗੀਆਂ ਤਿਤਲੀਆਂ, ਵਗਦੇ ਖਾਲ਼ ਵਿੱਚੋਂ ਪਾਣੀ ਪੀ ਕੇ ਉੱਡ ਗਈਆਂ ਚਿੜੀਆਂ- ਇੱਕ ਸਮਾਂ ਸੀ ਜਦੋਂ ਕੰਮਾਂ ਕਾਰਾਂ ਨੇ ਪੰਜਾਬੀਅਤ ਨੂੰ ਮਹਿਕਣ ਲਾ ਦਿੱਤਾ ਸੀ। ਅਤੀਤ ਦੀਆਂ ਮਿੱਠੀਆਂ ਯਾਦਾਂ ਵਰਤਮਾਨ ਦੀ ਕੁੜੱਤਣ ਨੂੰ ਘੱਟ ਕਰ ਸਕਦੀਆਂ ਹਨ। ਉਸ ਸੁੱਕੇ ਖੂਹ ਦੀ ਮੌਣ ਤੇ ਝੁੱਕ ਕੇ ਵੀ ਪਾਣੀ ਦੀ ਘੁੱਟ ਭਰੀ ਜਾ ਸਕਦੀ ਹੈ, ਜਿਸ ਨੇ ਦਹਾਕਿਆਂ ਤੱਕ ਆਪਣੇ ਠੰਡੇ-ਮਿੱਠੇ ਜਲ ਨਾਲ ਲੋਕਾਈ ਦੀ ਪਿਆਸ ਬੁਝਾਈ ਹੋਵੇ।

ਇੰਗਲੈਂਡ ਵਿੱਚ ਸਿੱਖ ਕੁੜੀਆਂ ਦਾ ਮੁਸਲਮਾਨ ਮੁੰਡਿਆਂ ਵੱਲੋਂ ਸ਼ੋਸ਼ਣ ਵਿਸ਼ੇ ਸੰਬੰਧੀ ਸਾਲ 2013 'ਚ ਬੀ. ਬੀ. ਸੀ. ਵੱਲੋਂ ਤਿਆਰ ਕੀਤੀ ਇੱਕ ਲਘੂ ਫਿਲਮ ਨੇ ਗੰਭੀਰ ਸੁਨੇਹਾ ਦਿੱਤਾ ਸੀ। ਇਸੇ ਮਹੀਨੇ ਕੈਂਸਰ ਵਿਰੁੱਧ ਸੰਸਾਰ ਪੱਧਰ 'ਤੇ ਜੱਦੋ-ਜਹਿਦ ਕਰ ਰਹੇ ਇੱਕ ਪਰਵਾਸੀ ਪੰਜਾਬੀ ਦੀ ਵਾਇਰਲ ਹੋਈ ਸਪੀਚ ਇੱਕ ਲਘੂ ਫਿਲਮ ਵਾਂਗ ਹੀ ਹੈ। ਸਮੇਂ ਦੀ ਥੋੜ੍ਹ ਅਤੇ ਸੰਚਾਰ ਦੀਆਂ ਬਹੁ-ਵਿਧੀਆਂ ਨੂੰ ਮੁੱਖ ਰੱਖਦਿਆਂ, ਲਘੂ ਫਿਲਮਾਂ ਨੂੰ ਦੂਜੀਆਂ ਸਾਹਿਤਕ ਤੇ ਸੰਚਾਰ ਵਿਧਾਵਾਂ ਤੋਂ ਪਹਿਲ ਹਾਸਲ ਹੈ। ਰੱਬ ਕਰੇ ਹਰ ਨਵੇਂ ਵਰ੍ਹੇ ਸਾਨੂੰ ਝੰਜੋੜਨ ਵਾਲੀਆਂ ਲਘੂ ਫਿਲਮਾਂ ਹੋਂਦ ਵਿੱਚ ਆਉਣ। ਦੁਧਾਰੂ ਪਸ਼ੂਆਂ, ਘੋੜਿਆਂ ਤੇ ਟਰੈਕਟਰਾਂ ਦੀਆਂ ਮੰਡੀਆਂ ਵਾਂਗ, ਕਿਤਾਬਾਂ, ਲਘੂ ਫਿਲਮਾਂ ਤੇ ਛੋਟੀਆਂ ਫਿਲਮਾਂ ਦੇ ਮੇਲੇ ਵੀ ਲੱਗਣ। ਲਘੂ ਫਿਲਮਾਂ ਨਾਲ ਜੁੜੇ ਲੋਕ ਇਸ ਵੇਲੇ ਸਮਾਜਕ ਸਰੋਕਾਰਾਂ ਨੂੰ ਉਭਾਰਨ ਲਈ ਝੰਡਾ ਬਰਦਾਰ ਹਨ।

•



Sri Satguru Jagjit Singh Ji eLibrary NamdhariElibrary@gmail.com

# ਛੈਲ ਨਵਾਬਾਂ ਦੇ ਘਰ ਢੁੱਕਣਾ

ਖੇਤਾਂ ਵਿੱਚ ਹੱਥੀਂ ਕੰਮ ਕਰਦੇ ਮਿਹਨਤ-ਮੁਸ਼ੱਕਤ ਵਿੱਚ ਰੁੱਝੇ ਲੋਕ ਕਿਰਤੀ ਅਖਵਾਏ। ਪਹੁ ਫੁੱਟਦੀ ਨੂੰ ਖੇਤ ਵਾਹੁੰਦੇ ਕਿਸਾਨ, ਹੱਥੀਂ ਕੰਮ ਕਰਦੇ ਕਾਮੇ, ਕੰਧਾਂ-ਕੋਠੇ ਲਿਪਦੀਆਂ ਔਰਤਾਂ, ਪਸ਼ੂ ਚਾਰਦੇ ਵਾਗੀ ਮੁੰਡੇ, ਆਟਾ ਪੀਂਹਦੀ ਮਸ਼ੀਨ ਦੇ ਘੁੱਗੂ ਦੀ ਅਵਾਜ਼, ਫੇਰੀ ਲਾਉਂਦੇ ਸਬਜ਼ੀ ਵੇਚਣ ਵਾਲੇ, ਮੁਹਾਰੇ ਡੁੰਗਦੇ ਪਰਿਵਾਰ, ਇੰਝ ਕੰਮੀਂ-ਧੰਦੀਂ ਲੱਗੇ ਪੰਜਾਬ ਨੇ ਜਵਾਨੀ ਨੂੰ ਜਦ ਜ਼ਿੰਦਗੀ ਦੀ ਸਟੇਜ 'ਤੇ ਪੇਸ਼ ਕੀਤਾ ਤਾਂ ਉਹ ਸਨ, ਸਾਊ ਅਤੇ ਕਾਮੇ, ਪਤਲੇ ਅਤੇ ਛਾਂਟਵੇ ਸਰੀਰਾਂ ਵਾਲੇ, ਕੁੜਤੇ-ਪਜਾਮੇ ਪਹਿਨਣ ਵਾਲੇ, ਸੁਹਜ ਤੇ ਸਲੀਕੇ ਨਾਲ ਭਰਪੂਰ, ਛੂਹਲੇ ਤੇ ਨਾਜ਼ੁਕ। ਸਮੇਂ ਦੀ ਕਰਵਟ ਵਿੱਚ ਨਵੀਂ ਪੀੜ੍ਹੀ ਖੇਤਾਂ ਨਾਲੋਂ ਟੁੱਟ ਕੇ ਹੱਥੀਂ ਕੰਮ ਕਰਨ ਤੋਂ ਵਾਂਝੀ ਰਹਿ ਗਈ। ਅਜਿਹੇ ਹਾਲਾਤ ਵਿੱਚ ਜਵਾਨੀ ਦੀ ਜੋ ਤਸਵੀਰ ਸਾਹਮਣੇ ਆਈ ਉਹ ਹੈ, ਵਿਹਲੜ ਤੇ ਬੋਝਲ, ਸਿਰ ਦੇ ਵਾਲਾਂ ਨੂੰ ਰੰਗ ਤੇ ਕੰਨਾਂ ਵਿੱਚ ਵਾਲੀਆਂ, ਟੈਟੂ ਤੇ ਫਟੀਆਂ ਜੀਨਜ਼, ਮੋਟਰ ਬਾਈਕ ਤੇ ਖੁੱਲ੍ਹੀਆਂ ਜੀਪਾਂ, ਪੀਜੇ ਤੇ ਬਰਗਰ। ਇਸ ਅਭਾਗੇ ਸਫ਼ਰ ਦੀ ਦਾਸਤਾਨ ਲੰਬੀ ਹੈ।

ਕਿਰਤ ਵਿੱਚੋਂ ਸਾਡਾ ਸੱਭਿਆਚਾਰ ਉਪਜਿਆ ਅਤੇ ਕਣਕ, ਮੱਕੀ ਤੇ ਕਪਾਹ ਦੀਆਂ ਫੁੱਟੀਆਂ ਵਾਂਗ ਕਿਰਤੀਆਂ ਤੇ ਸੁਆਣੀਆਂ ਦੇ ਹੱਥਾਂ ਵਿੱਚ ਪਰਵਾਨ ਚੜ੍ਹਿਆ। ਹੱਥੀਂ ਕੰਮ ਕਰਨ ਵਿੱਚ ਰੁੱਝਿਆ ਮਨ ਆਪਣਾ ਆਪ ਭੁੱਲ ਜਾਂਦਾ ਹੈ। ਕੁਦਰਤ ਦੇ ਰੰਗ ਉਸ ਨੂੰ ਅਮੀਰੀ ਬਖ਼ਸ਼ਦੇ ਹਨ। ਕਾਮਿਆਂ ਦੇ ਸਰੀਰਾਂ ਵਿੱਚ ਖੇੜੇ ਬਖ਼ਸ਼ਣ ਵਾਲੇ ਤੰਦਰੁਸਤ ਤੱਤ ਪੈਦਾ ਹੁੰਦੇ ਹਨ। ਇਹੋ ਕਾਰਨ ਹੈ ਕਿ ਕੰਮ ਵਿੱਚ ਰੁੱਝਿਆ ਬੰਦਾ ਰੋਟੀ ਵੇਲਾ ਭੁੱਲ ਜਾਂਦਾ ਹੈ ਤੇ ਉਸ ਕੋਲ ਪਿਆ ਚਾਹ ਦਾ ਗਲਾਸ ਠੰਢਾ ਹੋ ਜਾਂਦਾ ਹੈ। ਕੰਮ ਵਿੱਚ ਰੁੱਝੇ ਬੰਦੇ ਨੂੰ ਮਨ-ਪਰਚਾਵੇ ਅਤੇ ਸੰਗੀਤ ਦੀ ਲੋੜ ਨਹੀਂ ਪੈਂਦੀ। ਇਸ ਅਵਸਥਾ ਵਿੱਚ ਉਹ ਜੋ ਬੋਲੇਗਾ ਉਹ ਗੀਤ ਬਣੇਗਾ, ਸਾਡੇ ਲੋਕ-ਗੀਤਾਂ ਦਾ ਜਨਮ ਇੰਝ ਹੀ ਹੋਇਆ ਹੈ। ਉਹ ਗੁਣ-ਗੁਣਾਉਣ ਲਗਦਾ ਹੈ ਤੇ ਉਸ ਦੇ ਬੋਲ ਸੰਗੀਤ ਦੀ ਚਾਸ਼ਨੀ ਵਿੱਚ ਡੁੱਬੇ ਹੁੰਦੇ ਹਨ। ਪੋਹ-ਮਾਘ ਦੀ ਰਾਤ ਨੂੰ ਕਣਕ ਦੇ ਖੇਤ ਨੂੰ ਪਾਣੀ ਲਾਉਂਦੇ ਕਿਸਾਨ ਦਾ ਗਾਉਣ ਲੱਗ ਜਾਣਾ ਅਤੇ ਕਪਾਹ ਚੁੱਗਦੀਆਂ ਔਰਤਾਂ ਦੇ ਗੀਤ ਇਸੇ ਅਵਸਥਾ ਦਾ ਪ੍ਰਤੀਕ ਹਨ। 'ਜਦ ਪੈਣ ਕਪਾਹੀਂ ਫੁੱਲ ਵੇ, ਧਰਮੀ ਬਾਬਲਾ, ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ, ਧਰਮੀ ਬਾਬਲਾ',



Sri Satguru Jagjit Singh Ji eLibrary NamdhariElibrary@gmail.com

ਫ਼ਸਲਾਂ ਵਾਂਗ ਸਾਡੇ ਅਜਿਹੇ ਗੀਤ ਵੀ ਖੇਤਾਂ ਵਿੱਚੋਂ ਹੀ ਉਪਜੇ ਹਨ। ਇਨ੍ਹਾਂ ਗੀਤਾਂ ਨੂੰ ਖੇਤਾਂ ਦੇ ਸੁਹੱਪਣ ਦੀ ਛੂਹ ਅਤੇ ਰਿਸ਼ਤਿਆਂ ਦਾ ਨਿੱਘ ਪ੍ਰਾਪਤ ਹੈ। ਇੰਝ ਹੋਂਦ ਵਿੱਚ ਆਏ ਸੱਭਿਆਚਾਰ ਵਿੱਚ ਮਿੱਟੀ ਦੀ ਮਹਿਕ ਅਤੇ ਸ਼ੱਕਰ ਦੀ ਮਿਠਾਸ ਹੈ। ਕੰਮ ਤੇ ਖੇਤਾਂ ਨਾਲੋਂ ਟੁੱਟ ਕੇ ਪੰਜਾਬੀ ਗੱਭਰੂ ਵਿਰਸੇ ਤੇ ਸੱਭਿਆਚਾਰ ਦੀਆਂ ਖ਼ੁਸ਼ੀਆਂ ਅਤੇ ਖੇੜਿਆਂ ਤੋਂ ਵਾਂਝੇ ਰਹਿ ਗਏ ਹਨ। ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲੋਂ ਟੁੱਟ ਜਾਣਾ ਆਪਣੇ ਆਪ ਨਾਲੋਂ ਟੁੱਟ ਜਾਣ ਵਾਂਗ ਹੈ।

ਸੱਭਿਆਚਾਰ ਨੂੰ ਜਦ ਫੁੱਲ ਪੈਣ ਲੱਗੇ ਤਾਂ ਉਸ ਦੀ ਖ਼ੁਸ਼ਬੋ ਮੇਲਿਆਂ ਦੇ ਰੂਪ ਵਿੱਚ ਪੰਜਾਬੀਅਤ ਦੇ ਕਣ-ਕਣ ਵਿੱਚ ਵਿੱਖਰ ਗਈ। ਮੇਲੇ ਸਾਡੇ ਸੱਭਿਆਚਾਰ ਦੀ ਮਹਿਕ ਹਨ, ਸੱਭਿਆਚਾਰ ਦੀ ਜਵਾਨੀ ਮੇਲਿਆਂ ਦੇ ਰੂਪ ਵਿੱਚ ਪ੍ਰਗਟ ਹੋਈ। ਮਿਹਨਤ-ਮੁਸ਼ੱਕਤ ਤੋਂ ਬਾਅਦ ਜਦ ਮਨ ਖ਼ੁਸ਼ੀ ਵਿੱਚ ਖੀਵਾ ਹੋ ਕੇ ਨੱਚਣ-ਟੱਪਣ ਲੱਗਾ ਤਾਂ ਮੇਲਿਆਂ ਦੀ ਹੋਂਦ ਸਾਹਮਣੇ ਆਈ। ਚਿੱਟੇ ਚਾਦਰੇ, ਗਲ਼ਾਂ ਦੇ ਵਿੱਚ ਗਾਨੀਆਂ, ਮੇਲੇ ਸੁਹੱਪਣ, ਖ਼ੁਸ਼ੀਆਂ ਅਤੇ ਜ਼ਿੰਦਾਦਿਲੀ ਦਾ ਪ੍ਰਤੀਕ ਹਨ। ਵਿਸਾਖੀ, ਪੱਕੀ ਫ਼ਸਲ ਨੂੰ ਵੇਖ ਕੇ ਖ਼ੁਸ਼ੀ ਵਿੱਚ ਖੀਵੇ ਹੋਏ ਮਨ ਦੀ ਮੌਜ ਹੈ ਅਤੇ ਹੋਲਾ-ਮਹੱਲਾ ਗੁਰੂ ਸਾਹਿਬ ਵੱਲੋਂ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਹੈ। ਇਨ੍ਹਾਂ ਮੇਲਿਆਂ ਵਿੱਚ ਧਾਰਮਿਕ ਅਤੇ ਇਤਿਹਾਸਕ ਵਾਰਾਂ ਦੇ ਗਾਉਣ ਲਗਦੇ ਰਹੇ ਨੇ। ਚਿੱਠਿਆਂ ਤੇ ਰਸਾਲਿਆਂ ਦੇ ਰੂਪ ਵਿੱਚ ਸਾਹਿਤ ਦੀ ਵਿਕਰੀ ਇਨ੍ਹਾਂ ਮੇਲਿਆਂ ਦਾ ਵਿਸ਼ੇਸ਼ ਅੰਗ ਰਹੀ ਹੈ। ਇਹ ਮੇਲੇ ਮਨ ਤੇ ਤਨ ਦਾ ਰੱਜ ਹੁੰਦੇ ਸਨ। ਜਿਸ ਨੇ ਇਨ੍ਹਾਂ ਮੇਲਿਆਂ ਵਿੱਚ ਢੋਲ ਵੱਜਦਾ ਨਹੀਂ ਸੁਣਿਆ ਤੇ ਜਲੇਬੀਆਂ ਨਹੀਂ ਖਾਧੀਆਂ, ਸਮਝੋ ਉਹ ਹਾਲੇ ਪੰਜਾਬੀ ਸੱਭਿਆਚਾਰ ਦੇ ਮੀਲ-ਪੱਥਰ ਤੋਂ ਪਿਛਾਂਹ ਖੜ੍ਹਾ ਹੈ। ਲੋਕ-ਨਾਚ ਭੰਗੜਾ ਸ਼ੁਰੂ ਹੋਣ ਸਮੇਂ ਅਲਗੋਜ਼ਿਆਂ ਦੀ ਗੂੰਜ ਵਿੱਚ ਛਲਕਦੇ ਬੋਲ ਪੰਜਾਬੀ ਸੱਭਿਆਚਾਰ ਦਾ ਸਰੂਰ ਹਨ। ਪਸ਼ੂਆਂ ਦੀਆਂ ਰੰਗ-ਬਰੰਗੀਆਂ ਗਾਨੀਆਂ ਤੇ ਚਮਕਦੇ ਧਲਿਆਰੇ, ਪਸ਼ੂ-ਮੇਲੇ ਕਿਸਾਨਾਂ ਦੀ ਆਰਥਿਕਤਾ ਦੇ ਨਾਪ-ਤੋਲ ਦਾ ਪ੍ਰਤੀਕ ਮੰਨੇ ਜਾਂਦੇ ਰਹੇ ਹਨ। ਆਧੁਨਿਕ ਜ਼ਿੰਦਗੀ ਦੌਰਾਨ ਮਨ-ਪਰਚਾਵਿਆਂ ਦੇ ਅਨੇਕਾਂ ਸਾਧਨਾਂ ਦੀ ਆੜ ਵਿੱਚ ਮੇਲਿਆਂ ਦੀ ਚਮਕ ਫਿੱਕੀ ਪੈਣ ਲੱਗ ਪਈ। ਸਮੇਂ ਦੀ ਪੈੜ ਵਿੱਚ ਇਨ੍ਹਾਂ ਮੇਲਿਆਂ ਦੇ ਸਰੂਪ ਬਦਲਣ ਲੱਗੇ, ਪਸ਼ੂਆਂ ਦੀ ਥਾਂ ਟਰੈਕਟਰਾਂ ਅਤੇ ਮੋਟਰਸਾਈਕਲਾਂ ਦੀਆਂ ਮੰਡੀਆਂ ਲੱਗਦੀਆਂ ਹਨ। ਪੰਜਾਬ ਦੀ ਜਵਾਨੀ ਮੇਲਿਆਂ ਦੇ ਅਮੀਰ ਖਜ਼ਾਨੇ ਤੋਂ ਵਾਂਝੀ ਰਹਿ ਗਈ ਹੈ।

ਪੁਰਾਣੇ ਸਮਿਆਂ ਦੀ ਗੱਲ ਹੈ ਜਦੋਂ ਰਾਜੇ-ਮਹਾਰਾਜੇ ਗਵੰਤਰੀਆਂ ਤੋਂ ਗਾਉਣ ਸੁਣ ਕੇ ਮਨ-ਪਰਚਾਵਾ ਕਰਿਆ ਕਰਦੇ ਸਨ। ਅਹਿਲਕਾਰ ਰਾਜੇ ਨੂੰ ਖ਼ੁਸ਼ ਕਰਨ ਲਈ ਕਿਸੇ ਗਵੰਤਰੀ ਨੂੰ ਸੱਦਣ ਲਈ ਘਰੋਂ ਨਿਕਲੇ, ਲੇਕਿਨ ਉਹ ਮਸ਼ਹੂਰ



Sri Satguru Jagjit Singh Ji eLibrary NamdhariElibrary@gmail.com

ਗਵੰਤਰੀ ਪਹਿਲਾਂ ਹੀ ਕਿਤੇ ਗਿਆ ਹੋਇਆ ਸੀ। ਲੋਕਾਂ ਕਿਸੇ ਹੋਰ ਗਵੰਤਰੀ ਦੀ ਦੱਸ ਪਾਈ। ਜੱਕੋ-ਤੱਕੀ ਵਿੱਚ ਅਹਿਲਕਾਰ ਉਸ ਘਰ ਪਹੁੰਚੇ, ਉਹ ਝੱਟ-ਪੱਟ ਤਿਆਰ ਹੋ ਗਿਆ। ਲੇਕਿਨ ਉਹ ਦੁਚਿੱਤੀ ਵਿੱਚ ਸਨ, ਜੇ ਰਾਜੇ ਨੂੰ ਗਾਉਣ ਪਸੰਦ ਨਾ ਆਇਆ ਤਾਂ ਸ਼ਾਬਾਸ਼ ਨਰਾਜ਼ਗੀ ਵਿੱਚ ਵੀ ਬਦਲ ਸਕਦੀ ਹੈ। ਆਪਣੇ ਸਾਜ਼ਾਂ ਨੂੰ ਠੀਕ ਕਰਦਿਆਂ ਗਵੰਤਰੀ ਨੇ ਅਹਿਲਕਾਰਾਂ ਨੂੰ ਵਿਸ਼ਵਾਸ ਦੁਆਇਆ ਕਿ ਜੇ ਰਾਜਾ ਖ਼ੁਸ਼ ਨਾ ਹੋਇਆ ਤਾਂ ਨਰਾਜ਼ ਵੀ ਨਹੀਂ ਹੋਵੇਗਾ। ਤਿੰਨੋਂ ਮਹਿਲਾਂ ਵੱਲ ਚੱਲ ਪਏ। ਰਾਜੇ ਦਾ ਆਸਣ ਵੇਖਦਿਆਂ ਹੀ ਅਹਿਲਕਾਰਾਂ ਦਾ ਵਿਸ਼ਵਾਸ ਫਿਰ ਥਿੜਕਿਆ। ਗਵੰਤਰੀ ਦਾ ਆਤਮ-ਵਿਸ਼ਵਾਸ ਝੰਜੋੜਿਆ ਗਿਆ। ਇੱਥੋਂ ਵਾਪਸ ਮੁੜਨਾ ਉਸ ਨੂੰ ਆਪਣੀ ਤੌਹੀਨ ਜਾਪੀ। ਪਿੰਡ ਵਾਪਸ ਕਿਵੇਂ ਜਾਵਾਂਗਾ, ਇਹ ਸਵਾਲ ਉਸ ਦੇ ਜ਼ਹਿਨ ਵਿੱਚ ਆਇਆ ਤੇ ਉਸ ਨੂੰ ਤਹਿਸ-ਨਹਿਸ ਕਰ ਗਿਆ। ਨੀਵੀਂ ਪਾ ਕੇ ਤਰਸ ਭਰੀਆਂ ਨਜ਼ਰਾਂ ਨਾਲ ਉਸ ਨੇ ਆਪਣੇ ਸਾਜ਼ਾਂ ਨੂੰ ਵੇਖਿਆ ਅਤੇ ਅੱਖਾਂ ਉਸ ਦੀਆਂ ਭਰ ਗਈਆਂ। ਰਾਜੇ ਦੇ ਆਸਣ ਵਲ ਝਾਤੀ ਮਾਰ ਕੇ ਅਹਿਲਕਾਰਾਂ ਨੂੰ ਕਹਿਣ ਲੱਗਾ, 'ਤੁਸੀਂ ਰਾਜੇ ਦੇ ਆਸਣ ਦੇ ਆਸੇ-ਪਾਸੇ ਮੁੱਠੀ-ਮੁੱਠੀ ਰੇਤਾ ਵਿਛਾ ਦਿਉ, ਮੈਂ ਸੱਸੀ ਸੁਣਾਵਾਂਗਾ ਅਤੇ ਰੇਤੇ ਤੇ ਡਾਚੀ ਤੇ ਸੱਸੀ ਦੀਆਂ ਪੈੜਾਂ ਵਿਖਾ ਦੇਵਾਂਗਾ।' ਸੱਚ-ਮੁੱਚ ਸੰਗੀਤ ਇਸ ਤੋਂ ਵੀ ਵਧੇਰੇ ਤਾਕਤ ਰੱਖਦਾ ਹੈ। ਪਰ ਅਜੋਕੇ ਦੌਰ ਵਿੱਚ ਗੀਤਕਾਰਾਂ ਅਤੇ ਗਵੱਈਆਂ ਨੇ ਜਵਾਨੀ ਅੱਗੇ ਜੋ ਪਰੋਸਿਆ ਉਸ ਨੇ ਪੰਜਾਬ ਦੀ ਧਰਤੀ ਤੇ ਗੈਂਗਸਟਰਾਂ ਦੀਆਂ ਪੈੜਾਂ ਵਿਖਾ ਦਿੱਤੀਆਂ। ਹੁਣ ਗੀਤ ਇੰਡਸਟਰੀ ਬਣ ਗਏ ਨੇ ਜਦੋਂ ਕਿ ਗੀਤਾਂ ਦੀ ਹੋਂਦ ਤਾਂ ਪੁੰਗਰ ਰਹੇ ਬੀਜਾਂ ਵਾਂਗ ਕੋਮਲ ਤੇ ਰੂਹ ਨੂੰ ਖੇੜਾ ਦੇਣ ਵਾਂਗ ਤਾਜ਼ਗੀ ਭਰਪੂਰ ਹੋਣੀ ਚਾਹੀਦੀ ਹੈ।

ਸਰਕਾਰੀ ਸੇਵਾ ਨਿਭਾਉਂਦਿਆਂ ਨਸ਼ਿਆਂ ਅਤੇ ਜੁਰਮਾਂ ਵਿੱਚ ਫਸੇ ਨੌਜਵਾਨ ਮੇਰਾ ਵੱਡਾ ਫ਼ਿਕਰ ਰਹੇ ਹਨ। ਇੱਕ ਕਸਬੇ ਵਿੱਚ ਪੰਜ-ਛੇ ਨੌਜਵਾਨਾਂ ਤੇ ਲੜਾਈਆਂ ਝਗੜਿਆਂ ਦੇ ਸੱਤ-ਸੱਤ, ਅੱਠ-ਅੱਠ ਮੁਕੱਦਮੇ ਦਰਜ ਹੋ ਗਏ ਸਨ। ਕਚਹਿਰੀ ਤਰੀਕਾਂ ਤੇ ਆਉਂਦੇ-ਜਾਂਦੇ ਉਹ ਆਪਸ ਵਿੱਚ ਫਿਰ ਉਲਝ ਜਾਂਦੇ। ਉਨ੍ਹਾਂ ਦੇ ਪਰਿਵਾਰ ਜੇਲ੍ਹ ਵਿੱਚ ਮੁਲਾਕਾਤਾਂ ਕਰਦੇ ਤੇ ਕਚਹਿਰੀ ਤਰੀਕਾਂ ਤੇ ਆਉਂਦੇ-ਜਾਂਦੇ, ਠੇਡੇ ਖਾਂਦੇ ਫਿਰਦੇ। ਮੈਂ ਜਾਣਨ ਦੀ ਕੋਸ਼ਿਸ਼ ਕੀਤੀ ਕਿ ਇਸ ਕਸਬੇ ਵਿੱਚ ਅਜਿਹਾ ਕਿਉਂ ਹੈ? ਪਹਿਲੀ ਲੜਾਈ ਪਿੰਡ ਵਿੱਚ ਹੋ ਰਹੇ ਖੇਡ ਮੇਲੇ ਦੀ ਇਸ਼ਤਿਹਾਰਬਾਜ਼ੀ ਤੋਂ ਸ਼ੁਰੂ ਹੋਈ ਤੇ ਵੱਢਣ-ਟੁੱਕਣ ਦੇ ਸਿਖਰ ਤੱਕ ਪੁੱਜ ਗਈ। ਖੇਡ ਮੇਲੇ ਦੇ ਇਸ਼ਤਿਹਾਰ ਬੋਰਡ ਤੇ ਫੋਟੋਆਂ ਦੀ ਚੋਣ ਲੜਾਈ ਦਾ ਕਾਰਨ ਬਣੀ। ਇੱਕ ਨੇ ਬਾਹਰੋਂ ਮੁੰਡੇ ਬੁਲਾ ਕੇ ਦੂਜੇ ਨੂੰ ਕੁੱਟਿਆ ਤੇ ਦੂਜੇ ਨੇ ਪਹਿਲੇ ਤੋਂ ਬਦਲਾ ਲਿਆ। ਇੱਕ ਹੋਰ ਨੌਜਵਾਨ ਕੋਈ ਰੁਜ਼ਗਾਰ ਨਾ ਮਿਲਦਾ ਦੇਖ ਕੇ ਸ਼ਰਾਬ ਦੇ ਠੇਕੇਦਾਰਾਂ ਨਾਲ ਜੁੜ ਗਿਆ। ਇੱਕ



Sri Satguru Jagjit Singh Ji eLibrary NamdhariElibrary@gmail.com

ਘਟਨਾ ਦੌਰਾਨ ਨਜ਼ਾਇਜ ਸ਼ਰਾਬ ਵੇਚਣ ਵਾਲਿਆਂ ਨੇ ਉਨ੍ਹਾਂ ਤੇ ਗੋਲੀ ਚਲਾ ਦਿੱਤੀ। ਠੇਕੇਦਾਰਾਂ ਨੇ ਸਲਾਹ ਦਿੱਤੀ ਕਿ ਤੁਸੀਂ ਵੀ ਹਥਿਆਰ ਰੱਖ ਲਵੋ। ਇੱਕ-ਦੋ ਲੜਾਈਆਂ ਹੋਈਆਂ ਤੇ ਫਿਰ ਅਚਾਨਕ ਤਕਰਾਰ ਤੋਂ ਬਾਅਦ ਉਨ੍ਹਾਂ ਤੋਂ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ। ਉਸ ਘਟਨਾ ਮੌਕੇ ਉੱਥੇ ਹਾਜ਼ਰ ਚਾਰੋਂ ਨੌਜਵਾਨ ਜੇਲ੍ਹ ਚਲੇ ਗਏ। ਤਿੰਨ-ਚਾਰ ਅਜਿਹੇ ਨੌਜਵਾਨ ਲੜਾਈ ਝਗੜਿਆਂ ਤੋਂ ਸੰਗੀਨ ਜੁਰਮਾਂ ਤੱਕ ਦਾ ਸਫ਼ਰ ਤੇਜ਼ੀ ਨਾਲ ਤੈਅ ਕਰ ਗਏ। ਜੇਲ੍ਹ ਜਾ ਕੇ ਉਨ੍ਹਾਂ ਦਾ ਮੇਲ-ਮਿਲਾਪ ਹੋਰ ਅਪਰਾਧੀਆਂ ਨਾਲ ਹੋਇਆ ਤੇ ਸਥਿਤੀ ਲਗਾਤਾਰ ਗੰਭੀਰ ਹੁੰਦੀ ਗਈ। ਅਜਿਹੇ ਨੌਜਵਾਨਾਂ ਨੂੰ ਲੜਾਈ ਝਗੜਿਆਂ ਦੇ ਚੱਕਰ ਤੋਂ ਬਾਹਰ ਕੱਢਣ ਲਈ ਵਿਸ਼ੇਸ਼ ਉੱਪਰਾਲਿਆਂ ਦੀ ਲੋੜ ਹੈ ਜਦੋਂ ਕਿ ਸਮਾਜ ਅਤੇ ਸਿਸਟਮ ਨਾਲ ਜੁੜੇ ਲੋਕ ਡਿਊਟੀ ਅਤੇ ਆਪਣੇ ਆਪ ਤੱਕ ਹੀ ਸੀਮਤ ਰਹਿ ਜਾਂਦੇ ਹਨ।

ਦੋ ਔਰਤਾਂ ਦਿਨ ਦੇ ਦੂਜੇ ਪਹਿਰ ਦਫ਼ਤਰ ਆਈਆਂ। ਇੱਕ ਨੇ ਗੱਲ ਸ਼ੁਰੂ ਕੀਤੀ ਕਿ ਇਹਦਾ ਪੁੱਤ ਨਸ਼ਿਆਂ ਖਾਤਰ ਪੈਸੇ ਲੈਣ ਲਈ ਇਸ ਨੂੰ ਕੁੱਟਦਾ ਮਾਰਦਾ ਹੈ। ਅਗਲੀ ਗੱਲ ਉਸ ਔਰਤ ਨੇ ਆਪਣੇ-ਆਪ ਸ਼ੁਰੂ ਕੀਤੀ, 'ਘਰ ਦਾ ਸਭ ਕੁਝ ਵੇਚ ਦਿੱਤਾ ਹੈ। ਕਈ ਵਾਰ ਹਸਪਤਾਲ ਭਰਤੀ ਕਰਵਾਇਆ ਪਰ ਫਿਰ ਨਸ਼ਾ ਕਰਨ ਲੱਗ ਜਾਂਦਾ ਹੈ। ਹਫਤੇ ਬਾਅਦ ਪੰਜ ਹਜ਼ਾਰ ਰੁਪਏ ਮੰਗ ਲੈਂਦਾ ਹੈ। ਅੱਜ ਮੈਂ ਅਸਮਰੱਥਾ ਪ੍ਰਗਟਾਈ ਤਾਂ ਉਸ ਨੇ ਮੈਨੂੰ ਕੁੱਟ ਕੇ ਕਮਰੇ ਅੰਦਰ ਬੰਦ ਕਰ ਦਿੱਤਾ। ਤਿੰਨ ਘੰਟੇ ਅੰਦਰੋਂ ਦਰਵਾਜ਼ੇ ਭੰਨਦੀ ਰਹੀ ਹਾਂ ਤਾਂ ਕਿਤੇ ਇਨ੍ਹਾਂ ਨੂੰ ਪਤਾ ਲੱਗਾ।' ਉਸ ਨੇ ਨਾਲ ਆਈ ਔਰਤ ਵੱਲ ਇਸ਼ਾਰਾ ਕੀਤਾ। ਹੁਣ ਦੂਜੀ ਔਰਤ ਬੋਲਣ ਲੱਗੀ, 'ਦਰਵਾਜ਼ਿਆਂ ਦਾ ਖੜਕਾ ਜ਼ਰੂਰ ਹੁੰਦਾ ਰਿਹਾ ਪਰ ਅਸੀਂ ਸੋਚਿਆ ਹੀ ਨਾ ਕਿ ਅਜਿਹਾ ਹੋਇਆ ਹੋਵੇਗਾ, ਇਸ ਨੂੰ ਕੁੱਟਿਆ ਵੀ ਹੈ।' ਉਹ ਔਰਤ ਝੁੱਕ ਕੇ ਉਸ ਦਾ ਚਿਹਰਾ ਵੇਖਣ ਲੱਗੀ। ਉਸ ਔਰਤ ਦੀ ਇੱਕ ਅੱਖ ਲਾਲ ਤੇ ਮੂੰਹ ਦੇ ਇੱਕ ਪਾਸੇ ਸੋਜ ਸੀ। ਭਾਵੇਂ ਹਰ ਮਾਂ ਸੋਚਦੀ ਹੈ ਕਿ ਉਸ ਦੇ ਪੁੱਤ ਉਸ ਦੀ ਅਰਥੀ ਨੂੰ ਮੋਢਾ ਦੇਣ ਪਰ ਇਸ ਮਾਂ ਨੇ ਜੋ ਅਰਜ਼ੀ ਪੇਸ਼ ਕੀਤੀ ਉਸ ਦੀ ਆਖ਼ਰੀ ਲਾਈਨ ਸੀ ਕਿ ਮੇਰਾ ਪੁੱਤ ਨਸ਼ੇ ਦਾ ਗੰਭੀਰ ਆਦੀ ਹੋ ਚੁੱਕਾ ਹੈ, ਇਹ ਆਪਣੀ ਜ਼ਿੰਦਗੀ ਦਾ ਆਪ ਜ਼ੁੰਮੇਵਾਰ ਹੋਵੇਗਾ। ਹਰ ਪਲ ਪੁੱਤਾਂ ਦੀ ਸੁੱਖ ਮੰਗਦੀਆਂ ਮਾਂਵਾਂ ਜ਼ਿੰਦਗੀ ਦੇ ਕਿਸ ਮੁਕਾਮ 'ਤੇ ਆਣ ਖੜੀਆਂ ਹਨ।

ਪੰਜਾਬੀ ਫਿਲਮਾਂ ਜਦ ਹੋਂਦ ਵਿੱਚ ਆਈਆਂ ਤਾਂ ਪੇਂਡੂ ਲੋਕ ਇਕੱਠੇ ਹੋ ਕੇ ਸਿਨੇਮਾਂ ਘਰਾਂ ਵਿੱਚ ਫਿਲਮ ਵੇਖਣ ਜਾਇਆ ਕਰਦੇ ਸਨ। ਸਲਾਹਾਂ ਹੁੰਦੀਆਂ, ਸੁਨੇਹੇ ਦਿੱਤੇ ਜਾਂਦੇ ਅਤੇ ਸਾਲਮ ਤਾਂਗੇ ਬੁੱਕ ਕਰਵਾ ਲਏ ਜਾਂਦੇ। ਪਜਾਮਿਆਂ ਤੇ ਚਾਦਰਿਆਂ ਵਾਲੇ ਕਿਰਤੀ ਲੋਕ ਇੱਕ ਦੂਜੇ ਤੋਂ ਮੂਹਰੇ ਹੋ-ਹੋ ਸਿਨਮਾਂ ਘਰਾਂ ਵਿੱਚ ਦਾਖ਼ਲ ਹੁੰਦੇ। ਕੋਈ ਚੰਗਾ ਡਾਇਲਾਗ ਬੋਲਿਆ ਜਾਂਦਾ ਤਾਂ ਤਾੜੀਆਂ ਵੱਜਦੀਆਂ। ਕੋਈ ਧਾਰਮਿਕ



Sri Satguru Jagjit Singh Ji eLibrary NamdhariElibrary@gmail.com

ਸੀਨ ਸਾਹਮਣੇ ਆਉਂਦਾ ਤਾਂ ਲੋਕ ਸ਼ਰਧਾ ਨਾਲ ਸਿਰ ਝੁਕਾਉਂਦੇ। ਦਿਲ ਨੂੰ ਛੂਹ ਜਾਣ ਵਾਲਾ ਕੋਈ ਗੀਤ ਆਉਂਦਾ ਤਾਂ ਲੋਕ ਵਾਹ-ਵਾਹ ਕਰਦੇ ਤੇ ਸਤਿਕਾਰ ਵਜੋਂ ਖੜ੍ਹੇ ਹੋ ਕੇ ਆਨੇ ਦੋ ਆਨੇ ਸਕਰੀਨ ਵੱਲ ਵਗ੍ਹਾ-ਵਗ੍ਹਾ ਮਾਰਦੇ। ਫਿਲਮ ਚਲਾਉਣ ਵਾਲੇ ਅਗਲਾ ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਦੁਆਨੀਆਂ-ਚੁਆਨੀਆਂ ਇਕੱਠੀਆਂ ਕਰ ਲੈਂਦੇ ਸਨ। ਘਰ ਵਾਪਸ ਪਰਤਦੇ ਉਹ ਕਲਾ ਤੇ ਕਲਾਕਾਰਾਂ ਦੀਆਂ ਸਿਫਤਾਂ ਕਰਦੇ ਆਉਂਦੇ। ਕੰਮਾਂ-ਧੰਦਿਆਂ ਵਿੱਚ ਥੱਕਿਆ ਸਰੀਰ ਮਨ ਦੀ ਲੋਰ ਵਿੱਚ ਆ ਕੇ ਸਾਵਾਂ ਹੋ ਜਾਂਦਾ ਸੀ। ਪਿਛਲੇ ਵਰ੍ਹੇ ਅਪ੍ਰੈਲ ਮਹੀਨੇ ਮੈਂ ਵੀਹ-ਪੰਝੀ ਸਾਲ ਪੁਰਾਣੇ ਪੰਜਾਬ ਦੀ ਪੇਸ਼ਕਾਰੀ ਕਰਦੀ ਫ਼ਿਲਮ ਵੇਖਣ ਚਲਾ ਗਿਆ। ਰਾਤ ਅੱਠ ਵਜੇ ਸ਼ੋਅ ਸ਼ੁਰੂ ਹੋਇਆ, ਅਗਲੀ ਕਤਾਰ ਵਿੱਚ ਸੱਤ-ਅੱਠ ਮੁੰਡਿਆਂ ਦਾ ਇੱਕ ਗਰੁੱਪ ਬੈਠਾ ਸੀ। ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਆਪਸ ਵਿੱਚ ਗੱਲਾਂ ਕਰਦਿਆਂ ਅਜਿਹੇ ਸ਼ਬਦ ਵਰਤੇ ਜੋ ਪਰਿਵਾਰ ਦੀ ਮੌਜੂਦਗੀ ਵਿੱਚ ਸੁਣੇ ਨਹੀਂ ਜਾ ਸਕਦੇ ਸਨ। ਕਾਸਟਿੰਗ ਗੀਤ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਵਿੱਚੋਂ ਦੋ ਨੇ ਬਾਹਾਂ ਉਲਾਰ-ਉਲਾਰ ਕੇ ਕਿਲਕਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਫਿਰ ਦੋ ਜਣੇ ਚੀਕਾਂ ਮਾਰਨ ਲੱਗੇ। ਦਰਸ਼ਕਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਕੁਝ ਖਾਧਾ-ਪੀਤਾ ਹੋਇਆ ਸੀ। ਆਖ਼ਰ ਫਿਲਮ ਰੋਕ ਕੇ ਪ੍ਰਬੰਧਕਾਂ ਨੇ ਬਾਊਂਸਰਾਂ ਦੀ ਮੱਦਦ ਨਾਲ ਉਨ੍ਹਾਂ ਨੂੰ ਸਿਨੇਮਾਂ ਹਾਲ ਤੋਂ ਬਾਹਰ ਕੱਢਿਆ। ਸੱਤਰ-ਪਝੰਤਰ ਵਰ੍ਹਿਆਂ ਵਿੱਚ ਪੰਜਾਬੀਅਤ ਪੱਲਿਓਂ ਬਹੁਤ ਕੁਝ ਕਿਰ ਚੁੱਕਾ ਹੈ।

ਜ਼ਿੰਦਗੀ ਸਿਖਰ ਦਾ ਸਿਰੜ ਤੇ ਮਿਹਨਤ ਦੀ ਮੰਗ ਕਰਦੀ ਹੈ। ਖੇਡ-ਮੁਕਾਬਲਿਆਂ ਵਿੱਚ ਇਸ ਨੂੰ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਕ੍ਰਿਕਟ ਦੀ ਚੈਂਪੀਅਨ ਟਰਾਫੀ (2017) ਦੌਰਾਨ ਪਾਕਿਸਤਾਨੀ ਖਿਡਾਰੀਆਂ ਨੇ ਇਸ ਦਾ ਭਰਪੂਰ ਪ੍ਰਗਟਾਵਾ ਕੀਤਾ। ਫਾਈਨਲ ਮੈਚ ਵਿੱਚ ਉਨ੍ਹਾਂ ਦੇ ਤੇਜ਼-ਤਰਾਰ ਗੇਂਦਬਾਜ਼ ਆਮਿਰ ਨੇ ਪੰਜ-ਸੱਤ ਬਾਲਾਂ ਸੁੱਟ ਕੇ ਧਰਤੀ ਹਿਲਾ ਦਿੱਤੀ ਸੀ। ਟੂਰਨਾਮੈਂਟ ਜਿੱਤ ਕੇ ਜਦ ਉਹ ਵਤਨ ਪਰਤੇ ਤਾਂ ਉਨ੍ਹਾਂ ਦਾ ਹਰ ਕਦਮ ਫੁੱਲ-ਪੱਤੀਆਂ ਨਾਲ ਢੱਕ ਲਿਆ ਗਿਆ। ਉਸ ਟੂਰਨਾਮੈਂਟ ਦਾ ਸਰਬੋਤਮ ਖਿਡਾਰੀ ਹਸਨ ਅਲੀ ਗੁੱਜਰਾਂਵਾਲਾ ਦੇ ਪਿੰਡ ਲੱਧੇ ਵਾਲਾ ਵੜੈਚ ਦਾ ਵਸਨੀਕ ਹੈ। ਦੇਸ਼-ਵੰਡ ਸਮੇਂ ਇਸ ਪਿੰਡ ਵਿੱਚ ਹਿੰਦੂਆਂ ਤੇ ਸਿੱਖਾਂ ਦੇ ਕਈ ਘਰ ਸਨ। 'ਲੱਧੇ ਵਾਲਾ ਵੜੈਚ' ਦੇਸ ਵੰਡ ਦਾ ਦੁਖਾਂਤ ਪੇਸ਼ ਕਰਦੀ ਮਹਿੰਦਰ ਸਿੰਘ ਸਰਨਾ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ ਹੈ। ਸੰਸਾਰ ਜਿੱਤ ਕੇ ਜਦ ਹਸਨ ਅਲੀ ਆਪਣੇ ਘਰ ਵੜਨ ਲੱਗਾ ਤਾਂ ਮੀਡੀਆ ਨੇ ਉਸ ਅੱਗੇ ਸਵਾਲਾਂ ਦੀ ਝੜੀ ਲਗਾ ਦਿੱਤੀ, ਇਹ ਮੁਕਾਮ ਕਿਵੇਂ ਹਾਸਲ ਹੋਇਆ, ਕਾਈ ਸਵਾਲਾਂ ਵਿੱਚੋਂ ਇਹ ਉੱਚੀ ਅਵਾਜ਼ ਸੀ। ਆਪਣੇ ਨਾਲ ਖੜ੍ਹੀ ਵੱਡੀ ਭੈਣ



Sri Satguru Jagjit Singh Ji eLibrary NamdhariElibrary@gmail.com

ਸੀਨ ਸਾਹਮਣੇ ਆਉਂਦਾ ਤਾਂ ਲੋਕ ਸ਼ਰਧਾ ਨਾਲ ਸਿਰ ਝੁਕਾਉਂਦੇ। ਦਿਲ ਨੂੰ ਛੂਹ ਜਾਣ ਵਾਲਾ ਕੋਈ ਗੀਤ ਆਉਂਦਾ ਤਾਂ ਲੋਕ ਵਾਹ-ਵਾਹ ਕਰਦੇ ਤੇ ਸਤਿਕਾਰ ਵਜੋਂ ਖੜ੍ਹੇ ਹੋ ਕੇ ਆਨੇ ਦੋ ਆਨੇ ਸਕਰੀਨ ਵੱਲ ਵਗ੍ਹਾ-ਵਗ੍ਹਾ ਮਾਰਦੇ। ਫਿਲਮ ਚਲਾਉਣ ਵਾਲੇ ਅਗਲਾ ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਦੁਆਨੀਆਂ-ਚੁਆਨੀਆਂ ਇਕੱਠੀਆਂ ਕਰ ਲੈਂਦੇ ਸਨ। ਘਰ ਵਾਪਸ ਪਰਤਦੇ ਉਹ ਕਲਾ ਤੇ ਕਲਾਕਾਰਾਂ ਦੀਆਂ ਸਿਫਤਾਂ ਕਰਦੇ ਆਉਂਦੇ। ਕੰਮਾਂ-ਧੰਦਿਆਂ ਵਿੱਚ ਥੱਕਿਆ ਸਰੀਰ ਮਨ ਦੀ ਲੋਰ ਵਿੱਚ ਆ ਕੇ ਸਾਵਾਂ ਹੋ ਜਾਂਦਾ ਸੀ। ਪਿਛਲੇ ਵਰ੍ਹੇ ਅਪ੍ਰੈਲ ਮਹੀਨੇ ਮੈਂ ਵੀਹ-ਪੰਝੀ ਸਾਲ ਪੁਰਾਣੇ ਪੰਜਾਬ ਦੀ ਪੇਸ਼ਕਾਰੀ ਕਰਦੀ ਫ਼ਿਲਮ ਵੇਖਣ ਚਲਾ ਗਿਆ। ਰਾਤ ਅੱਠ ਵਜੇ ਸ਼ੋਅ ਸ਼ੁਰੂ ਹੋਇਆ, ਅਗਲੀ ਕਤਾਰ ਵਿੱਚ ਸੱਤ-ਅੱਠ ਮੁੰਡਿਆਂ ਦਾ ਇੱਕ ਗਰੁੱਪ ਬੈਠਾ ਸੀ। ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਆਪਸ ਵਿੱਚ ਗੱਲਾਂ ਕਰਦਿਆਂ ਅਜਿਹੇ ਸ਼ਬਦ ਵਰਤੇ ਜੋ ਪਰਿਵਾਰ ਦੀ ਮੌਜੂਦਗੀ ਵਿੱਚ ਸੁਣੇ ਨਹੀਂ ਜਾ ਸਕਦੇ ਸਨ। ਕਾਸਟਿੰਗ ਗੀਤ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਵਿੱਚੋਂ ਦੋ ਨੇ ਬਾਹਾਂ ਉਲਾਰ-ਉਲਾਰ ਕੇ ਕਿਲਕਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਫਿਰ ਦੋ ਜਣੇ ਚੀਕਾਂ ਮਾਰਨ ਲੱਗੇ। ਦਰਸ਼ਕਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਕੁਝ ਖਾਧਾ-ਪੀਤਾ ਹੋਇਆ ਸੀ। ਆਖ਼ਰ ਫਿਲਮ ਰੋਕ ਕੇ ਪ੍ਰਬੰਧਕਾਂ ਨੇ ਬਾਊਂਸਰਾਂ ਦੀ ਮੱਦਦ ਨਾਲ ਉਨ੍ਹਾਂ ਨੂੰ ਸਿਨੇਮਾਂ ਹਾਲ ਤੋਂ ਬਾਹਰ ਕੱਢਿਆ। ਸੱਤਰ-ਪਝੰਤਰ ਵਰ੍ਹਿਆਂ ਵਿੱਚ ਪੰਜਾਬੀਅਤ ਪੱਲਿਓਂ ਬਹੁਤ ਕੁਝ ਕਿਰ ਚੁੱਕਾ ਹੈ।

ਜ਼ਿੰਦਗੀ ਸਿਖਰ ਦਾ ਸਿਰੜ ਤੇ ਮਿਹਨਤ ਦੀ ਮੰਗ ਕਰਦੀ ਹੈ। ਖੇਡ-ਮੁਕਾਬਲਿਆਂ ਵਿੱਚ ਇਸ ਨੂੰ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਕ੍ਰਿਕਟ ਦੀ ਚੈਂਪੀਅਨ ਟਰਾਫੀ (2017) ਦੌਰਾਨ ਪਾਕਿਸਤਾਨੀ ਖਿਡਾਰੀਆਂ ਨੇ ਇਸ ਦਾ ਭਰਪੂਰ ਪ੍ਰਗਟਾਵਾ ਕੀਤਾ। ਫਾਈਨਲ ਮੈਚ ਵਿੱਚ ਉਨ੍ਹਾਂ ਦੇ ਤੇਜ਼-ਤਰਾਰ ਗੇਂਦਬਾਜ਼ ਆਮਿਰ ਨੇ ਪੰਜ-ਸੱਤ ਬਾਲਾਂ ਸੁੱਟ ਕੇ ਧਰਤੀ ਹਿਲਾ ਦਿੱਤੀ ਸੀ। ਟੂਰਨਾਮੈਂਟ ਜਿੱਤ ਕੇ ਜਦ ਉਹ ਵਤਨ ਪਰਤੇ ਤਾਂ ਉਨ੍ਹਾਂ ਦਾ ਹਰ ਕਦਮ ਫੁੱਲ-ਪੱਤੀਆਂ ਨਾਲ ਢੱਕ ਲਿਆ ਗਿਆ। ਉਸ ਟੂਰਨਾਮੈਂਟ ਦਾ ਸਰਬੋਤਮ ਖਿਡਾਰੀ ਹਸਨ ਅਲੀ ਗੁੱਜਰਾਂਵਾਲਾ ਦੇ ਪਿੰਡ ਲੱਧੇ ਵਾਲਾ ਵੜੈਚ ਦਾ ਵਸਨੀਕ ਹੈ। ਦੇਸ਼-ਵੰਡ ਸਮੇਂ ਇਸ ਪਿੰਡ ਵਿੱਚ ਹਿੰਦੂਆਂ ਤੇ ਸਿੱਖਾਂ ਦੇ ਕਈ ਘਰ ਸਨ। 'ਲੱਧੇ ਵਾਲਾ ਵੜੈਚ' ਦੇਸ ਵੰਡ ਦਾ ਦੁਖਾਂਤ ਪੇਸ਼ ਕਰਦੀ ਮਹਿੰਦਰ ਸਿੰਘ ਸਰਨਾ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ ਹੈ। ਸੰਸਾਰ ਜਿੱਤ ਕੇ ਜਦ ਹਸਨ ਅਲੀ ਆਪਣੇ ਘਰ ਵੜਨ ਲੱਗਾ ਤਾਂ ਮੀਡੀਆ ਨੇ ਉਸ ਅੱਗੇ ਸਵਾਲਾਂ ਦੀ ਝੜੀ ਲਗਾ ਦਿੱਤੀ, ਇਹ ਮੁਕਾਮ ਕਿਵੇਂ ਹਾਸਲ ਹੋਇਆ, ਕਈ ਸਵਾਲਾਂ ਵਿੱਚੋਂ ਇਹ ਉੱਚੀ ਅਵਾਜ਼ ਸੀ। ਆਪਣੇ ਨਾਲ ਖੜ੍ਹੀ ਵੱਡੀ ਭੈਣ



Sri Satguru Jagjit Singh Ji eLibrary NamdhariElibrary@gmail.com

ਵੱਲ ਇਸ਼ਾਰਾ ਕਰ ਕੇ ਉਹ ਕਹਿੰਦਾ ਭੈਣਾਂ ਦੀਆਂ ਦੁਆਵਾਂ ਕਰ ਕੇ, ਵੱਡੀ ਭੈਣ ਮਾਂ ਵਰਗੀ, ਉਹ ਮੁਸਕਰਾਇਆਂ ਤੇ ਉਸ ਨੇ ਆਪਣਾ ਸਿਰ ਘਰ ਦੀ ਦੇਹਲੀ ਤੇ ਰੱਖ ਦਿੱਤਾ। ਭਾਰਤ ਤੇ ਭਾਰਤੀ ਖਿਡਾਰੀਆਂ ਬਾਰੇ ਟਿੱਪਣੀ ਕਰਨ ਤੇ ਮੀਡੀਆ ਵੱਲੋਂ ਉਕਸਾਉਣ ਤੇ ਵੀ ਉਹ ਇੱਕ ਵੀ ਸ਼ਬਦ ਵਿਰੋਧ ਵਿੱਚ ਨਹੀਂ ਬੋਲਿਆ, ਸਗੋਂ ਉਸ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ ਦੋਵਾਂ ਦੇਸ਼ਾਂ ਦੇ ਅਵਾਮ ਨੂੰ ਖੇਡ ਨੂੰ ਖੇਡ ਸਮਝਣਾ ਚਾਹੀਦਾ ਹੈ। ਉਹ ਕਹਿੰਦਾ ਕਦੇ ਉਹ ਜਿੱਤ ਜਾਂਦੇ ਨੇ ਤੇ ਕਦੇ ਅਸੀਂ ਜਿੱਤ ਜਾਂਦੇ ਹਾਂ। ਉਸ ਸਮੇਂ ਉਸ ਦੇ ਘਰ ਦੇ ਬਾਹਰ ਲੋਕਾਂ ਦੀ ਵੱਡੀ ਭੀੜ ਸੀ, ਉਹ ਕੋਠੇ ਚੜ੍ਹਿਆ ਤੇ ਉਸ ਨੇ ਦੋਵੇਂ ਬਾਹਵਾਂ ਖੋਲ੍ਹੀਆਂ ਤੇ ਇੰਞ ਇਸ਼ਾਰਾ ਕੀਤਾ ਜਿਵੇਂ ਉਹ ਵਿਕਟ ਲੈਣ ਤੋਂ ਬਾਅਦ ਕਰਦਾ ਹੈ। ਮੁੰਡਿਆਂ ਨੂੰ ਸੰਬੋਧਨ ਹੁੰਦਿਆ ਉਹ ਇੱਕੋ ਵਾਕ ਬੋਲਿਆ, 'ਮਿਹਨਤ ਕਰਿਓ, ਤੁਸੀਂ ਸੰਸਾਰ ਜਿੱਤ ਸਕਦੇ ਹੋ।' ਜ਼ਿੰਦਗੀ ਦੀਆਂ ਪੌੜੀਆਂ ਤੇ ਲੜਖੜ੍ਹਾ ਗਈ ਪੰਜਾਬ ਦੀ ਜਵਾਨੀ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖੇਡ ਮੁਕਾਬਲਿਆਂ 'ਚੋਂ ਬਹੁਤ ਕੁਝ ਸਿੱਖਣਾ ਚਾਹੀਦਾ ਹੈ।

'ਛੈਲ ਨਵਾਬਾਂ ਦੇ ਘਰ ਢੁੱਕਣਾ, ਸਰਦਾਰਾਂ ਦੇ ਘਰ ਢੁੱਕਣਾ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ। ਸੋਹਣੇ ਤੇ ਚੀਰੇ ਵਾਲਿਆ ਵੇ, ਚੀਰਾ ਕਲ਼ਗੀ ਦੇ ਨਾਲ ਸ਼ਿੰਗਾਰਿਆ ਈ।' ਲੋਰੀਆਂ, ਘੋੜੀਆਂ, ਮਾਹੀਆ, ਸੁਹਾਗ ਲੋਕ-ਧਾਰਾ ਦੇ ਹਰ ਰੂਪ ਵਿੱਚ ਮਨੁੱਖ ਨੂੰ ਅਥਾਹ ਲਾਡ-ਪਿਆਰ ਤੇ ਸਤਿਕਾਰ ਮਿਲਿਆ ਹੈ। ਨੌਜਵਾਨਾਂ ਨੂੰ ਇਸ ਮਾਣ-ਸਨਮਾਨ ਦਾ ਮੁੱਲ ਮੋੜਨਾ ਚਾਹੀਦਾ ਹੈ। ਕੋਈ ਗੱਭਰੂ ਲੋਕ-ਧਾਰਾ ਦੇ ਇਨ੍ਹਾਂ ਬੋਲਾਂ ਨੂੰ ਗੁਣ-ਗੁਣਾਉਂਦਾ ਹੋਇਆ ਜ਼ਿੰਦਗੀ ਦੀ ਸਟੇਜ ਤੋਂ ਲੰਘ ਜਾਵੇ ਇਸ ਲੇਖ ਦੀ ਇਹੋ ਕਾਮਨਾ ਹੈ।

•



Sri Satguru Jagjit Singh Ji eLibrary NamdhariElibrary@gmail.com

# ਭਾਗ-ਦੂਜਾ



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਕੰਮ ਨਾਲ ਰਿਸ਼ਤਾ

ਸਿੱਖ ਧਰਮ ਦੇ ਪ੍ਰਚਾਰਕ ਸੰਤ ਮਸਕੀਨ ਜੀ ਨੇ ਕਥਾ ਕਰਦਿਆਂ ਇੱਕ ਘਟਨਾ ਦਾ ਜ਼ਿਕਰ ਕੀਤਾ ਕਿ ਬੁੱਧ ਪੂਰਨਿਮਾ ਦੇ ਦਿਨ ਮਹਾਤਮਾ ਬੁੱਧ ਦੇ ਬੁੱਤ ਦਾ ਉਦਘਾਟਨ ਕਰਾਉਣ ਦੀ ਮਨਸ਼ਾ ਮਨ ਵਿੱਚ ਰੱਖ ਕੇ ਇੱਕ ਪੁਜਾਰੀ ਨੇ ਵੱਡਾ ਪੱਥਰ ਖ਼ਰੀਦਿਆ। ਇਹ ਪੱਥਰ ਖ਼ਰੀਦਣ ਸਮੇਂ ਉਸ ਨੇ ਉਸ ਬੁੱਤ-ਤਰਾਸ਼ ਨੂੰ ਵੀ ਨਾਲ ਲਿਆ ਜਿਸ ਨੇ ਸਮੇਂ ਸਿਰ ਇਹ ਬੁੱਤ ਘੜਨ ਦੀ ਹਾਮੀ ਭਰੀ ਸੀ।

ਪੱਥਰ ਤਰਾਸ਼ਣ ਦਾ ਕੰਮ ਸ਼ੁਰੂ ਹੋਇਆ। ਪੁਜਾਰੀ ਨੇ ਬੁੱਤ-ਤਰਾਸ਼ ਤੇ ਉਸ ਦੇ ਕਾਮਿਆਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਸ ਨੇ ਬੁੱਤ-ਤਰਾਸ਼ ਨੂੰ ਮੂੰਹ ਮੰਗੇ ਪੈਸਿਆਂ ਦਾ ਠੇਕਾ ਦਿੱਤਾ ਸੀ। ਬੁੱਤ-ਤਰਾਸ਼ ਨੇ ਪੱਥਰ ਸਿਰ ਵਾਲੇ ਪਾਸਿਓਂ ਘੜਨਾ ਸ਼ੁਰੂ ਕੀਤਾ। ਸਿਰ, ਮੱਥਾ, ਮੂੰਹ, ਧੜ ਤੇ ਹੇਠਲਾ ਹਿੱਸਾ, ਬੁੱਤ-ਤਰਾਸ਼ ਦੇਰ ਰਾਤ ਤੱਕ ਕੰਮ 'ਚ ਲੱਗਿਆ ਰਹਿੰਦਾ। ਪੁਜਾਰੀ ਖ਼ੁਸ਼ ਸੀ ਕਿ ਉਸ ਦੇ ਮਨ ਵਿੱਚ ਜੋ ਤਸਵੀਰ ਸੀ ਕੰਮ ਉਸ ਤੋਂ ਤੇਜ਼ੀ ਨਾਲ ਹੋ ਰਿਹਾ ਹੈ। ਕੰਮ ਕਰਦੇ ਬੁੱਤ-ਘਾੜਿਆਂ ਕੋਲ ਪੁਜਾਰੀ ਦੇਰ ਰਾਤ ਤੱਕ ਬੈਠਾ ਰਹਿੰਦਾ।

ਲੇਕਿਨ ਲੱਤਾਂ ਤੋਂ ਥੱਲੇ ਪੈਰਾਂ ਵੱਲ ਆਉਂਦਿਆਂ-ਆਉਂਦਿਆਂ ਕੰਮ ਦੀ ਰਫ਼ਤਾਰ ਘੱਟਣ ਲੱਗੀ, ਪੈਰਾਂ ਤੱਕ ਪਹੁੰਚਦਿਆਂ ਇਹ ਰਫ਼ਤਾਰ ਲਗਭਗ ਰੁਕ ਹੀ ਚੁੱਕੀ ਸੀ। ਬੁੱਤ-ਤਰਾਸ਼ ਪੈਰਾਂ ਨੂੰ ਘੜਨ ਲਗਦਾ ਲੇਕਿਨ ਇੱਕ-ਦੋ ਟੱਕ ਲਾ ਕੇ ਬੈਠ ਜਾਂਦਾ, ਫਿਰ ਛੈਣੀ-ਹਥੌੜਾ ਚੁੱਕਦਾ ਲੇਕਿਨ ਪੱਥਰ ਤੱਕ ਪਹੁੰਚਣ ਤੋਂ ਪਹਿਲਾਂ ਹੱਥ ਫਿਰ ਰੁਕ ਜਾਂਦੇ। ਪੁਜਾਰੀ ਇਸ ਸਭ ਕੁਝ ਨੂੰ ਵੇਖ ਰਿਹਾ ਸੀ, ਉਹ ਕਈ ਵਾਰ ਬੁੱਤ-ਤਰਾਸ਼ ਨੂੰ ਸਮੇਂ ਸਿਰ ਕੰਮ ਮੁਕੰਮਲ ਕਰਨ ਲਈ ਯਾਦ ਕਰਾਉਂਦਾ ਰਹਿੰਦਾ। ਇੱਕ ਦਿਨ ਤਾਂ ਅਜਿਹਾ ਹੋਇਆ ਕਿ ਬੁੱਤ-ਤਰਾਸ਼ ਸਾਰਾ ਦਿਨ ਪੈਰਾਂ ਵਾਲੇ ਪਾਸੇ ਬੈਠਾ ਰਿਹਾ ਤੇ ਸ਼ਾਮ ਨੂੰ ਸੌਣ ਲਈ ਆਪਣੇ ਕਮਰੇ ਵਿੱਚ ਚਲਾ ਗਿਆ। ਪੁਜਾਰੀ ਆਪਣੇ ਮਨ ਦੀ ਪ੍ਰੇਸ਼ਾਨੀ ਨੂੰ ਦੂਰ ਰੱਖਣ ਲਈ ਉੱਥੋਂ ਕੁਝ ਦਿਨ ਬਾਹਰ ਚਲਾ ਗਿਆ, ਲੇਕਿਨ ਜਦ ਉਹ ਵਾਪਸ ਆਇਆ ਤਾਂ ਸਥਿਤੀ ਪਹਿਲਾਂ ਵਾਲੀ ਹੀ ਸੀ। ਹੁਣ ਪੁਜਾਰੀ ਤੇ ਕਾਰੀਗਰ ਵਿੱਚ ਤਕਰਾਰ ਹੋਇਆ, ਪੁਜਾਰੀ ਕਹਿਣ ਲੱਗਾ ਜੇ ਹੋਰ ਪੈਸੇ ਲੈਣੇ ਹਨ ਤਾਂ ਲੈ ਲਵੋ ਲੇਕਿਨ ਕੰਮ ਤਾਂ ਸਮੇਂ ਸਿਰ ਮੁਕੰਮਲ ਕਰੋ। ਬੁੱਤ-ਤਰਾਸ਼ ਨੇ ਉੱਤਰ ਦਿੱਤਾ ਕਿ ਗੱਲ ਪੈਸੇ ਦੀ ਨਹੀਂ ਜੇ ਤੁਸੀਂ ਪਹਿਲੇ ਵੀ ਨਹੀਂ ਦੇਣੇ ਤਾਂ ਨਾ ਦਿਉ। ਦਰਅਸਲ ਜਿਨ੍ਹਾਂ ਪੈਰਾਂ ਤੇ ਹਜ਼ਾਰਾਂ ਸਿਰ ਝੁੱਕ ਜਾਣਗੇ ਉਹ ਪੈਰ ਹਾਲੇ ਮੇਰੀ ਪਕੜ ਵਿੱਚ ਨਹੀਂ ਆ ਰਹੇ।

ਸਾਡਾ ਸਾਡੇ ਕੰਮ ਨਾਲ ਅਜਿਹਾ ਰਿਸ਼ਤਾ ਹੋਣਾ ਚਾਹੀਦਾ ਹੈ।

•



Sri Satguru Jagjit Singh Ji eLibrary NamdhariElibrary@gmail.com

## ਹੱਥੀਂ ਕੰਮ ਕਰਨਾ

ਕੰਮ ਹੀ ਕਰਮ ਹੈ, ਕੰਮ ਹੀ ਪੂਜਾ ਹੈ, ਕੰਮ ਹੀ ਜ਼ਿੰਦਗੀ ਹੈ। ਜੇ ਕਿਸੇ ਦੇਸ ਨੂੰ ਤਬਾਹ ਕਰਨਾ ਹੋਵੇ ਤਾਂ ਉਸ ਦੀ ਨੌਜਵਾਨ ਪੀੜ੍ਹੀ ਕੋਲੋਂ ਕੰਮ ਖੋਹ ਲੈਣਾ ਚਾਹੀਦਾ ਹੈ। ਕੰਮ ਦੀ ਅਣਹੋਂਦ ਗਣਿਤ ਦੇ ਅੰਕ ਸਿਫ਼ਰ ਵਰਗੀ ਹੈ, ਜੋ ਜ਼ਿੰਦਗੀ ਦੇ ਜਿਸ ਵੀ ਪੜਾਅ ਨਾਲ ਗੁਣਾਂ ਖਾਂਦੀ ਹੈ ਉਸ ਨੂੰ ਸਿਫ਼ਰ ਕਰ ਦਿੰਦੀ ਹੈ। ਜੋ ਹੱਥੀਂ ਕੰਮ ਨਹੀਂ ਕਰਦਾ ਉਹ ਜ਼ਿੰਦਗੀ ਦੀ ਸਦੀਵੀ ਖ਼ੁਸ਼ੀ ਤੋਂ ਵਾਂਝਾ ਰਹਿ ਜਾਂਦਾ ਹੈ।

ਹੱਥੀਂ ਕੰਮ ਕਰਨ ਨਾਲ ਪਸੀਨਾ ਆਉਂਦਾ ਹੈ, ਸਰੀਰ ਅੰਦਰ ਚੰਗਾ ਪ੍ਰਤੀਤ ਕਰਾਉਣ ਵਾਲੇ ਹਾਰਮੋਨ ਪੈਦਾ ਹੋਣ ਲੱਗਦੇ ਹਨ ਅਤੇ ਕੰਮ ਵਿੱਚ ਮਨ ਲੱਗ ਜਾਂਦਾ ਹੈ। ਹੱਥੀਂ ਕੰਮ ਕਰਨ ਨਾਲ ਇੱਕੋ ਸਮੇਂ ਤਨ ਤੇ ਮਨ ਦੀ ਕਸਰਤ ਹੁੰਦੀ ਹੈ। ਕੰਮ ਵਿੱਚ ਜੁੱਟ ਜਾਣਾ ਮਾਨਸਿਕ ਪ੍ਰੇਸ਼ਾਨੀ ਨੂੰ ਦੂਰ ਕਰਨ ਦਾ ਵਧੀਆ ਸਾਧਨ ਹੈ। ਹੱਥੀਂ ਕੰਮ ਕਰਨਾ ਸਰਬੋਤਮ ਰੁਝੇਵਾਂ ਹੈ।

ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਤੋਂ ਬਾਅਦ ਡੇਰਾ ਬਾਬਾ ਨਾਨਕ ਨੇੜੇ, ਕਰਤਾਰਪੁਰ ਸਾਹਿਬ ਵਿਖੇ ਅਠ੍ਹਾਰਾਂ ਵਰ੍ਹੇ ਖੇਤੀ ਕੀਤੀ ਅਤੇ ਉਨ੍ਹਾਂ ਨੇ ਲੋਕਾਈ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਸੁਨੇਹਾ ਦਿੱਤਾ। ਪੰਜਾਬੀਆਂ ਨੂੰ ਕਿਰਤ ਦੀ ਗੁੜ੍ਹਤੀ ਦਾ ਮਾਣ ਹਾਸਲ ਹੈ।

ਜਦੋਂ ਸਰੀਰ ਹੱਥੀਂ ਕੰਮ ਕਰਨ ਦੀ ਥਕਾਵਟ ਮਹਿਸੂਸ ਕਰਦਾ ਹੋਵੇ ਅਤੇ ਮਨ ਨੂੰ ਦਿਨ ਵਿੱਚ ਕਰਨ ਵਾਲੇ ਕੰਮਾਂ ਦਾ ਫ਼ਿਕਰ ਮਹਿਸੂਸ ਹੋਣ ਲੱਗੇ ਉਦੋਂ ਕਾਦਰ ਬੰਦੇ 'ਤੇ ਮਿਹਰਬਾਨ ਹੁੰਦਾ ਹੈ। ਹੱਥੀਂ ਕੰਮ ਕਰਨਾ ਸਾਨੂੰ ਕੁਦਰਤ, ਵਿਰਸੇ ਅਤੇ ਸੱਭਿਆਚਾਰ ਨਾਲ ਵੀ ਜੋੜਦਾ ਹੈ।

•



Sri Satguru Jagjit Singh Ji eLibrary NamdhariElibrary@gmail.com

## ਕਿਰਤ ਦੀਆਂ ਖ਼ੁਸ਼ਬੋਆਂ

- ਕਣਕ ਦੇ ਖੇਤ ਨੂੰ ਲਗਦਾ ਪਹਿਲਾ ਪਾਣੀ।
- ਘੁਲਾੜੀ/ਹਲਟ/ਹਲਟੀ।
- ਵਾਹੇ ਜਾ ਰਹੇ ਖੇਤ ਦੀ ਮਿੱਟੀ ਦੀ ਮਹਿਕ।
- ਸਰੋਂ/ਕਮਾਦ ਦੀ ਗੋਦ ਵਿੱਚ ਕਣਕ ਦੀ ਫ਼ਸਲ।
- ਮੂੰਗਫ਼ਲੀ ਪੁੱਟਦੇ ਕਾਮੇ।
- ਆਲੂਆਂ/ਸੂਰਜਮੁਖੀ ਦਾ ਖੇਤ।
- ਮਿਰਚਾਂ/ਮਟਰ/ਟਮਾਟਰ ਤੋੜਦੀਆਂ ਔਰਤਾਂ।
- ਘਰਾਟ/ਟਿਊਬਵੈੱਲ/ਮੋਟਰ।
- ਖੇਤ ਨੂੰ ਲਗਦਾ ਪਾਣੀ/ਡੁੱਬਦਾ ਸੂਰਜ।
- ਖਿੜੀ ਹੋਈ ਕੱਤੇ ਦੀ ਕਪਾਹ।
- ਖੂਹ 'ਤੇ ਪਏ ਕੋਰੇ ਘੜੇ ਦੀ ਮਹਿਕ।
- ਪੋਹ ਦੇ ਮਹੀਨੇ ਪਸ਼ੂਆਂ ਵਾਲੇ ਵਰਾਂਡੇ ਦਾ ਨਿੱਘ।
- ਬੋਰ ਕਰਨ ਸਮੇਂ ਪੱਤਣ ਦਰ ਪੱਤਣ ਮਿੱਟੀ ਦੇ ਬਦਲਦੇ ਰੰਗ।

ਤੁਸੀਂ ਉੱਪਰ ਲਿਖੇ ਜਾਂ ਖੇਤੀ ਨਾਲ ਸੰਬੰਧਤ ਕੋਈ ਹੋਰ ਕੰਮ ਹੱਥੀਂ ਕਰ ਕੇ ਵੇਖਣਾ, ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡਾ ਤਨ ਅਤੇ ਮਨ ਜ਼ਿੰਦਗੀ ਦੀ ਸਤਰੰਗੀ ਪੀਂਘ ਤੇ ਝੂਟੇ ਲੈ ਰਿਹਾ ਹੈ।

ਰੱਬ ਕਰੇ ਤੁਹਾਡੇ ਹੱਥਾਂ ਨੂੰ ਛੂਹਿਆਂ ਕਿਰਤ ਦੀ ਛੋਹ ਪ੍ਰਾਪਤ ਹੋਵੇ, ਤੁਹਾਡੇ ਬੋਲਾਂ 'ਚੋਂ ਕਿਰਤ ਦਾ ਸੰਗੀਤ ਗੂੰਜੇ ਤੇ ਤੁਹਾਡੇ ਜਿਸਮ 'ਚੋਂ ਕਿਰਤ ਦੀ ਮਹਿਕ ਆਵੇ।

•



Sri Satguru Jagjit Singh Ji eLibrary NamdhariElibrary@gmail.com

# ਕੰਮ ਦੀ ਮੁਹਾਰਤ

ਇੱਕ ਮਹੀਨਾ ਜਪਾਨ ਰਹਿ ਕੇ ਆਏ ਆਪਣੇ ਇੱਕ ਸੀਨੀਅਰ ਅਧਿਕਾਰੀ ਤੋਂ ਮੈਂ ਪੁੱਛਿਆ ਕਿ ਉੱਥੋਂ ਦੀ ਕਿਸ ਗੱਲ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। 'ਲੋਕਾਂ ਵਿੱਚ ਕੰਮ ਪ੍ਰਤੀ ਲਗਨ ਅਤੇ ਮੁਹਾਰਤ ਸਿਖਰ ਦੀ ਹੈ' ਉਨ੍ਹਾਂ ਉੱਤਰ ਦਿੱਤਾ।

ਉਨ੍ਹਾਂ ਨੇ ਅੱਗੇ ਕਿਹਾ, 'ਉੱਥੇ ਜੇ ਕਿਸੇ ਵਿਅਕਤੀ ਨੂੰ ਤੁਸੀਂ ਆਪਣੇ ਘਰ/ਕਮਰੇ ਵਿੱਚ ਫਰੇਮ ਹੋਈ ਫੋਟੋ ਲਗਾਉਣ ਲਈ ਬੁਲਾਇਆ ਤਾਂ ਉਹ ਵਿਅਕਤੀ ਕੰਧ 'ਤੇ ਫੋਟੋ ਲਗਾਉਣ ਵਾਲੀ ਥਾਂ ਦੀ ਚੋਣ ਬਹੁਤ ਗੰਭੀਰਤਾ ਨਾਲ ਕਰੇਗਾ, ਘੱਟ ਤੋਂ ਘੱਟ ਤੋੜ-ਫੋੜ ਕਰੇਗਾ ਅਤੇ ਤਸਵੀਰ ਸੌ ਪ੍ਰਤੀਸ਼ਤ ਸੇਧ ਵਿੱਚ ਹੋਵੇਗੀ। ਉੱਥੇ ਹਰ ਕੰਮ ਕਰਨ ਵਾਲਾ, ਕੰਮ ਸਮਾਪਤ ਹੋਣ ਤੋਂ ਬਾਅਦ ਚੁੱਪ-ਚਾਪ ਚਲਿਆ ਜਾਵੇਗਾ ਅਤੇ ਖ਼ੁਦ ਆ ਕੇ ਜਾਂ ਫ਼ੋਨ ਕਰ ਕੇ ਸੰਬੰਧਤ ਵਿਅਕਤੀ ਤੋਂ ਉਸ ਕੰਮ ਦੇ ਸਹੀ ਸਲਾਮਤ ਹੋਣ ਦੀ ਪੁਸ਼ਟੀ ਕਰੇਗਾ। ਜੇ ਕੋਈ ਮੁਰੰਮਤ ਜਾਂ ਤਬਦੀਲੀ ਕਰਨ ਦੀ ਲੋੜ ਹੈ ਤਾਂ ਉਹ ਫਿਰ ਅਜਿਹਾ ਕਰਦਾ ਹੈ। ਉੱਥੇ ਕੰਮ ਕਰਨ ਵਾਲੇ ਪੈਸੇ ਨਹੀਂ ਮੰਗਦੇ, ਜਦੋਂ ਕੰਮ ਦੇ ਸਹੀ ਹੋਣ ਦੀ ਪੂਰੀ ਤਸੱਲੀ ਹੋ ਜਾਂਦੀ ਹੈ ਉਦੋਂ ਮਾਲਕ ਆਪ ਫ਼ੋਨ ਕਰ ਕੇ ਪੈਸੇ ਭੇਜਦਾ/ਦਿੰਦਾ ਹੈ। ਉੱਥੇ ਕਾਮੇ ਦਾ ਸੰਬੰਧ ਪੇਮੈਂਟ ਨਾਲ ਘੱਟ, ਕੰਮ ਦੀ ਲਗਨ ਅਤੇ ਮੁਹਾਰਤ ਨਾਲ ਵੱਧ ਹੁੰਦਾ ਹੈ।'

ਬਚਪਨ ਦੀ ਇੱਕ ਬਹੁਤ ਧੁੰਦਲੀ ਯਾਦ ਹੈ। ਤੂਤ ਦੀਆਂ ਛਿਟੀਆਂ ਤੋਂ ਟੋਕਰੇ/ਟੋਕਰੀਆਂ ਬਣਾਉਣ ਵਾਲੇ ਵਿਅਕਤੀ ਬਾਹਰਲੇ ਘਰ ਬੁਲਾਏ ਜਾਂਦੇ ਸਨ। ਪਿਉ-ਪੁੱਤ, ਚਾਚੇ-ਭਤੀਜੇ ਇੱਕੋ ਪਰਿਵਾਰ ਦੇ ਸੱਤ-ਅੱਠ ਵਿਅਕਤੀ ਇਕੱਠੇ ਆਉਂਦੇ। ਪਤਲੀਆਂ-ਪਤਲੀਆਂ ਛਿਟੀਆਂ ਨੂੰ ਉਹ ਵੱਖਰਾ ਛਾਂਟ ਲੈਂਦੇ। ਸਿਆਲਾਂ ਦੇ ਦਿਨ ਜਦੋਂ ਸੂਰਜ ਦੀਆਂ ਕਿਰਨਾਂ ਇਨ੍ਹਾਂ ਕਾਮਿਆਂ ਦੇ ਚਿਹਰਿਆਂ 'ਤੇ ਪੈਂਦੀਆਂ ਤਾਂ ਉਹ ਆਪਣੇ ਕੰਮ ਵਿੱਚ ਪੂਰੀ ਤਰ੍ਹਾਂ ਮਗਨ ਹੁੰਦੇ ਜਾਂਦੇ। ਉਨ੍ਹਾਂ ਦੇ ਹੱਥਾਂ ਦੀ ਰਫ਼ਤਾਰ ਤੇਜ਼ ਹੋਣ ਲੱਗਦੀ ਅਤੇ ਗੱਲਾਂ ਦੀ ਅਵਾਜ਼ ਮੱਧਮ ਹੁੰਦੀ ਜਾਂਦੀ। ਉਨ੍ਹਾਂ ਦੇ ਮੱਥਿਆਂ ਤੇ ਪਸੀਨਾ ਸਿੰਮ ਆਉਂਦਾ। ਹਰ ਇੱਕ ਨੇ ਅੱਠ-ਅੱਠ, ਦਸ-ਦਸ ਟੋਕਰੇ/ਟੋਕਰੀਆਂ ਬਣਾਉਨ ਦੀ ਆਪਣੀ-ਆਪਣੀ ਗਿਣਤੀ ਪੂਰੀ ਕਰਨੀ ਹੁੰਦੀ ਸੀ। ਕੰਮ ਵਿੱਚ ਉਹ ਏਨੇ ਮਗਨ ਕਿ ਖਾਣਾ-ਪੀਣਾ ਭੁੱਲ ਜਾਂਦੇ।

ਕੰਮ ਵਿੱਚ ਮੁਹਾਰਤ ਤੁਹਾਡੀ ਜ਼ਿੰਦਗੀ ਦੀ ਸੁੱਚਮ ਦਾ ਸੰਕੇਤ ਹੈ।

•



Sri Satguru Jagjit Singh Ji eLibrary NamdhariElibrary@gmail.com

## ਸਾਹਸ

ਪੰਛੀ ਸੁਨਹਿਰੀ ਮਰੁਵਾ (Golden Plover) ਅਲਾਸਕਾ ਤੋਂ ਹਵਾਈ ਟਾਪੂਆਂ ਤੱਕ ਦਾ 4000 ਕਿਲੋਮੀਟਰ ਦਾ ਸਫ਼ਰ ਖੁੱਲ੍ਹੇ ਸਮੁੰਦਰ ਉੱਪਰ ਦੀ ਸਲਾਨਾ ਤੈਅ ਕਰਦੇ ਹਨ। ਉਸ ਰਸਤੇ 'ਤੇ ਕੋਈ ਟਾਪੂ ਵੀ ਨਹੀਂ ਤੇ ਇਹ ਪੰਛੀ ਸਮੁੰਦਰ ਵਿੱਚ ਤੈਰ ਵੀ ਨਹੀਂ ਸਕਦੇ, ਇਨ੍ਹਾਂ ਪੰਛੀਆਂ ਨੂੰ 88 ਘੰਟੇ ਲਗਾਤਾਰ ਉੱਡਣਾ ਪੈਂਦਾ ਹੈ। ਹੇਠਾਂ ਅਥਾਹ ਸਮੁੰਦਰ ਲੇਕਿਨ ਪਰਵਾਸ ਕਰਦੇ ਇਹ ਪੰਛੀ ਪਾਣੀ ਦੀ ਇੱਕ ਬੂੰਦ ਵੀ ਨਹੀਂ ਭਰ ਸਕਦੇ। ਪੰਛੀ ਵਿਗਿਆਨੀਆਂ ਅਨੁਸਾਰ ਇਹ ਸਫ਼ਰ ਤੈਅ ਕਰਨ ਲਈ 88 ਗ੍ਰਾਮ ਊਰਜਾ ਰੂਪੀ ਚਰਬੀ ਦੀ ਲੋੜ ਹੁੰਦੀ ਹੈ, ਜਦੋਂ ਕਿ ਇਨ੍ਹਾਂ ਪੰਛੀਆਂ ਦੇ ਸਰੀਰ ਵਿੱਚ 70 ਕੁ ਗ੍ਰਾਮ ਚਰਬੀ ਹੀ ਹੁੰਦੀ ਹੈ। ਇਨ੍ਹਾਂ ਅੰਕੜਿਆਂ ਅਨੁਸਾਰ 800 ਕਿਲੋਮੀਟਰ ਸਫ਼ਰ ਰਹਿੰਦਿਆਂ ਹੀ ਇਹ ਪੰਛੀ ਸਮੁੰਦਰ ਵਿੱਚ ਡਿੱਗ ਕੇ ਮਰ ਮਿੱਟ ਜਾਣੇ ਚਾਹੀਦੇ ਹਨ। ਲੇਕਿਨ ਅਜਿਹਾ ਹੁੰਦਾ ਨਹੀਂ, ਇਹ ਪੰਛੀ ਸਫ਼ਲਤਾ ਪੂਰਵਕ ਸਫ਼ਰ ਪੂਰਾ ਕਰਦੇ ਹਨ।

ਅਜਿਹਾ ਸੰਭਵ ਕਿਵੇਂ ਹੁੰਦਾ ਹੈ। ਦਰਅਸਲ ਇਹ ਪੰਛੀ ਅੰਗਰੇਜ਼ੀ ਦੇ ਅੱਖਰ 'ਵੀ' ਅਕਾਰ ਦਾ ਝੁੰਡ ਬਣਾ ਕੇ ਉੱਡਦੇ ਹਨ। ਇਸ ਨਾਲ ਹਵਾ ਦੀ ਵਿਰੋਧਤਾ ਘੱਟਦੀ ਹੈ ਤੇ ਪੰਛੀਆਂ ਦੇ ਸਰੀਰ ਦੀ 23% ਊਰਜਾ ਦੀ ਬਚੱਤ ਹੁੰਦੀ ਹੈ। ਜਦੋਂ ਤੱਕ ਇਹ ਪੰਛੀ ਹਵਾਈ ਟਾਪੂਆਂ ਤੱਕ ਪਹੁੰਚਦੇ ਹਨ ਉਨ੍ਹਾਂ ਦੇ ਸਰੀਰ ਵਿੱਚ 6 ਤੋਂ 7% ਚਰਬੀ ਰਿਜ਼ਰਵ ਬਚੀ ਹੁੰਦੀ ਹੈ ਤਾਂ ਜੋ ਵਿਪਰੀਤ ਹਵਾਵਾਂ ਦੇ ਵਗਣ ਸਮੇਂ ਵਾਧੂ ਜੋਰ ਲਾਇਆ ਜਾ ਸਕੇ। ਜਦ ਇਹ ਪੰਛੀ ਆਪਣੇ ਟਿਕਾਣੇ 'ਤੇ ਪਹੁੰਚਦੇ ਹਨ ਤਾਂ ਇਨ੍ਹਾਂ ਦੀ ਪਹੁੰਚ ਪ੍ਰਕਿਰਿਆ ਵੇਖਣ ਵਾਲੀ ਹੁੰਦੀ ਹੈ। ਜੇਤੂ-ਭਾਵਨਾ ਨਾਲ ਨਿੱਘੇ ਤੇ ਗਰਮ ਬੋਟ, ਹੌਲੀ ਜਿਹੇ ਸਮੁੰਦਰੀ ਕਿਨਾਰਿਆਂ ਨੂੰ ਜਾ ਛੋਂਹਦੇ ਹਨ ਅਤੇ ਸਮੁੰਦਰੀ ਛੱਲਾਂ ਦੀ ਮਧੁਰ ਅਵਾਜ਼ ਇਨ੍ਹਾਂ ਮਹਿਮਾਨਾਂ ਦਾ ਸਵਾਗਤ ਕਰਦੀ ਹੈ।

ਨੌਜਵਾਨਾਂ ਨੂੰ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਪਰਵਾਸੀ ਪੰਛੀਆਂ ਦੇ ਲੰਬੇ ਸਫ਼ਰ ਦੀ ਮਿਹਨਤ-ਮੁਸ਼ੱਕਤ ਵਾਂਗ ਆਪਣੇ ਸਰੀਰ ਨੂੰ ਸਖ਼ਤ ਮਿਹਨਤ ਦੀ ਤਾਣ 'ਤੇ ਲਾਉਣਾ ਚਾਹੀਦਾ ਹੈ। ਹੱਥੀਂ ਮਿਹਨਤ ਦਾ ਲੰਬਾ ਸਫ਼ਰ ਜਿੱਥੇ ਰਸਤੇ ਵਿੱਚ ਕੁਝ ਵੀ ਖਾਣ-ਪੀਣ ਤੇ ਮਿਲਣ ਦੀ ਆਸ ਨਾ ਹੋਵੇ।

•



Sri Satguru Jagjit Singh Ji eLibrary NamdhariElibrary@gmail.com

# ਫੁਰਤੀਲਾਪਣ

ਪੈਦਲ ਤੁਰੋ। ਵੱਧ ਤੋਂ ਵੱਧ ਪੈਦਲ ਤੁਰਨ ਦੀ ਆਦਤ ਪਾਉ। ਤੁਹਾਨੂੰ ਪੈਦਲ ਤੁਰਨ ਦਾ ਬਹਾਨਾ ਲੱਭਣਾ ਚਾਹੀਦਾ ਹੈ। ਹੱਥੀਂ ਕੰਮ ਕਰਨ ਨਾਲ ਵਿਅਕਤੀ ਦਾ ਸਰੀਰ ਪਤਲਾ, ਛਾਂਟਵਾਂ, ਫੁਰਤੀਲਾ ਅਤੇ ਚੁਸਤ ਰਹਿੰਦਾ ਹੈ। ਵੱਧ ਤੋਂ ਵੱਧ ਹੱਥੀਂ ਕੰਮ ਕਰੋ। ਤੁਹਾਨੂੰ ਸਿਆਲਾਂ ਦੇ ਦਿਨਾਂ 'ਚ ਵੀ ਪਸੀਨਾ ਆਉਣਾ ਚਾਹੀਦਾ ਹੈ। ਜਵਾਨੀ ਦਾ ਉਹ ਦਿਨ ਬੇਕਾਰ ਗਿਆ ਜਿਸ ਦਿਨ ਉਸ ਦੇ ਸਰੀਰ ਨੂੰ ਪਸੀਨਾ ਨਹੀਂ ਆਇਆ। ਸਰੀਰਕ ਤੇ ਮਾਨਸਿਕ ਤੌਰ 'ਤੇ ਹਲਕੇ-ਫੁਲਕੇ ਰਹੋ।

ਵੱਧ ਸਰੀਰਕ ਭਾਰ ਸਾਡੇ ਫੁਰਤੀਲੇਪਣ ਦੀ ਸਮਰੱਥਾ ਨੂੰ ਘਟਾਉਂਦਾ ਹੈ। ਮਾਹਿਰ ਕਹਿੰਦੇ ਹਨ ਕਿ ਭੁੱਖ ਨਾਲੋਂ ਘੱਟ ਖਾਣਾ ਚਾਹੀਦਾ ਹੈ। ਲੇਕਿਨ ਅਸੀਂ ਇਸ ਦੇ ਉਲਟ ਵਿਵਹਾਰ ਕਰਦੇ ਹਾਂ। ਜਦੋਂ ਅਸੀਂ ਜ਼ਿੰਦਗੀ 'ਚ ਉੱਖੜੇ ਹੋਏ ਜਾਂ ਗੁੱਸੇ ਵਿੱਚ ਹੁੰਦੇ ਹਾਂ ਤਾਂ ਅਸੀਂ ਲੋੜ ਤੋਂ ਵੱਧ ਖਾਣਾ ਖਾਂਦੇ ਹਾਂ। ਮੇਰੇ ਇੱਕ ਸੀਨੀਅਰ ਅਧਿਕਾਰੀ ਸਵੇਰੇ ਘਰੋਂ ਨਾਸ਼ਤਾ ਕਰ ਕੇ ਆਉਂਦੇ ਹਨ, ਸ਼ਾਮ ਦੇ ਪੰਜ-ਛੇ ਵੱਜਣ ਜਾ ਰਾਤ ਦੇ ਅੱਠ-ਦਸ, ਉਹ ਘਰ ਜਾ ਕੇ ਹੀ ਕੁਝ ਖਾਂਦੇ-ਪੀਂਦੇ ਹਨ। ਕੰਮ ਵਿੱਚ ਦਿਲਚਸਪੀ ਤੇ ਨਿਪੁੰਨਤਾ ਦੀ ਰੁਚੀ ਉਨ੍ਹਾਂ ਨੂੰ ਭੁੱਖ ਮਹਿਸੂਸ ਨਹੀਂ ਹੋਣ ਦਿੰਦੀ। ਸਾਰੀ ਨੌਕਰੀ ਉਨ੍ਹਾਂ ਦਾ ਇਹੋ ਨੇਮ ਰਿਹਾ। ਅਜਿਹੇ ਵਿਅਕਤੀ ਸਾਡੇ ਰੋਲ ਮਾਡਲ ਹੋਣੇ ਚਾਹੀਦੇ ਹਨ। ਭੁੱਖ ਕੇਵਲ ਰੋਟੀ ਦੀ ਹੀ ਨਹੀਂ ਲੱਗਣੀ ਚਾਹੀਦੀ ਤੁਹਾਨੂੰ ਕੰਮ, ਕਸਰਤ ਤੇ ਪੜ੍ਹਨ ਦੀ ਖੋਹ ਵੀ ਪੈਣੀ ਚਾਹੀਦੀ ਹੈ।

ਬੋਲਾਂ ਤੋਂ ਬਿਨਾਂ ਸਰੀਰ ਦੀ ਵੀ ਭਾਸ਼ਾ ਹੁੰਦੀ ਹੈ। ਇਸ਼ਾਰੇ ਵੀ ਗੱਲਾਂ ਕਰਦੇ ਹਨ। ਫੁਰਤੀਲਾਪਣ ਸਰੀਰ ਦੀ ਭਾਸ਼ਾ ਨੂੰ ਨਿਖਾਰਦਾ ਹੈ। ਕੇਵਲ ਸਰੀਰ ਹੀ ਨਹੀਂ ਤੁਹਾਡੇ ਬੋਲ, ਨਜ਼ਰ, ਚਾਲ ਅਤੇ ਦਿੱਖ ਸਭ ਕੁਝ ਵਿੱਚ ਫੁਰਤੀਲੇਪਣ ਦੇ ਅੰਸ਼ ਮੌਜੂਦ ਹੋਣੇ ਚਾਹੀਦੇ ਹਨ। ਫੁਰਤੀਲੇਪਣ ਦੀ ਇਸ ਢਾਲ ਨੂੰ ਚੰਗਾ ਸਲੂਕ ਕਰਨ ਲਈ ਵਰਤੋਂ ਵਿੱਚ ਲਿਆਉ।

•



Sri Satguru Jagjit Singh Ji eLibrary NamdhariElibrary@gmail.com

# ਸੇਧ, ਸਾਦਗੀ ਤੇ ਸਲੀਕਾ

ਨੌਜਵਾਨਾਂ ਨੂੰ ਸੇਧ ਦੇਣ ਦੇ ਮੌਕੇ ਤੇ ਉਨ੍ਹਾਂ ਲਈ ਪਾਏ ਪੂਰਨੇ ਉਨ੍ਹਾਂ ਦੇ ਸਫ਼ਰ ਦੀ ਦਿਸ਼ਾ ਨਿਰਧਾਰਿਤ ਕਰਦੇ ਹਨ। ਅਜਿਹੇ ਮੌਕਿਆਂ ਦੀ ਅਣਹੋਂਦ ਉਨ੍ਹਾਂ ਨੂੰ ਕੁਰਾਹੇ ਪਾ ਦਿੰਦੀ ਹੈ। ਮਾੜੇ ਸਾਥ ਦਾ ਅੰਤ ਦੁੱਖ ਵਾਲਾ ਹੁੰਦਾ ਹੈ। ਲੜਾਈ-ਝਗੜੇ, ਨਸ਼ੇ ਤੇ ਗੈਂਗਵਾਰ ਇਸੇ ਸਫ਼ਰ ਦੇ ਪੜਾਅ ਹਨ। ਇੱਕ ਅੰਗਰੇਜ਼ੀ ਕਹਾਵਤ ਹੈ, 'ਮਾੜੀ ਸੰਗਤ ਨਾਲੋਂ ਬੰਦਾ ਇਕੱਲਾ ਹੀ ਚੰਗਾ ਹੈ।'

ਕੁਦਰਤ ਸਾਦਗੀ ਦਾ ਪ੍ਰਤੀਕ ਹੈ। ਸਾਦਗੀ ਸਾਡੇ ਤੇ ਜ਼ਿੰਦਗੀ ਦਾ ਦਬਾਉ ਘਟਾਉਂਦੀ ਹੈ, ਜਦੋਂ ਕਿ ਵਿਖਾਵਾ ਇਸ ਦਬਾਉ ਨੂੰ ਵਧਾਉਂਦਾ ਹੈ। ਵਿਖਾਵੇ ਵਿੱਚ ਪੈ ਕੇ ਅਸੀਂ ਮਾਨਸਿਕ ਤੌਰ 'ਤੇ ਉੱਖੜ ਜਾਂਦੇ ਹਾਂ ਤੇ ਉੱਖੜਿਆ ਮਨ ਕਈ ਗ਼ਲਤੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਸਾਧਾਰਨ ਪਹਿਰਾਵਾ ਸਾਡੀ ਸਾਦਗੀ ਦਾ ਪ੍ਰਮਾਣ ਹੈ। ਸ਼ਾਦਗੀ ਕੇਵਲ ਤਨ ਦੀ ਹੀ ਨਹੀਂ ਮਨ ਦੀ ਵੀ ਹੋਣੀ ਚਾਹੀਦੀ ਹੈ। ਸਾਦਗੀ ਵਿੱਚ ਸੁਹਜ ਤੇ ਸੁਹੱਪਣ ਹੈ। ਸਾਦਗੀ ਵਿੱਚ ਸਵੈ-ਮਾਣ ਵੀ ਹੈ। ਸਾਦਗੀ ਆਪਣੇ-ਆਪ ਵਿੱਚ ਜ਼ਿੰਦਗੀ ਦਾ ਹਾਸਲ ਹੈ।

ਤੁਹਾਡੇ ਵਿੱਚ ਸਿਖਰ ਦਾ ਸਲੀਕਾ ਹੋਣਾ ਚਾਹੀਦਾ ਹੈ। ਅਜਨਬੀਆਂ ਵਿੱਚ ਇੰਝ ਵਿਚਰੋ ਕਿ ਝੱਟ-ਪੱਟ ਉਨ੍ਹਾਂ ਦਾ ਧਿਆਨ ਤੁਹਾਡੇ ਵੱਲ ਖਿੱਚਿਆ ਜਾਵੇ। ਸਲੀਕਾ ਉਸ ਡਰਾਈਵਰ ਵਾਂਗ ਹੈ ਜੋ ਬ੍ਰੇਕ ਮਾਰਨ ਦੀ ਥਾਂ ਆਪਣੀ ਤੇਜ਼ ਰਫ਼ਤਾਰ ਗੱਡੀ ਦੀ ਸਪੀਡ ਐਡਜਸਟ ਕਰ ਕੇ ਹੋਰ ਗੱਡੀਆਂ ਨੂੰ ਕਰਾਸ ਕਰਦਾ ਲੰਬਾ ਸਫ਼ਰ ਤੈਅ ਕਰਦਾ ਹੈ। ਸਲੀਕਾ ਭਾਵੇਂ ਰੁਜ਼ਗਾਰ ਦਾ ਸਿੱਧਾ ਸਰੋਤ ਨਹੀਂ ਹੈ ਪਰ ਇਹ ਤੁਹਾਨੂੰ ਕੱਕੇ ਰੇਤੇ ਨਾਲ ਮਾਂਜੇ-ਸਵਾਰੇ ਭਾਂਡੇ ਵਾਂਗ ਚਮਕਾ ਦਿੰਦਾ ਹੈ ਤੇ ਜ਼ਿੰਦਗੀ ਦੇ ਬਜ਼ਾਰ ਵਿੱਚ ਤੁਸੀਂ ਆਪਣੀ ਕੀਮਤ ਮੰਗਣ ਦੇ ਹੱਕਦਾਰ ਹੋ ਜਾਂਦੇ ਹੋ।

ਸਾਦਗੀ ਤੇ ਸਲੀਕਾ ਜ਼ਿੰਦਗੀ ਦੇ ਸੁੱਚੇ ਮੋਤੀ ਹਨ।

•



Sri Satguru Jagjit Singh Ji eLibrary NamdhariElibrary@gmail.com

# ਯਤਨ

ਜੇ ਤੁਸੀਂ ਸਰਕਾਰੀ ਨੌਕਰੀ ਹਾਸਲ ਨਹੀਂ ਕਰ ਸਕੇ ਤਾਂ ਵੀ ਕੋਈ ਵੱਡੀ ਗੱਲ ਨਹੀਂ ਹੈ। ਆਈ.ਏ.ਐੱਸ./ਆਈ.ਪੀ.ਐੱਸ. ਬਣ ਕੇ ਵੀ ਕਈ ਵਿਅਕਤੀ ਨੌਕਰੀ ਛੱਡਦੇ ਵੇਖੇ ਗਏ ਹਨ।

ਲੱਖ ਕੋਸ਼ਿਸ਼ਾਂ ਦੇ ਬਾਅਦ ਵੀ ਜੇ ਕੁਝ ਨਹੀਂ ਬਣਦਾ ਤਾਂ ਕੋਈ ਫ਼ਿਕਰ ਨਹੀਂ ਕਰਨਾ ਚਾਹੀਦਾ। ਬਿਲਕੁੱਲ ਹੀ ਬੇ-ਫ਼ਿਕਰ ਹੋ ਜਾਓ। ਰੱਬ ਨੇ ਤੁਹਾਨੂੰ ਕਿਸੇ ਹੋਰ ਮਹੱਤਵਪੂਰਨ ਕਾਰਜ ਲਈ ਰਾਖਵਾਂ ਰੱਖਿਆ ਹੈ। ਕਿਸੇ ਵੀ ਹਾਲਾਤ ਵਿੱਚ ਨਮੋਸ਼ੀ ਨਹੀਂ ਮਹਿਸੂਸ ਕਰਨੀ ਚਾਹੀਦੀ। ਬੱਸ ਇੱਕੋ ਗੱਲ ਦੀ ਫ਼ਿਕਰ ਕਰੋ ਕਿ ਤੁਹਾਡੇ ਯਤਨਾਂ ਵਿੱਚ ਕੋਈ ਢਿੱਲ ਨਹੀਂ ਹੋਣੀ ਚਾਹੀਦੀ। ਜਿਵੇਂ-ਜਿਵੇਂ ਦਿਨ ਆਈ ਜਾਂਦੇ ਹਨ ਤਿਵੇਂ-ਤਿਵੇਂ ਜਿਊਂਣਾ ਸ਼ੁਰੂ ਕਰੋ। ਦਿਨ, ਪਹਿਰ, ਘੰਟੇ ਅਤੇ ਮਿੰਟ, ਰੱਬ ਵੱਲੋਂ ਦਿੱਤਾ ਤੰਦਰੁਸਤ ਸਰੀਰ ਵੀ ਬਹੁਤ ਵੱਡੀ ਦਾਤ ਹੈ।

ਸਾਧਾਰਨ ਵਿਅਕਤੀ ਦੀ ਹੋਂਦ ਨੂੰ ਮਾਣੋ। ਵੱਡੀਆਂ ਨੌਕਰੀਆਂ ਤੇ ਉੱਚੇ ਅਹੁਦੇ ਜ਼ਿੰਦਗੀ ਦੇ ਦਾਇਰੇ ਨੂੰ ਸੀਮਤ ਰੱਖਦੇ ਹਨ। ਅਜਿਹੇ ਵਿਅਕਤੀ ਆਮ ਜ਼ਿੰਦਗੀ ਵੇਖਣ ਤੋਂ ਵਾਂਝੇ ਰਹਿ ਜਾਂਦੇ ਹਨ। ਜੇ ਇੱਕ ਚੀਜ਼ ਮਿਲਦੀ ਹੈ ਤਾਂ ਦੋ ਖੁੱਸ ਜਾਂਦੀਆਂ ਹਨ। ਉੱਚੇ ਅਹੁਦਿਆਂ 'ਤੇ ਰਹਿਣ ਵਾਲੇ ਆਮ ਜ਼ਿੰਦਗੀ ਨਾਲੋਂ ਕੱਟੇ ਜਾਂਦੇ ਹਨ।

ਆਪਣੇ ਦੁੱਖ ਭੁਲਾ ਕੇ ਕਿਸੇ ਦੁਖੀ ਦੀ ਮੱਦਦ ਕਰੋਗੇ ਤਾਂ ਜ਼ਿੰਦਗੀ ਦੇ ਪਰਦੇ 'ਤੇ ਬਹੁਤ ਕੁਝ ਬਦਲਿਆ ਨਜ਼ਰ ਆਵੇਗਾ, ਤੁਹਾਨੂੰ ਆਪਣੇ ਦੁੱਖ ਛੋਟੇ ਦਿਖਾਈ ਦੇਣਗੇ ਤੇ ਤੁਹਾਨੂੰ ਆਪਣਾ ਹੌਸਲਾ ਕਈ ਗੁਣਾ ਵੱਡਾ ਮਹਿਸੂਸ ਹੋਣ ਲੱਗੇਗਾ।

ਯਤਨਾਂ ਦੀ ਛਾਂਵੇਂ ਬੈਠੋ।

•



Sri Satguru Jagjit Singh Ji eLibrary NamdhariElibrary@gmail.com

## ਰੁਝੇਵਾਂ

ਕੰਮ ਵਿੱਚ ਰੁੱਝੇ ਰਹਿਣਾ ਜਵਾਨੀ ਦੀ ਸਫ਼ਲਤਾ ਦਾ ਮੂਲ ਮੰਤਰ ਹੈ। ਤੁਹਾਨੂੰ ਪਤਾ ਹੀ ਨਾ ਲੱਗੇ ਕਿ ਦਿਨ ਕਿਵੇਂ ਬੀਤ ਗਿਆ। ਜੋ ਜਿੰਨਾਂ ਕੰਮ ਵਿੱਚ ਰੁੱਝਿਆ ਰਹੇਗਾ ਉਸ ਦੀ ਜ਼ਿੰਦਗੀ ਨੂੰ ਓਨਾਂ ਹੀ ਗੂੜ੍ਹਾ ਰੰਗ ਚੜ੍ਹੇਗਾ। ਕੰਮ ਦਾ ਵਟਣਾ ਮਲਣ ਨਾਲ ਤੁਸੀਂ ਜ਼ਿੰਦਗੀ ਦੇ ਮਤਾਬੀ ਰੰਗਾਂ ਵਿੱਚ ਰੰਗੇ ਜਾਂਦੇ ਹੋ।

ਕੈਨੇਡਾ ਅਤੇ ਅਮਰੀਕਾ ਵਰਗੇ ਮੁਲਕਾਂ ਵਿੱਚ ਸਕੂਲ/ਕਾਲਜ ਪੜ੍ਹਦੇ ਬੱਚਿਆਂ ਨੂੰ ਛੁੱਟੀਆਂ ਵਿੱਚ ਸਟੋਰ, ਗੈਸ ਪੰਪ, ਉਦਯੋਗ ਯੂਨਿਟ ਅਤੇ ਵਪਾਰਿਕ ਥਾਵਾਂ 'ਤੇ ਹੱਥੀਂ ਕੰਮ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਇੰਝ ਉਨ੍ਹਾਂ ਲਈ ਕਿਰਤ ਦੇ ਪੂਰਨੇ ਪਾਏ ਜਾਂਦੇ ਹਨ। ਇਸ ਨਾਲ ਉਨ੍ਹਾਂ ਦਾ ਕੰਮ ਕਰਨ ਵਿੱਚ ਜੀਅ ਲੱਗਣ ਲਗਦਾ ਹੈ। ਪੜ੍ਹਾਈ ਤੋਂ ਬਾਅਦ ਉਹ ਅਜਿਹੀਆਂ ਥਾਵਾਂ 'ਤੇ ਲੋੜ ਅਨੁਸਾਰ ਰੁਜ਼ਗਾਰ ਵੀ ਲੱਭ ਲੈਂਦੇ ਹਨ। ਲੇਕਿਨ ਸਾਡੇ ਹਾਲਾਤ ਇਸ ਦੇ ਉਲਟ ਹਨ। ਸਾਨੂੰ ਇਸ ਊਣਤਾਈ ਦੀ ਪਹਿਚਾਣ ਹੋਣੀ ਚਾਹੀਦੀ ਹੈ ਅਤੇ ਆਪਣਾ ਰੁਝੇਵਾਂ ਆਪ ਲੱਭਣ ਲਈ ਹੋਰ ਸਾਰਥਿਕ ਯਤਨ ਕਰਨੇ ਚਾਹੀਦੇ ਹਨ।

ਵਿਹਲ ਮਨੁੱਖੀ ਮਨ ਲਈ ਘਾਤਕ ਹੈ। ਇਸੇ ਲਈ ਆਖਿਆ ਗਿਆ ਹੈ ਕਿ 'ਵਿਹਲਾ ਮਨ ਸ਼ੈਤਾਨ ਦਾ ਘਰ ਹੈ।' ਪੁਲੀਸ ਦੀ ਨੌਕਰੀ ਕਰਦਿਆਂ ਮੈਂ ਬਹੁਤ ਅਜਿਹੇ ਵਿਅਕਤੀਆਂ ਨੂੰ ਮਿਲਿਆ ਜੋ ਵਿਹਲ ਦੀ ਲਪੇਟ ਵਿੱਚ ਆ ਕੇ ਲੜਾਈ-ਝਗੜਿਆਂ ਵਿੱਚ ਫਸ ਗਏ ਜਾਂ ਸ਼ਰਾਬ ਦੀ ਆਦਤ ਦਾ ਸ਼ਿਕਾਰ ਹੋ ਗਏ। ਇਸ ਦੇ ਉਲਟ ਉਹ ਵਿਅਕਤੀ ਜਿਨ੍ਹਾਂ ਨੇ ਆਪਣੇ-ਆਪ ਨੂੰ ਕੰਮ ਤੇ ਕੇਂਦਰਿਤ ਰੱਖਿਆ ਉਨ੍ਹਾਂ ਨੇ ਮਾਣ-ਮੱਤਾ ਜੀਵਨ ਜੀਵਿਆ।

ਮਨੁੱਖੀ ਸਿਹਤ ਨਾਲ ਸੰਬੰਧਿਤ ਇੱਕ ਸੰਸਾਰ ਪੱਧਰ ਦੀ ਸੰਸਥਾ ਨੇ ਪਝੰਤਰ ਵਰ੍ਹਿਆਂ ਤੋਂ ਵੱਡੀ ਉਮਰ ਦੇ ਵਿਅਕਤੀਆਂ ਦਾ ਸਰਵੇਖਣ ਕਰਵਾਇਆ ਕਿ ਲੰਬੀ ਉਮਰ ਦੇ ਸਿਹਤਮੰਦ ਅਤੇ ਖ਼ੁਸ਼ਹਾਲ ਜੀਵਨ ਜੀਣ ਵਾਲੇ ਵਿਅਕਤੀਆਂ ਵਿੱਚ ਕਿਹੜਾ ਪੱਖ ਸਭ ਤੋਂ ਵੱਧ ਮਹੱਤਵਪੂਰਨ ਹੈ। ਖਾਣ-ਪੀਣ ਤੇ ਕਸਰਤ ਵਰਗੀਆਂ ਸੰਭਾਵਨਾਵਾਂ ਦੇ ਉਲਟ ਵੱਡੀ ਉਮਰ ਦੇ ਉਹ ਵਿਅਕਤੀ ਸਿਹਤਮੰਦ ਤੇ ਖ਼ੁਸ਼ਹਾਲ ਪਾਏ ਗਏ ਜਿਨ੍ਹਾਂ ਨੇ ਆਪਣੇ ਰੁਝੇਵਿਆਂ ਨੂੰ ਬਰਕਰਾਰ ਅਤੇ ਦਿਲਚਸਪ ਬਣਾਈ ਰੱਖਿਆ ਸੀ।

ਬਚਪਨ ਤੋਂ ਬੁਢੇਪੇ ਤੱਕ ਰੁਝੇਵਾਂ ਜ਼ਿੰਦਗੀ ਦਾ ਗਹਿਣਾ ਹੈ। ਜਵਾਨੀ ਵਿੱਚ ਇਸ ਗਹਿਣੇ ਨੂੰ ਰੱਜ ਕੇ ਹੰਢਾਉਣਾ ਚਾਹੀਦਾ ਹੈ।

•



Sri Satguru Jagjit Singh Ji eLibrary NamdhariElibrary@gmail.com

## ਗ਼ਲਤੀਆਂ

ਗ਼ਲਤੀਆਂ ਜ਼ਿੰਦਗੀ ਦਾ ਹਿੱਸਾ ਹਨ, ਪਰ ਕਈ ਗ਼ਲਤੀਆਂ ਬਹੁਤ ਛੋਟੀਆਂ ਹੁੰਦੀਆਂ ਹੋਈਆਂ ਵੀ ਜ਼ਿੰਦਗੀ ਦੇ ਪਰਦੇ 'ਤੇ ਬਹੁਤ ਵੱਡਾ ਪ੍ਰਭਾਵ ਪਾ ਜਾਂਦੀਆਂ ਹਨ। ਕਈ ਗ਼ਲਤੀਆਂ ਤੁਹਾਡੀ ਜ਼ਿੰਦਗੀ ਹੀ ਬਦਲ ਦਿੰਦੀਆਂ ਹਨ।

ਮੁਕਾਬਲੇ ਦੇ ਇਮਤਿਹਾਨਾਂ ਵਿੱਚ ਇੱਕ ਪ੍ਰਸ਼ਨ ਦੇ ਚਾਰ ਉੱਤਰ ਪੇਸ਼ ਕਰ ਕੇ ਠੀਕ ਨੂੰ ਚੁਣਨ ਦਾ ਮੌਕਾ ਦਿੱਤਾ ਜਾਂਦਾ ਹੈ। ਜੇ ਤੁਸੀਂ ਠੀਕ ਉੱਤਰ ਚੁਣਿਆ ਤਾਂ ਇਸ ਦੇ ਨੰਬਰ ਮਿਲਦੇ ਹਨ ਤੇ ਜੇਕਰ ਗ਼ਲਤ ਚੁਣ ਲਿਆ ਗਿਆ ਤਾਂ ਕੁਝ ਨੰਬਰ ਕੱਟ ਲਏ ਜਾਂਦੇ ਹਨ। ਇਸ ਨੂੰ 'ਨੈਗੇਟਿਵ ਮਾਰਕਿੰਗ' ਆਖਿਆ ਜਾਂਦਾ ਹੈ। ਸਾਰੀ ਜ਼ਿੰਦਗੀ ਸਾਡੀ ਇੰਝ ਮਾਰਕਿੰਗ ਹੁੰਦੀ ਰਹਿੰਦੀ ਹੈ। ਜ਼ਿੰਦਗੀ ਵਿੱਚ ਰੀ-ਟੇਕ ਨਹੀਂ ਹੁੰਦਾ ਹੈ। ਕੰਮ ਕਰਦਿਆਂ ਸਾਥੋਂ ਹਰ ਵੇਲੇ ਗ਼ਲਤੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਗ਼ਲਤੀਆਂ ਤੋਂ ਹੋਏ ਨੁਕਸਾਨ ਨੂੰ ਘਟਾਉਣ ਦਾ ਯਤਨ ਕਰਦੇ ਰਹੋ।

ਗ਼ਲਤੀਆਂ ਤੋਂ ਬਚਣ ਲਈ ਜ਼ਰੂਰੀ ਹੈ ਕਿ ਅਸੀਂ ਸਿਰੜ ਨਾਲ ਮਿਹਨਤ ਕਰੀਏ, ਜ਼ਿੰਦਗੀ ਪ੍ਰਤੀ ਸਾਕਾਰਾਤਮਿਕ ਰਵੱਈਆ ਰੱਖੀਏ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਨਿਪੁੰਨ ਹੋਈਏ। ਗ਼ਲਤੀਆਂ ਤੋਂ ਬਚਣ ਲਈ ਤਜਰਬੇ ਅਤੇ ਤਜਰਬੇਕਾਰ ਰਹਿਨੁਮਾਂਵਾਂ ਤੋਂ ਸੇਧ ਲੈਣ ਦੀ ਲੋੜ ਹੈ। ਜ਼ਿੰਦਗੀ ਵਿੱਚ ਤੁਹਾਡੀ ਸਥਿਤੀ ਹਵਾਈ ਜਹਾਜ਼ ਦੇ ਪਾਇਲਟ ਵਰਗੀ ਹੈ, ਛੋਟੀ ਜਿਹੀ ਗ਼ਲਤੀ ਵੀ ਫ਼ੈਸਲਾਕੁੰਨ ਹੋ ਸਕਦੀ ਹੈ।

ਸੋ ਗ਼ਲਤੀਆਂ ਪ੍ਰਤੀ ਸਦਾ ਸੁਚੇਤ ਰਹੀਏ।

•



Sri Satguru Jagjit Singh Ji eLibrary NamdhariElibrary@gmail.com

## ਲੇਖਾ-ਜੋਖਾ

ਪੰਦਰ੍ਹਾਂ ਵਰ੍ਹੇ ਪੁਰਾਣੀ ਗੱਲ ਹੈ, ਜ਼ਿਲ੍ਹੇ ਵਿੱਚ ਅਚਾਨਕ ਲੜਾਈ-ਝਗੜਿਆਂ ਅਤੇ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ। ਜ਼ਿਲ੍ਹਾ ਪੁਲੀਸ ਮੁਖੀ ਨੇ ਸੰਬੰਧਤ ਪੁਲੀਸ ਅਧਿਕਾਰੀਆਂ ਦੀ ਸ਼ਾਮੀਂ ਛੇ ਵਜੇ ਮੀਟਿੰਗ ਬੁਲਾਈ। ਵੱਧ ਰਹੇ ਕਰਾਈਮ ਗਰਾਫ਼ ਬਾਰੇ ਉਨ੍ਹਾਂ ਸਰਸਰੀ ਚਾਨਣਾ ਪਾਇਆ ਤੇ ਫਿਰ ਕਹਿਣ ਲੱਗੇ, 'ਵੇਖੋ ਬਈ ਮੇਰਾ ਤੇ ਪਿਛਲੇ ਚੰਗੇ ਕੰਮ ਕਰ ਕੇ ਹਾਲੇ ਚੰਗਾ ਪ੍ਰੋਫ਼ੈਸ਼ਨਲ ਵਰਕ ਅਕਾਊਂਟ ਹੈ, ਮੈਂ ਤੇ ਹਾਲੇ ਮਹੀਨਾ ਦੋ ਮਹੀਨੇ ਇੰਝ ਲੰਘਾ ਸਕਦਾ ਹਾਂ, ਤੁਸੀਂ ਵੇਖ ਲਓ ਕੰਮ ਕਰਨਾ ਚਾਹੁੰਦੇ ਹੋ ਜਾਂ ਫੀਲਡ ਤੋਂ ਬਾਹਰ ਜਾਣਾ ਚਾਹੁੰਦੇ ਹੋ।' ਉਨ੍ਹਾਂ ਨੇ ਚੁਟਕੀ ਮਾਰੀ ਤੇ ਸਾਨੂੰ ਇਸ਼ਾਰੇ ਨਾਲ ਦਫ਼ਤਰ 'ਚੋਂ ਬਾਹਰ ਜਾਣ ਨੂੰ ਆਖਿਆ। ਇਹ ਆਦੇਸ਼, ਚਿਤਾਵਨੀ ਤੇ ਚੈਲੇਂਜ ਦਾ ਸੁਮੇਲ ਸੀ।

ਉਸ ਦਿਨ ਜ਼ਿਲ੍ਹਾ ਹੈਡਕੁਆਟਰ ਤੋਂ ਵਾਪਸ ਜਾਂਦਿਆਂ ਮੈਨੂੰ ਮਹਿਸੂਸ ਹੋਇਆ ਕਿ ਅਕਾਊਂਟ ਕੇਵਲ ਰੁਪਏ-ਪੈਸਿਆਂ ਦੇ ਹੀ ਨਹੀਂ ਹੁੰਦੇ, ਤੁਹਾਡਾ ਕੰਮ-ਕਾਰ, ਮਿਹਨਤ, ਬੋਲ-ਚਾਲ, ਵਰਤਾਉ, ਆਚਰਣ, ਅਨੁਸ਼ਾਸਨ, ਸਿਹਤ ਅਤੇ ਲੋਕ-ਮਨਾਂ ਵਿੱਚ ਤੁਹਾਡੇ ਮਾਣ-ਇੱਜਤ ਦੇ ਵੀ ਅਕਾਊਂਟ ਹੁੰਦੇ ਹਨ। ਧਾਰਮਿਕ ਰਹਿਨੁਮਾ ਸਾਨੂੰ ਅਧਿਆਤਮਕ ਅਕਾਊਂਟ ਨੂੰ ਜ਼ਿੰਦਗੀ ਦੇ ਮੁੱਖ ਉਦੇਸ਼ ਹੋਣ ਦਾ ਉਪਦੇਸ਼ ਦਿੰਦੇ ਹਨ।

ਸਾਨੂੰ ਹਰ ਅਕਾਊਂਟ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਸਾਡੇ ਹਰ ਪਲ਼ ਦਾ ਲੇਖਾ-ਜੋਖਾ ਨਿਰੰਤਰ ਹੋ ਰਿਹਾ ਹੈ। ਅਸੀਂ ਸਦਾ ਮੁਲਾਂਕਣ ਅਧੀਨ ਹੁੰਦੇ ਹਾਂ।

•



Sri Satguru Jagjit Singh Ji eLibrary NamdhariElibrary@gmail.com

## ਗੁਆਚਿਆ ਗੌਰਵ

ਐਕਸਰੇ-ਲੈਬ ਦੇ ਬਾਹਰ ਬੈਠੇ ਅਸੀਂ ਵਾਰੀ ਦੀ ਉਡੀਕ ਕਰ ਰਹੇ ਸੀ। ਇਕਹਿਰੇ ਸਰੀਰ ਤੇ ਤਿੱਖੇ ਨੈਣ-ਨਕਸ਼ਾਂ ਵਾਲਾ ਵੀਹ ਕੁ ਵਰ੍ਹਿਆਂ ਦਾ ਇੱਕ ਨੌਜਵਾਨ ਵੀ ਇਸੇ ਉਡੀਕ ਵਿੱਚ ਸੀ।

ਸਟੀਲ ਵਾਲੇ ਬੈਂਚ 'ਤੇ ਅਸੀਂ ਆਹਮੋਂ-ਸਾਹਮਣੇ ਬੈਠੇ ਸੀ। ਪੈਰਾਂ ਵਿੱਚ ਖ਼ਾਕੀ ਬੂਟ, ਡੱਬੀਦਾਰ ਪੈਂਟ, ਸ਼ਰਟ ਤੇ ਟ੍ਰੈਕ ਸੂਟ ਦਾ ਉੱਪਰਲਾ ਹਿੱਸਾ, ਸਿਰ 'ਤੇ ਛੋਟਾ ਜਿਹਾ ਦੁਪੱਟਾ, ਜੂੜਾ ਅਤੇ ਸਿਰ ਉੱਪਰੋਂ ਨੰਗਾ, ਇਉਂ ਲੱਗਿਆ ਜਿਵੇਂ ਉਹ ਕੰਮ ਕਰਦਾ-ਕਰਦਾ ਦਵਾਈ ਲੈਣ ਆ ਗਿਆ ਹੋਵੇ। ਉਸ ਦੇ ਨਾਲ ਹੀ ਸਾਲ ਦੋ ਸਾਲ ਛੋਟੀ ਉਸ ਦੀ ਭੈਣ ਵੀ ਬੈਠੀ ਸੀ।

ਸ਼ੁਕਰ ਹੈ, ਪੰਜਾਬ ਦਾ ਕੋਈ ਮੁੰਡਾ ਏਡਾ ਸਾਧਾਰਨ ਤੇ ਕਾਮਾ ਵੀ ਨਜ਼ਰ ਆਇਆ ਹੈ, ਉਸ ਨੂੰ ਗ਼ੌਰ ਨਾਲ ਤੱਕਦਿਆਂ ਮੈਂ ਆਪਣੀ ਪਤਨੀ ਨੂੰ ਆਖਿਆ। 'ਮੇਰੇ ਪਿਤਾ ਜੀ ਫ਼ੌਜ ਵਿੱਚ ਕੈਪਟਨ ਹਨ ਤੇ ਮੈਂ ਵੀ ਫ਼ੌਜ ਵਿੱਚ ਭਰਤੀ ਹੋਇਆਂ' ਮੇਰੇ ਪੁੱਛਣ 'ਤੇ ਉਸ ਨੇ ਦੱਸਿਆ। ਉਸ ਦੇ ਬੋਲਾਂ ਵਿੱਚ ਮਹਿਕ ਤੇ ਸਹਿਜ ਸੀ। ਮੈਂ ਕਿਹਾ, ਤੁਸੀਂ ਪਿੰਡ ਦੇ ਕਿਸੇ ਹੋਰ ਮੁੰਡੇ ਨੂੰ ਵੀ ਰੁਜ਼ਗਾਰ ਲੱਭਣ ਵਿੱਚ ਮੱਦਦ ਕਰਨੀ।

ਉਹ ਕਹਿੰਦਾ ਦਰਅਸਲ ਪਿੰਡ 'ਚ ਮੇਰੀ ਕੋਈ ਜਾਣ-ਪਛਾਣ ਨਹੀਂ ਹੈ। ਅਸੀਂ ਵੀਹ ਵਰ੍ਹਿਆਂ ਬਾਅਦ ਪਿੰਡ ਰਹਿਣ ਲੱਗੇ ਹਾਂ। ਪਿਤਾ ਜੀ ਦੀ ਨੌਕਰੀ ਦੇ ਨਾਲ-ਨਾਲ ਅਸੀਂ ਜੰਮੂ-ਕਸ਼ਮੀਰ, ਗੁਜਰਾਤ ਤੇ ਰਾਜਸਥਾਨ ਵਿੱਚ ਹੀ ਬਹੁਤਾ ਸਮਾਂ ਰਹੇ ਹਾਂ।

ਕੀ ਸਾਡੇ ਮੌਜੂਦਾ ਹਾਲਾਤ ਅਜਿਹੇ ਸਾਊ ਤੇ ਸਾਧਾਰਨ ਨੌਜਵਾਨ ਪੈਦਾ ਕਰਨ ਦੇ ਅਸਮਰੱਥ ਹਨ। 'ਸੁਗੰਧਾਂ ਜਿਹੇ ਲੋਕ' ਰਾਮ ਸਰੂਪ ਅਣਖੀ ਦੀ ਇਹ ਕਹਾਣੀ ਮੈਂ ਬਹੁਤ ਸਮਾਂ ਪਹਿਲਾਂ ਪੜ੍ਹੀ ਸੀ। ਉਸ ਕਹਾਣੀ ਦਾ ਪਾਤਰ ਤੇ ਸੜਕੋ-ਸੜਕ ਬੱਸ ਸਟੈਂਡ ਵੱਲ ਨੂੰ ਜਾਂਦੇ ਉਹ ਭੈਣ-ਭਰਾ ਮੇਰੀਆਂ ਯਾਦਾਂ ਦੀ ਸਕਰੀਨ 'ਤੇ ਆਪਸ ਵਿੱਚ ਰਲ਼-ਮਿਲ ਗਏ ਸਨ।

•



Sri Satguru Jagjit Singh Ji eLibrary NamdhariElibrary@gmail.com

## ਘੁੰਮਣ-ਫਿਰਨ

ਮੈਂ ਘੁੰਮ ਕੇ ਖ਼ੁਸ਼ ਨਹੀਂ ਹੁੰਦਾ, ਮੈਨੂੰ ਕਿਤੇ ਜਾਣਾ-ਆਉਣਾ ਔਖਾ ਲਗਦਾ ਹੈ। ਸਕੂਲ, ਕਾਲਜ ਤੇ ਨੌਕਰੀ ਦੌਰਾਨ ਜਦ ਵੀ ਮੈਨੂੰ ਘੁੰਮਣ ਦਾ ਮੌਕਾ ਮਿਲਿਆ ਤਾਂ ਹਰ ਵਾਰ ਮੈਨੂੰ ਘਬਰਾਹਟ ਹੋਣ ਲੱਗਦੀ ਹੈ, ਲੇਕਿਨ ਘੁੰਮਣ-ਫਿਰਨ ਨਾਲ ਸਾਡਾ ਵਿਕਾਸ ਹੁੰਦਾ ਹੈ।

ਸੰਸਾਰ ਪ੍ਰਸਿੱਧ ਯਾਤਰੀਆਂ ਕੋਲੰਬਸ ਤੇ ਹਿਊਨਸਾਂਗ ਬਾਰੇ ਅਸੀਂ ਪਾਠ-ਪੁਸਤਕਾਂ ਵਿੱਚ ਪੜ੍ਹਦੇ ਰਹੇ ਹਾਂ। ਅਜਨਬੀ ਰਸਤੇ, ਥਾਵਾਂ, ਲੋਕ, ਰਾਜ-ਪ੍ਰਬੰਧ ਤੇ ਯਾਤਰਾਵਾਂ ਤੁਹਾਡੇ ਲਈ ਪਲ-ਪਲ ਵਿੱਚ ਵੱਡੇ-ਵੱਡੇ ਸਬਕ ਖੋਲ੍ਹਦੀਆਂ ਜਾਂਦੀਆਂ ਹਨ :-

- ਤੁਸੀਂ ਜ਼ਿੰਦਗੀ ਵਿੱਚ ਬਦਲਾਉ ਤੇ ਤਾਜ਼ਗੀ ਮਹਿਸੂਸ ਕਰਦੇ ਹੋ।
- ਤੁਹਾਡੀ ਪ੍ਰਬੰਧ ਕਰਨ ਦੀ ਕੁਸ਼ਲਤਾ ਦਾ ਟੈਸਟ ਹੁੰਦਾ ਹੈ।
- ਤੁਹਾਡੀ ਸ਼ਖ਼ਸੀਅਤ ਦਾ ਨਿਖਾਰ ਹੁੰਦਾ ਹੈ।
- ਆਤਮ-ਵਿਸ਼ਵਾਸ ਤੇ ਆਤਮ-ਨਿਰਭਰਤਾ ਵਿੱਚ ਵਾਧਾ ਹੁੰਦਾ ਹੈ।
- ਘੁੰਮਣ-ਫਿਰਨ ਨਾਲ ਰਿਸ਼ਤੇ ਬਣਦੇ ਹਨ।
- ਤੁਸੀਂ ਕੁਦਰਤ ਦੀ ਨੇੜਤਾ ਨੂੰ ਮਾਣਦੇ ਹੋ।
- ਤੁਹਾਡਾ ਦਾਇਰਾ ਵਧਦਾ ਹੈ ਅਤੇ ਸੋਚ ਵੱਡੀ ਹੋ ਜਾਂਦੀ ਹੈ।
- ਇਤਿਹਾਸ ਪ੍ਰਤੀ ਤੁਹਾਡੀ ਜਾਣਕਾਰੀ ਵਧਦੀ ਹੈ।

•



Sri Satguru Jagjit Singh Ji eLibrary NamdhariElibrary@gmail.com

# ਗ਼ੈਰ-ਰਸਮੀ ਸਿੱਖਿਆ

ਸਿੱਖਿਆ ਦੇ ਕਈ ਸਰੋਤ ਹਨ। ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ ਦੀ ਪੜ੍ਹਾਈ ਸਿੱਖਿਆ ਦੇ ਰਸਮੀ ਸਰੋਤ ਹਨ। ਪਰਿਵਾਰ ਅਤੇ ਸਮਾਜ ਵਿੱਚੋਂ ਜੋ ਅਸੀਂ ਗ੍ਰਹਿਣ ਕਰਦੇ ਹਾਂ, ਉਹ ਸਿੱਖਿਆ ਦੇ ਗ਼ੈਰ-ਰਸਮੀ ਸਰੋਤ ਹਨ। ਮਾਂ, ਧੀ ਦੀ ਗ਼ੈਰ-ਰਸਮੀ ਸਿੱਖਿਆ ਦਾ ਸਦੀਵੀ ਸਕੂਲ ਹੈ। ਮਾਪੇ, ਸੰਯੁਕਤ ਪਰਿਵਾਰ, ਬਜ਼ੁਰਗਾਂ ਦੀ ਸੰਗਤ ਅਤੇ ਸਮਾਜਿਕ, ਸੱਭਿਆਚਾਰਕ ਤੇ ਧਾਰਮਿਕ ਸਮਾਗਮ ਸਿੱਖਿਆ ਦੇ ਪ੍ਰਮੁੱਖ ਪਲੇਟਫ਼ਾਰਮ ਹਨ।

ਸੁੱਕ ਗਏ ਤੇਲ ਦੇ ਖੂਹਾਂ ਵਾਂਗ ਸਾਡੇ ਸਿੱਖਿਆ ਦੇ ਸਰੋਤ ਵੀ ਸੁੱਕ ਰਹੇ ਹਨ, ਜਿਸ ਦਾ ਸਭ ਤੋਂ ਮਾੜਾ ਪ੍ਰਭਾਵ ਨੌਜਵਾਨ ਪੀੜ੍ਹੀ 'ਤੇ ਪੈ ਰਿਹਾ ਹੈ। ਗ਼ੈਰ-ਰਸਮੀ ਸਿੱਖਿਆ ਦੇ ਸਰੋਤਾਂ ਦੀ ਅਣਹੋਂਦ ਨੌਜਵਾਨਾਂ ਦੇ ਜੀਵਨ ਤੇ ਮਾਰੂ ਅਸਰ ਪਾ ਰਹੀ ਹੈ। ਸਕੂਲਾਂ-ਕਾਲਜਾਂ ਵਿੱਚ ਸਾਹਿਤਕਾਰਾਂ, ਖਿਡਾਰੀਆਂ, ਸਮਾਜ-ਸੇਵੀ ਸ਼ਖ਼ਸੀਅਤਾਂ ਨਾਲ ਰੂਬਰੂ ਕਰਵਾਉਣ ਦੀ ਪ੍ਰਥਾ ਲਗਭਗ ਖ਼ਤਮ ਹੋ ਗਈ ਹੈ। ਇੰਞ ਉਨ੍ਹਾਂ ਨੂੰ ਸੁਣ ਕੇ ਤੇ ਉਨ੍ਹਾਂ ਨਾਲ ਸੰਵਾਦ ਕਰ ਕੇ ਵਿਦਿਆਰਥੀ ਵਡਮੁੱਲੀ ਜਾਣਕਾਰੀ ਹਾਸਲ ਕਰਦੇ ਸਨ। ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਦਾ ਸੀ ਅਤੇ ਉਨ੍ਹਾਂ ਵਿੱਚ ਹਾਂ-ਵਾਚਕ ਰੁਚੀਆਂ ਦਾ ਸੰਚਾਰ ਹੁੰਦਾ ਸੀ।

ਮਾਪਿਆਂ ਕੋਲ ਸਮਾਂ ਘਟਿਆ ਤੇ ਨੌਜਵਾਨ ਆਪਣੇ-ਆਪ ਤੱਕ ਸੀਮਤ ਰਹਿਣ ਲੱਗੇ, ਸੰਯੁਕਤ ਪਰਿਵਾਰਾਂ ਦੀ ਅਣਹੋਂਦ ਨੇ ਗ਼ੈਰ-ਰਸਮੀ ਸਰੋਤਾਂ ਤੋਂ ਮਿਲਣ ਵਾਲੀ ਸੂਝ ਨੂੰ ਵੱਡਾ ਖੋਰਾ ਲਾਇਆ ਹੈ। ਇਸ ਖਲਾਅ ਦੀ ਥਾਂ ਇਸ਼ਤਿਹਾਰਬਾਜ਼ੀ ਤੇ ਖਪਤਕਾਰੀ ਯੁੱਗ ਦੀਆਂ ਵਸਤਾਂ ਨੇ ਲੈ ਲਈ ਹੈ। ਜੇ ਨੌਜਵਾਨਾਂ ਦੀਆਂ ਵਟਸਐਪ ਅਤੇ ਫੇਸਬੁੱਕ ਤੇ ਲੱਗੀਆਂ ਤਸਵੀਰਾਂ ਦਾ ਅਧਿਐਨ ਕਰਿਆ ਜਾਵੇ ਤਾਂ ਹਥਿਆਰਾਂ, ਮੋਟਰਸਾਈਕਲਾਂ ਅਤੇ ਕਾਰਾਂ ਨਾਲ ਖਿੱਚਵਾਈਆਂ ਫੋਟੋਆਂ ਹੀ ਨਜ਼ਰ ਆਉਂਦੀਆਂ ਹਨ। ਜਦੋਂ ਕਿ ਖੇਡ ਗਰਾਉਂਡਾਂ, ਖੇਤਾਂ, ਰੁੱਖਾਂ ਥੱਲੇ ਖੜ੍ਹ ਕੇ ਤੇ ਹੱਥਾਂ ਵਿੱਚ ਕਿਤਾਬਾਂ ਫੜ ਕੇ ਖਿਚਵਾਈਆਂ ਤਸਵੀਰਾਂ ਦੀ ਗਿਣਤੀ ਨਾ-ਮਾਤਰ ਹੀ ਹੈ।



Sri Satguru Jagjit Singh Ji eLibrary NamdhariElibrary@gmail.com

ਨੌਜਵਾਨਾਂ ਨੂੰ ਅਜਿਹਾ ਕਰ ਕੇ ਵੇਖਣਾ ਚਾਹੀਦਾ ਹੈ :-

- ਵੱਡਿਆਂ ਨਾਲ ਗੱਲ-ਬਾਤ ਕਰਨ ਦੀ ਰੁਚੀ ਪੈਦਾ ਕਰੋ।
- ਵੱਡਿਆਂ ਨੂੰ ਮਿਲਣ ਸਮੇਂ ਤੁਹਾਡੇ ਅੰਦਰ ਤਜਰਬਾ ਤੇ ਗਿਆਨ ਹਾਸਲ ਕਰਨ ਦੀ ਭੁੱਖ ਹੋਣੀ ਚਾਹੀਦੀ ਹੈ।
- ਵੱਡੀ ਉਮਰ ਦੇ ਵਿਅਕਤੀਆਂ ਨੂੰ ਤਹਿਜ਼ੀਬ ਨਾਲ ਪਾਣੀ ਦਾ ਗਿਲਾਸ ਪੇਸ਼ ਕਰੋ। 'ਚਾਹ ਮੰਗਵਾਵਾਂ', ਉਨ੍ਹਾਂ ਦੇ ਨਾਂਹ ਕਰਨ ਤੇ ਹਲੀਮੀ ਨਾਲ ਪੁੱਛੋ। ਹੁਣ ਉਨ੍ਹਾਂ ਨਾਲ ਗੱਲਾਂ ਕਰਦਿਆਂ-ਕਰਦਿਆਂ ਉਨ੍ਹਾਂ ਦੀ ਜ਼ਿੰਦਗੀ ਦਾ ਤਜਰਬਾ ਹਾਸਲ ਕਰੋ।
- ਪੜ੍ਹਨ ਦੀ ਆਦਤ ਪਾਉ, ਸੌਣ ਤੋਂ ਪਹਿਲਾਂ ਕੁਝ ਸਮਾਂ ਜ਼ਰੂਰ ਪੜ੍ਹੋ। ਅਖ਼ਬਾਰਾਂ ਤਜਰਬੇ ਨਾਲ ਨੱਕੋ-ਨੱਕ ਭਰੀਆਂ ਹੁੰਦੀਆਂ ਹਨ।
- ਰੇਡੀਓ ਤੇ ਟੈਲੀਵਿਜ਼ਨ ਦੇ ਚੰਗੇ ਪ੍ਰੋਗਰਾਮਾਂ ਨਾਲ ਜੁੜੋ।

•



Sri Satguru Jagjit Singh Ji eLibrary NamdhariElibrary@gmail.com

## ਲਿਖਤਾਂ ਤੇ ਬੋਲ

ਚੰਗੀਆਂ ਲਿਖਤਾਂ ਤੇ ਚੰਗੇ ਬੋਲਾਂ ਦੀ ਚੋਣ ਕਰੋ। ਕਿਤਾਬਾਂ ਇਨ੍ਹਾਂ ਦੇ ਮੂਲ ਸਰੋਤ ਹਨ। ਪ੍ਰਭਾਵਸ਼ਾਲੀ ਬੰਦਿਆਂ ਦੇ ਭਾਸ਼ਣ ਤੇ ਰੋਜ਼ਾਨਾ ਅਖਬਾਰ ਇਨ੍ਹਾਂ ਦੇ ਰੰਗ ਨੂੰ ਗੂੜ੍ਹਾ ਕਰਨ ਦੀ ਸਮਰੱਥਾ ਰੱਖਦੇ ਹਨ। ਕਿਤਾਬਾਂ ਸਾਨੂੰ ਗਿਆਨ ਤੇ ਸੂਝ ਦਿੰਦੀਆਂ ਹਨ, ਇਹ ਸਾਡਾ ਸਾਥ ਨਿਭਾਉਂਦੀਆਂ ਹਨ ਅਤੇ ਸਾਡਾ ਮਨੋਰੰਜਨ ਕਰਦੀਆਂ ਹਨ। ਅਕਸਰ ਨੌਜਵਾਨ ਪੁੱਛਦੇ ਹਨ ਕਿ ਕਿਹੜੀ ਕਿਤਾਬ ਪੜ੍ਹੀਏ, ਕਿੱਥੋਂ ਮਿਲੇਗੀ। ਸਕੂਲ/ਕਾਲਜ ਦੀ ਪੜ੍ਹਾਈ ਕਰਦਿਆਂ ਭਾਸ਼ਾ ਦੀਆਂ ਕਿਤਾਬਾਂ ਤੇ ਅਧਿਆਪਕਾਂ ਦੀ ਦਿਲਚਸਪੀ ਵਿਦਿਆਰਥੀਆਂ ਨੂੰ ਇਸ ਪਾਸੇ ਚੇਟਕ ਲਾਉਂਦੇ ਹਨ।

ਸਵੈ-ਜੀਵਨੀਆਂ ਪੜ੍ਹਦਿਆਂ-ਪੜ੍ਹਦਿਆਂ ਤੁਸੀਂ ਧੌਣ ਉੱਚੀ ਚੁੱਕ ਕੇ ਆਪਣੀ ਜ਼ਿੰਦਗੀ ਦੇ ਰਾਹ ਵੇਖਣ ਲੱਗ ਪੈਂਦੇ ਹੋ। ਕਾਲਜ ਪੜ੍ਹਦਿਆਂ ਬਲਵੰਤ ਗਾਰਗੀ ਵੱਲੋਂ ਰਚਿਤ, 'ਸ਼ਰਬਤ ਦੀਆਂ ਘੁੱਟਾਂ' ਰੇਖਾ-ਚਿੱਤਰ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਇਸ ਕਿਤਾਬ ਵਿੱਚ ਕਵੀ ਸ਼ਿਵ ਕੁਮਾਰ ਬਟਾਲਵੀ, ਗਾਇਕਾ ਰੇਸ਼ਮਾਂ, ਸਾਹਿਤਕਾਰ ਮੰਟੋ, ਚਿੱਤਰਕਾਰ ਸੋਭਾ ਸਿੰਘ ਤੇ ਪੱਤਰਕਾਰ ਖ਼ੁਸ਼ਵੰਤ ਸਿੰਘ ਆਦਿ ਕਈ ਸ਼ਖ਼ਸੀਅਤਾਂ ਦੇ ਰੇਖਾ-ਚਿੱਤਰ ਹਨ। ਅਜਿਹੀ ਕਿਤਾਬ ਸਾਹਿਤ ਪ੍ਰਤੀ ਤੁਹਾਡੀ ਦਿਲਚਸਪੀ ਪੈਦਾ ਕਰਨ ਦੇ ਨਾਲ-ਨਾਲ ਪੰਜਾਬੀਅਤ, ਸਾਹਿਤ ਤੇ ਕਲਾ ਬਾਰੇ ਤੁਹਾਡੇ ਅੱਗੇ ਕਈ ਬੂਹੇ ਖੋਲ੍ਹਦੀ ਹੈ।

ਸਾਹਿਤਕ ਮੇਲੇ, ਕਿਤਾਬਾਂ ਸੰਬੰਧੀ ਜਾਣਕਾਰੀ ਦੇ ਮਹੱਤਵਪੂਰਨ ਸਰੋਤ ਹਨ। ਅਖਬਾਰਾਂ, ਕਿਤਾਬਾਂ ਬਾਰੇ ਚੋਖੀ ਜਾਣਕਾਰੀ ਮੁਹੱਈਆ ਕਰਾਉਂਦੀਆਂ ਹਨ। ਐਵਾਰਡ ਹਾਸਲ ਕਰਨ ਵਾਲੀਆਂ ਕਿਤਾਬਾਂ ਤੇ ਲੇਖਕ ਦੂਰੋਂ ਤੁਹਾਡਾ ਧਿਆਨ ਖਿੱਚਦੇ ਹਨ। ਕਿਤਾਬਾਂ ਦੀਆਂ ਦੁਕਾਨਾਂ ਤੇ ਸਟਾਲਾਂ 'ਤੇ ਕੁਝ ਸਮਾਂ ਜ਼ਰੂਰ ਬਤੀਤ ਕਰਨਾ ਚਾਹੀਦਾ ਹੈ।

•



Sri Satguru Jagjit Singh Ji eLibrary NamdhariElibrary@gmail.com

# ਅਤੀਤ

ਅਤੀਤ ਦੀਆਂ ਖ਼ੁਸ਼ੀਆਂ ਵਿੱਚ ਜੀਵੋ। ਜ਼ਿੰਦਗੀ ਵਿੱਚ ਭਾਵੇਂ ਕਿੱਡੀਆਂ ਵੱਡੀਆਂ ਮੁਸੀਬਤਾਂ ਵਿੱਚੋਂ ਲੰਘ ਰਹੇ ਹੋਵੋਂ, ਮਾਣ-ਮੱਤਾ ਅਤੀਤ ਮਨ ਵਿੱਚ ਚਿਤਵਦਿਆਂ ਹੀ ਠੰਢੀ ਹਵਾ ਦੇ ਬੁੱਲ੍ਹੇ ਆਉਣ ਲਗਦੇ ਹਨ। ਵਰਤਮਾਨ ਦੀਆਂ ਕੜਕਦੀਆਂ ਧੁੱਪਾਂ ਅਤੀਤ ਦੀ ਠੰਢੀ ਛਾਂਵੇਂ ਬੈਠ ਕੇ ਕੱਟੀਆਂ ਜਾ ਸਕਦੀਆਂ ਹਨ।

ਮਿੱਠਾ-ਮਿੱਠਾ ਅਤੀਤ, ਮੁਸੀਬਤਾਂ ਸਮੇਂ ਉਤਸ਼ਾਹ ਬਣ ਕੇ ਤੁਹਾਡੀ ਧਿਰ ਬਣ ਜਾਂਦਾ ਹੈ। ਨਿੱਠ ਕੇ ਕੀਤੀ ਪੜ੍ਹਾਈ, ਮਿਹਨਤ, ਚੰਗਾ ਆਚਰਣ ਤੇ ਨੈਤਿਕ ਕਦਰਾਂ-ਕੀਮਤਾਂ ਦੇ ਰੰਗ ਜ਼ਿੰਦਗੀ ਦੀਆਂ ਮਜਬੂਤ ਨੀਹਾਂ ਹੁੰਦੇ ਹਨ। ਅਜਿਹੇ ਅਤੀਤ ਨੂੰ ਯਾਦ ਕਰ ਕੇ ਆਪਣੇ-ਆਪ ਤੇ ਮਾਣ ਮਹਿਸੂਸ ਕਰੋ। ਛੇਤੀ ਕੀਤਿਆਂ ਅਤੀਤ ਦੀਆਂ ਖ਼ੁਸ਼ੀਆਂ, ਵਰਤਮਾਨ ਨੂੰ ਉਦਾਸ ਤੇ ਭਵਿੱਖ ਨੂੰ ਬੇ-ਆਸ ਨਹੀਂ ਹੋਣ ਦਿੰਦੀਆਂ।

ਹਰ ਇੱਕ ਦੀ ਜ਼ਿੰਦਗੀ ਵਿੱਚ ਕੁਝ ਨਾ ਕੁਝ ਅਜਿਹਾ ਵਾਪਰਿਆ ਹੁੰਦਾ ਹੈ, ਜਿਸ ਨੂੰ ਸੁੰਦਰ ਕੱਪੜਿਆਂ ਵਾਂਗ ਤੈਹਾਂ ਲਾ-ਲਾ ਕੇ ਸਜਾਇਆ ਜਾ ਸਕਦਾ ਹੋਵੇ। ਰੇਤੇ ਵਿੱਚ ਪੈਰ ਨੱਪ-ਨੱਪ ਕੇ ਖੇਡਦੇ ਬੱਚਿਆਂ ਵਾਂਗ, ਮੁਸੀਬਤ ਸਮੇਂ ਯਾਦਾਂ ਦੇ ਸੰਸਾਰ 'ਚੋਂ ਮਨ ਦੀ ਸਕਰੀਨ 'ਤੇ ਛੋਟੀਆਂ-ਛੋਟੀਆਂ ਪੇਸ਼ਕਾਰੀਆਂ ਸਿਰਜਣ ਦੀ ਕਲਾ ਹਾਸਲ ਕਰੋ। ਮੁਸੀਬਤ ਸਮੇਂ ਗੰਭੀਰ ਹੋਵੋ ਉਦਾਸ ਨਹੀਂ, ਆਪਣੇ-ਆਪ ਨਾਲ ਗੱਲਾਂ ਕਰੋ।

ਵਰਤਮਾਨ ਨੂੰ ਸੂਝ ਨਾਲ ਜੀਵੋ ਤਾਂ ਜੋ ਅਤੀਤ ਚੰਗਾ ਹੋਵੇ।

•



Sri Satguru Jagjit Singh Ji eLibrary NamdhariElibrary@gmail.com

## ਰੋਮ ਦਾ ਮਿਊਜ਼ੀਅਮ

ਡੇਵਿਡ ਨਾਮ ਦਾ ਇੱਕ ਨੌਜਵਾਨ ਪਾਗਲਾਂ ਵਾਂਗ ਇਧਰ-ਓਧਰ ਘੁੰਮਦਾ ਰਹਿੰਦਾ। ਉਸ ਨੇ ਇੱਕ ਵੱਡਾ ਪੱਥਰ ਵੇਖਿਆ ਤੇ ਉਸ ਨੂੰ ਚੁਕਵਾ ਕੇ ਘਰ ਲੈ ਆਇਆ। ਆਸੇ-ਪਾਸੇ ਦੇ ਲੋਕਾਂ ਨੂੰ ਉਸ ਦੇ ਪਾਗਲ ਹੋਣ ਦਾ ਯਕੀਨ ਪੱਕਾ ਹੋ ਗਿਆ।

ਉਹ ਉਸ ਪੱਥਰ ਨੂੰ ਤਰਾਸ਼ਣ ਵਿੱਚ ਰੁੱਝ ਗਿਆ। ਸਾਰੀ ਰਾਤ ਟਿੱਕ-ਟਿੱਕ ਹੁੰਦੀ ਰਹਿੰਦੀ। ਇੱਕ ਬਾਲੜੀ ਨੇ ਉਸ ਨੂੰ ਪੱਥਰ ਤਰਾਸ਼ਦਿਆਂ ਨੀਝ ਨਾਲ ਤੱਕਿਆ ਤੇ ਪੱਥਰ ਦੀ ਇੱਕ ਟੁਕੜੀ ਚੁੱਕ ਕੇ ਪੁੱਛਣ ਲੱਗੀ, 'ਇਸ ਵਿੱਚੋਂ ਕੀ ਲੱਭ ਰਿਹਾ ਏਂ, ਡੇਵਿਡ?' 'ਪੱਥਰ 'ਚੋਂ ਆਪਣੇ-ਆਪ ਨੂੰ ਤਰਾਸ਼ ਰਿਹਾ ਹਾਂ', ਉਸ ਨੌਜਵਾਨ ਨੇ ਉੱਤਰ ਦਿੱਤਾ। ਉਸ ਸ਼ਾਮ ਉਸ ਬਾਲੜੀ ਨੇ ਘਰ ਆ ਕੇ ਆਪਣੀ ਮਾਂ ਨੂੰ ਦੱਸਿਆ ਕਿ ਡੇਵਿਡ ਪਾਗਲ ਨਹੀਂ ਹੈ।

ਹੁਣ ਉਸ ਦਾ ਘੁੰਮਣਾ ਲਗਭਗ ਬੰਦ ਹੋ ਚੁੱਕਾ ਸੀ, ਉਹ ਪੱਥਰ ਤਰਾਸ਼ਦਾ ਜਾਂ ਤਰਾਸ਼ੇ ਹੋਏ ਪੱਥਰ ਨੂੰ ਪਾਲਸ਼ ਕਰਦਾ ਰਹਿੰਦਾ। ਉਸ ਨੇ ਫਾਲਤੂ ਪੱਥਰ ਹਟਾ-ਹਟਾ ਕੇ ਆਪਣਾ ਸੁੰਦਰ ਚਿੱਤਰ ਤਰਾਸ਼ ਲਿਆ। ਸਦੀਆਂ ਬੀਤ ਗਈਆਂ ਨੇ ਰੋਮ ਦੇ ਮਿਊਜ਼ੀਅਮ ਵਿੱਚ ਡੇਵਿਡ ਦਾ ਤਰਾਸ਼ਿਆ ਉਹ ਪੱਥਰ ਸੈਲਾਨੀਆਂ ਨੂੰ ਸਭ ਤੋਂ ਵੱਧ ਆਕਰਸ਼ਿਤ ਕਰਦਾ ਹੈ।

ਹਾਲਾਤ ਭਾਵੇਂ ਕਿਹੋ ਜਿਹੇ ਵੀ ਰਹਿਣ ਸਾਨੂੰ ਹਰ ਹਾਲਤ ਆਪਣੇ ਆਪ ਨੂੰ ਤਰਾਸ਼ਣ ਦੇ ਯਤਨ ਕਰਦੇ ਰਹਿਣਾ ਚਾਹੀਦਾ ਹੈ।

•



Sri Satguru Jagjit Singh Ji eLibrary NamdhariElibrary@gmail.com

# ਆਲਮੀ ਅਥਲੈਟਿਕ ਮੀਟ

ਜਮਾਇਕਾ ਦਾ ਸੁਨਹਿਰੀ ਪੈਰਾਂ ਵਾਲਾ ਅਥਲੀਟ ਉਸੈਨ ਬੋਲਟ ਲਗਭਗ ਪੰਦਰਾਂ ਵਰ੍ਹੇ ਆਲਮੀ ਅਥਲੈਟਿਕ ਟ੍ਰੈਕ ਤੇ ਛਾਇਆ ਰਿਹਾ। ਸੌ, ਦੋ ਸੌ, ਚਾਰ ਸੌ ਅਤੇ 100 X 4 ਸੌ ਮੀਟਰ ਰੀਲੇਅ ਰੇਸ, ਉਸ ਨੇ ਆਪਣੇ ਦੇਸ ਲਈ ਸੋਨ ਤਗਮਿਆਂ ਦੀ ਝੜੀ ਲਾ ਦਿੱਤੀ ਸੀ। ਉਸ ਦੇ ਸਮੇਂ ਕਈ ਚੋਟੀ ਦੇ ਅਥਲੀਟ ਗੋਲਡ ਮੈਡਲ ਨੂੰ ਤਰਸਦੇ ਰਹੇ।

ਉਸੈਨ ਬੋਲਟ ਨੇ ਏਥਨਜ਼ ਵਿੱਚ 2004 ਦੀਆਂ ਉਲੰਪਿਕ ਖੇਡਾਂ ਤੋਂ ਆਪਣੇ ਅਥਲੈਟਿਕ ਜੀਵਨ ਦੀ ਸ਼ੁਰੂਆਤ ਕੀਤੀ। ਉਹ ਆਲਮੀ ਅਥਲੈਟਿਕ ਖੇਡਾਂ ਵਿੱਚ ਗਿਆਰਾਂ ਵਾਰ ਵਰਲਡ ਚੈਂਪੀਅਨ ਬਣਿਆ ਤੇ ਉਸ ਨੇ ਅੱਠ ਵਾਰ ਉਲੰਪਿਕ ਖੇਡਾਂ ਵਿੱਚ ਤਗਮੇ ਹਾਸਲ ਕੀਤੇ। ਫਿਰ 2011 ਦੀਆਂ ਲੰਡਨ ਵਿਖੇ ਹੋਈਆਂ ਉਲੰਪਿਕ ਖੇਡਾਂ ਸਮੇਂ ਉਸ ਨੇ ਪੋਵੇਲ, ਬਲੈਕ ਅਤੇ ਅਮਰੀਕਾ ਦੇ ਅਥਲੀਟ ਜਸਟਿਨ ਗਾਲਟਿਨ ਨੂੰ ਪਛਾੜ ਕੇ 9.63 ਸੈਕਿੰਡ ਵਿੱਚ ਸੌ ਮੀਟਰ ਦੀ ਦੌੜ ਪੂਰੀ ਕਰ ਕੇ ਉਲੰਪਿਕ ਰਿਕਾਰਡ ਸਥਾਪਿਤ ਕੀਤਾ ਸੀ। ਲੰਡਨ ਵਾਸੀਆਂ ਨੇ ਇਹ ਦੌੜ ਸਾਹ ਰੋਕ ਕੇ ਵੇਖੀ। ਇਸੇ ਤਰ੍ਹਾਂ 2015 ਵਿੱਚ ਬੀਜਿੰਗ ਵਿਖੇ ਹੋਈ ਸੰਸਾਰ ਅਥਲੈਟਿਕ ਮੀਟ ਵਿੱਚ ਉਸ ਨੇ ਸੌ ਮੀਟਰ ਦੀ ਦੌੜ 9.79 ਸੈਕਿੰਡ ਵਿੱਚ ਪੂਰੀ ਕਰ ਕੇ ਗੋਲਡ ਮੈਡਲ ਜਿੱਤਿਆ। ਅਮਰੀਕਾ ਦੇ ਜਸਟਿਨ ਗਾਲਟਿਨ ਨੇ ਇਹ ਦੌੜ 9.80 ਸੈਕਿੰਡ ਵਿੱਚ ਪੂਰੀ ਕੀਤੀ ਅਤੇ ਉਸ ਨੂੰ ਚਾਂਦੀ ਦੇ ਤਗਮੇ ਨਾਲ ਹੀ ਸਬਰ ਕਰਨਾ ਪਿਆ।

ਦੋ ਵਰ੍ਹਿਆਂ ਬਾਅਦ ਅਗਸਤ 2017 ਵਿੱਚ ਲੰਡਨ ਵਿਖੇ ਹੋਈ ਆਲਮੀ ਅਥਲੈਟਿਕ ਮੀਟ ਤੋਂ ਪਹਿਲਾਂ ਉਸੈਨ ਬੋਲਟ ਨੇ ਇਸ ਮੁਕਾਬਲੇ ਤੋਂ ਬਾਅਦ ਦੌੜਾਂ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਸੀ। ਬੋਲਟ ਨੂੰ ਪਿਆਰ ਕਰਨ ਵਾਲੇ ਖੇਡ ਪ੍ਰੇਮੀ ਉਸ ਨੂੰ ਆਖ਼ਰੀ ਦੌੜ ਵਿੱਚ ਸੋਨ ਤਗਮਾ ਜਿੱਤਦਿਆਂ ਵੇਖਣਾ ਚਾਹੁੰਦੇ ਸਨ। ਸੌ ਮੀਟਰ ਦੀ ਦੌੜ ਸ਼ੁਰੂ ਹੋਣ ਤੋਂ ਪਹਿਲਾਂ ਸਟੇਡੀਅਮ ਲੋਕਾਂ ਨਾਲ ਤੂਸਿਆ ਪਿਆ ਸੀ। ਹਰ ਕੋਈ ਇਨ੍ਹਾਂ ਪਲਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲੈਣਾ ਲੋਚਦਾ ਸੀ। ਲੇਕਿਨ ਇਸ ਮੁਕਾਬਲੇ ਵਿੱਚ ਉਸੈਨ ਬੋਲਟ ਇੱਕ ਛਿਣ ਦੇ ਸੌਵੇਂ ਹਿੱਸੇ ਨਾਲ ਜਸਟਿਨ ਗਾਲਟਿਨ ਤੋਂ ਪਿੱਛੇ ਰਹਿ ਗਿਆ। ਗਾਲਟਿਨ ਨੇ ਇਹ ਦੌੜ 9.94 ਸੈਕਿੰਡ ਅਤੇ ਬੋਲਟ ਨੇ 9.95 ਸੈਕਿੰਡ ਵਿੱਚ ਪੂਰੀ ਕੀਤੀ। ਜਦੋਂ ਦੌੜ ਖ਼ਤਮ ਹੋਈ ਤਾਂ



Sri Satguru Jagjit Singh Ji eLibrary NamdhariElibrary@gmail.com

ਸਟੇਡੀਅਮ ਵਿੱਚ ਸੰਨ੍ਹਾਟਾ ਛਾ ਗਿਆ। ਦਰਅਸਲ ਖੇਡ ਪ੍ਰੇਮੀ ਬੋਲਟ ਨੂੰ ਸੋਨ ਤਗਮੇ ਨਾਲ ਹੀ ਵਿਦਾ ਕਰਨਾ ਚਾਹੁੰਦੇ ਸਨ। ਕੁਝ ਕੁ ਫੋਟੋਗ੍ਰਾਫਰਾਂ ਨੇ ਹੀ ਗਾਲਟਿਨ ਨੂੰ ਤਵੱਜੋ ਦਿੱਤੀ ਜਦੋਂ ਕਿ ਦੂਜੇ ਨੰਬਰ ਤੇ ਆਏ ਬੋਲਟ ਨੂੰ ਕੈਮਰਿਆਂ ਨੇ ਸ਼ਹਿਦ ਦੀਆਂ ਮੱਖੀਆਂ ਵਾਂਗ ਘੇਰ ਰੱਖਿਆ ਸੀ।

ਉਸ ਸਮੇਂ ਹੀ ਗਾਲਟਿਨ ਨੇ ਆਪਣਾ ਸਿਰ ਬੋਲਟ ਦੇ ਚਰਨਾਂ 'ਚ ਝੁਕਾ ਦਿੱਤਾ ਸੀ। ਇਸ ਤੋਂ ਪਹਿਲਾਂ ਜਸਟਿਨ ਗਾਲਟਿਨ ਕਦੇ ਵੀ ਬੋਲਟ ਦੀ ਹਾਜ਼ਰੀ ਵਿੱਚ ਗੋਲਡ ਮੈਡਲ ਨਹੀਂ ਜਿੱਤ ਸਕਿਆ ਸੀ ਲੇਕਿਨ ਉਸ ਨੇ ਮਿਹਨਤ ਜਾਰੀ ਰੱਖੀ। ਇਹ ਦੌੜ ਖ਼ਤਮ ਹੋਣ ਤੋਂ ਬਾਅਦ ਗਾਲਟਿਨ ਆਪਣੀ ਖ਼ੁਸ਼ੀ ਮਾਨਣ ਦੀ ਥਾਂ ਬੋਲਟ ਦੇ ਪੈਰਾਂ ਵਿੱਚ ਜਾ ਬੈਠਾ। ਅਜਿਹੇ ਸਮੇਂ ਨਿਮਰ ਰਹਿ ਕੇ ਗਾਲਟਿਨ ਨੇ ਸੋਨੇ ਦਾ ਇੱਕ ਹੋਰ ਤਗਮਾ ਜਿੱਤ ਲਿਆ ਸੀ। ਇਨ੍ਹਾਂ ਪਲਾਂ ਨੇ ਟਰੈਕ 'ਤੇ ਹੋਏ ਉਸ ਦੇ ਹਰ ਘਾਟੇ ਦੀ ਪੂਰਤੀ ਕਰ ਦਿੱਤੀ ਸੀ।

ਖੇਡ ਜਗਤ ਨਾਲ ਸੰਬੰਧਿਤ ਸੰਸਾਰ ਪੱਧਰ ਦੀਆਂ ਅਜਿਹੀਆਂ ਘਟਨਾਵਾਂ ਨੌਜਵਾਨਾਂ ਲਈ ਵੱਡੇ ਸਬਕ ਹਨ।

•



Sri Satguru Jagjit Singh Ji eLibrary NamdhariElibrary@gmail.com

## ਆਰਟਿਸਟ

ਸੁਖਪ੍ਰੀਤ ਸਿੰਘ ਆਰਟਿਸਟ ਪੇਸ਼ੇ ਵਜੋਂ ਚਿੱਤਰਕਾਰ ਹੈ। ਉਸ ਨੂੰ ਪਹਾੜਾਂ 'ਤੇ ਚੜ੍ਹਨ ਦਾ ਸ਼ੌਕ ਹੈ। ਇਹ ਦੋਵੇਂ ਸ਼ੌਕ ਹੀ ਉਸ ਦੀ ਜ਼ਿੰਦਗੀ ਦੀ ਅਗਵਾਈ ਕਰਦੇ ਹਨ। ਉਹ ਅਮਰੀਕਾ ਦੀ ਇੱਕ ਸਿੱਖ ਕੌਂਸਲ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀਆਂ ਪੇਂਟਿੰਗਜ਼ ਬਣਾਉਣ ਲਈ ਪੱਕੇ ਤੌਰ 'ਤੇ ਜੁੜਿਆ ਹੋਇਆ ਹੈ।

ਸਫ਼ਰ ਕਰਦਿਆਂ ਉਹ ਆਪਣਾ ਸੰਸਾਰ ਆਪ ਸਿਰਜਦਾ ਹੈ। ਇਕੱਤੀ ਦਸੰਬਰ 2009 ਨੂੰ ਉਹ ਟਰਾਂਟੋ ਤੋਂ ਵੈਨਕੂਵਰ ਕੈਨੇਡਾ ਦੀ ਲੰਬੀ ਦੂਰੀ ਵਾਲੀ ਟ੍ਰੇਨ ਦਾ ਸਫ਼ਰ ਕਰ ਰਿਹਾ ਸੀ। ਅਚਾਨਕ ਨਵੇਂ ਵਰ੍ਹੇ ਦਾ ਖ਼ਿਆਲ ਆਉਣ ਤੇ ਉਸ ਨੇ ਕੈਨੇਡੀਅਨ ਰੇਲਵੇ ਦਾ ਇੱਕ ਚਿੱਤਰ ਬਣਾਇਆ। ਕੈਨੇਡਾ ਦੀਆਂ ਰਾਕ ਮਾਊਨਟੇਂਨਜ਼ ਵਿੱਚੋਂ ਵਲ ਖਾਂਦੀ ਨਿਕਲਦੀ ਟ੍ਰੇਨ ਦਾ ਚਿੱਤਰ ਜਿਸ ਦੇ ਮੱਥੇ 'ਤੇ ਲਿਖਿਆ ਸੀ, 'ਸ਼ੁੱਭ-ਕਾਮਨਾਵਾਂ ਕੈਨੇਡੀਅਨ ਰੇਲਵੇਜ਼।' ਅੱਧੀ ਰਾਤ ਉਸ ਨੇ ਇਹ ਚਿੱਤਰ ਰੇਲਵੇ ਸਟਾਫ਼ ਨੂੰ ਭੇਟ ਕੀਤਾ। ਦਿਨ ਚੜ੍ਹਦਿਆਂ ਹੀ ਸਟਾਫ਼ ਨੇ ਉਸ ਨੂੰ ਖਾਣੇ ਵਾਲੇ ਰੇਲਵੇ ਡੱਬੇ ਵਿੱਚ ਮੇਜ਼ ਉੱਪਰ ਸਜਾ ਦਿੱਤਾ। ਮੁਸਾਫਿਰ ਚਿੱਤਰ ਵੇਖਦੇ ਤੇ ਪੁੱਛ-ਪੁੱਛਾ ਕੇ ਸੁਖਪ੍ਰੀਤ ਨੂੰ ਮਿਲਣ ਆਉਂਦੇ। ਹੁਣ ਸੁਖਪ੍ਰੀਤ ਟ੍ਰੇਨ ਦਾ ਹੀਰੋ ਸੀ। ਰੇਲਵੇ ਨੇ ਉਸ ਦਾ ਟਿਕਟ ਰੀਫੰਡ ਕੀਤਾ ਅਤੇ ਉਸ ਤੋਂ ਇਜਾਜ਼ਤ ਲੈ ਕੇ ਇਹ ਚਿੱਤਰ ਰੇਲਵੇ ਮਿਊਜ਼ੀਅਮ ਲਈ ਭੇਜ ਦਿੱਤਾ।

ਪਹਾੜਾਂ 'ਤੇ ਚੜ੍ਹਨ ਲਈ ਉਹ ਦੇਵ-ਭੂਮੀ ਹਿਮਾਚਲ ਪ੍ਰਦੇਸ਼ ਅਤੇ ਸਾਧਾਰਨ ਜੀਵਨ ਦੇਖਣ ਲਈ ਕੇਰਲਾ ਜਾਂਦਾ ਰਹਿੰਦਾ ਹੈ। ਟ੍ਰੈਕਿੰਗ ਕਰਨ ਸਮੇਂ ਸੈਲਾਨੀ ਗੋਰੇ ਉਸ ਦੇ ਸਾਥੀ ਹੁੰਦੇ ਹਨ। ਇਸ ਸਮੇਂ ਉਹ ਪਹਾੜਾਂ 'ਤੇ ਚੜ੍ਹਨ ਲਈ ਗਾਈਡ, ਕੁੱਕ ਅਤੇ ਕੁਲੀ ਦੀ ਚੋਣ ਸਮਾਂ ਲਾ ਕੇ ਕਰਦਾ ਹੈ। ਅਕਸਰ ਉਹ ਮਨਾਲੀ ਤੋਂ ਟ੍ਰੈਕਿੰਗ ਸ਼ੁਰੂ ਕਰਦੇ ਹਨ ਅਤੇ ਸੱਤ-ਅੱਠ ਦਿਨਾਂ 'ਚ ਕਾਂਗੜਾ ਤੇ ਚੰਬਾ ਘਾਟੀ ਵਾਲੇ ਪਾਸੇ ਆਪਣੇ ਟਿਕਾਣੇ 'ਤੇ ਪਹੁੰਚ ਜਾਂਦੇ ਹਨ। ਟ੍ਰੈਕ ਦੀ ਚੋਣ ਉਹ ਸੂਝ ਨਾਲ ਕਰਦਾ ਹੈ, ਰਸਤੇ ਵਿੱਚ ਆਉਣ ਵਾਲੇ ਚਸ਼ਮਿਆਂ, ਕੂਲ੍ਹਾਂ, ਨਾਲੇ, ਝੀਲਾਂ ਤੇ ਦਰਿਆਵਾਂ ਦੀ ਜਾਣਕਾਰੀ ਬਾਰੇ ਉਹ ਪਹਾੜੀਆਂ, ਗੱਦੀਆਂ ਤੇ ਆਜੜੀਆਂ ਨਾਲ ਵਿਸਥਾਰ ਵਿੱਚ ਵਿਚਾਰਦਾ ਹੈ। ਉਹ ਜੋਖ਼ਮ ਵਿੱਚ ਪਾਉਣ ਵਾਲੀਆਂ ਇਨ੍ਹਾਂ ਚੜ੍ਹਾਈਆਂ-ਉਤਰਾਈਆਂ ਨੂੰ ਲਿਖਤੀ ਰੂਪ ਵੀ ਦਿੰਦਾ ਹੈ ਅਤੇ ਟ੍ਰੈਕਿੰਗ ਤੋਂ ਬਾਅਦ ਮਨ ਦੀ



Sri Satguru Jagjit Singh Ji eLibrary NamdhariElibrary@gmail.com

ਤਾਜ਼ਗੀ ਨੂੰ ਪੇਂਟਿੰਗ ਲਈ ਸਮਰਪਿਤ ਕਰ ਦਿੰਦਾ ਹੈ।

ਉਸ ਨੂੰ ਘੁੰਮਣ-ਫਿਰਨ ਦਾ ਜਨੂੰਨ ਹੈ। ਉਹ ਬਾਹਰਲੇ ਮੁਲਕਾਂ ਨੂੰ ਇੰਝ ਜਹਾਜ਼ ਚੜ੍ਹ ਜਾਂਦਾ ਹੈ ਜਿਵੇਂ ਕੋਈ ਕਿਸਾਨ ਖੇਤ ਗੇੜਾ ਮਾਰਨ ਚੱਲਿਆ ਜਾਵੇ। ਉਹ ਪਤਲਾ-ਛਾਂਟਵਾਂ, ਸਹਿਜ ਤੇ ਸਾਧਾਰਨ ਵਿਅਕਤੀ ਹੈ। ਉਹ ਕੁੜਤਾ-ਪਜਾਮਾ ਪਹਿਨਦਾ ਹੈ। ਉਹ ਮੋਬਾਇਲ ਫ਼ੋਨ ਨਹੀਂ ਰੱਖਦਾ। ਹਰ ਸ਼ਾਮ ਉਹ ਫੁੱਟਬਾਲ ਮੈਦਾਨ ਵਿੱਚ ਹੁੰਦਾ ਹੈ। ਉਹ ਤਾਂ ਫ਼ੱਕਰ ਹੈ।

•



Sri Satguru Jagjit Singh Ji eLibrary NamdhariElibrary@gmail.com

## ਵਿਰਸਾ

ਗਰਮੀਆਂ ਵਿੱਚ ਬਹੁਤ ਲੋਕ ਸ਼ਿਮਲਾ, ਮਨਾਲੀ, ਡਲਹੌਜ਼ੀ, ਧਰਮਸ਼ਾਲਾ, ਮਕਡੌਲਗੰਜ ਅਤੇ ਚੰਬਾ ਆਦਿ ਪਹਾੜੀ ਸਟੇਸ਼ਨਾਂ 'ਤੇ ਘੁੰਮਣ ਜਾਂਦੇ ਹਨ। ਪਿਛਲੇ ਵਰ੍ਹੇ ਦੀ ਇਹ ਘਟਨਾ ਅਜਿਹੇ ਹੀ ਇੱਕ ਪਹਾੜੀ ਸਟੇਸ਼ਨ ਦੀ ਸ਼ਾਮ ਦੀ ਹੈ। ਮੁੱਖ ਚੌਂਕ ਵਿੱਚ ਸੈਲਾਨੀਆਂ ਦੀ ਰੌਣਕ ਸੀ। ਦੱਖਣੀ ਭਾਰਤ ਦੇ ਕਿਸੇ ਕਾਲਜ ਦੀਆਂ ਲੜਕੀਆਂ ਦਾ ਟੂਰ ਵੀ ਆਇਆ ਹੋਇਆ ਸੀ। ਲੋਕੀਂ ਖਾਣ-ਪੀਣ ਅਤੇ ਫੋਟੋਆਂ ਖਿਚਣ ਵਿੱਚ ਮਸਤ ਸਨ। ਦਿਨ ਛਿਪਿਆ, ਬੱਤੀਆਂ ਜਗੀਆਂ ਤੇ ਕਾਲੀਆਂ ਘਟਾਵਾਂ ਪਹਾੜੀ ਢਲਾਣ ਨੂੰ ਛੂਹ ਕੇ ਹੇਠਲੇ ਪਾਸੇ ਨੂੰ ਲੰਘ ਗਈਆਂ ਪਰ ਮੀਂਹ ਨਹੀਂ ਪਿਆ। ਮੂੰਹ-ਹਨੇਰੇ ਪੰਜ-ਛੇ ਪੰਜਾਬੀ ਮੁੰਡੇ ਕਾਰ ਵਿੱਚ ਆਏ ਤੇ ਗੱਡੀ ਚੌਂਕ ਵਿੱਚ ਇੱਕ ਪਾਸੇ ਲਾ ਲਈ, ਸਟੀਰੀਓ ਵੱਜਦਾ ਰਿਹਾ। ਗੀਤ ਗੂੰਜਿਆ, 'ਲਾ ਕੇ ਤਿੰਨ ਪੈੱਗ ਬੱਲੀਏ, ਪਾਉਂਦੇ ਭੰਗੜੇ ਗੱਡੀ ਦੀ ਡਿੱਗੀ ਖੋਲ੍ਹ ਕੇ।' ਜਿਵੇਂ ਕੋਈ ਸੁਣ-ਸੁਣ ਕੇ ਪ੍ਰੈਕਟੀਕਲ ਕਰਦਾ ਜਾਂਦਾ ਹੈ, ਉਵੇਂ ਹੀ ਉਨ੍ਹਾਂ ਨੇ ਪੈੱਗ ਪਾਏ ਤੇ ਗੱਡੀ ਦੀ ਡਿੱਗੀ ਖੋਲ੍ਹ ਲਈ। ਜਦ ਤੱਕ ਗੀਤ ਸਮਾਪਤ ਹੋਇਆ, ਇੱਕ ਨੂੰ ਛੱਡ ਕੇ ਬਾਕੀ ਸਾਰੇ ਪਹਿਲਾ ਪੈੱਗ ਮੁਕਾ ਚੁੱਕੇ ਸਨ। ਬਸ ਫਿਰ ਕੀ ਸੀ ਇਹੋ ਗੀਤ ਵਾਰ-ਵਾਰ ਲੱਗਿਆ, ਪੈੱਗ ਪੈਂਦੇ ਰਹੇ, ਨਿੱਕੀਆਂ-ਨਿੱਕੀਆਂ ਕਣੀਆਂ ਪੈਣ ਲੱਗੀਆਂ ਤੇ ਉਹ ਡੈੱਕ ਦੀ ਆਵਾਜ਼ ਹੋਰ ਉੱਚੀ ਕਰ ਕੇ ਨੱਚਦੇ-ਟੱਪਦੇ ਰਹੇ। ਇੱਕ ਨਮਕੀਨ ਵੇਚਣ ਵਾਲੇ ਦਾ ਛਾਬਾ ਉਨ੍ਹਾਂ ਬੋਨਟ ਤੇ ਰੱਖਵਾ ਲਿਆ। ਆਸੇ-ਪਾਸੇ ਲੋਕ ਖੜ੍ਹ-ਖੜ੍ਹ ਵੇਖਣ, ਹੋਟਲਾਂ 'ਚੋਂ ਰਹਿੰਦੇ ਲੋਕਾਂ ਨੇ ਤਾਕੀਆਂ ਖੋਲ੍ਹ ਲਈਆਂ। ਅੱਧਾ ਘੰਟਾ, ਘੰਟਾ ਤੇ ਡੇਢ ਘੰਟਾ, ਬਾਕੀ ਦੀ ਰਾਤ ਉਨ੍ਹਾਂ ਥਾਣੇ ਕੱਟੀ।

ਇਹ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਦੇ ਆਖ਼ਰੀ ਵਰ੍ਹੇ ਦੀ ਗੱਲ ਹੈ। ਇੱਕ ਨੌਜਵਾਨ ਟੋਕੀਓ ਏਅਪੋਰਟ 'ਤੇ ਉੱਤਰਿਆ ਤੇ ਸਮਾਨ ਆਉਣ ਦੀ ਉਡੀਕ ਕਰਨ ਲੱਗਾ। ਇੱਕ ਵਿਦੇਸ਼ੀ ਕੁੜੀ ਨੇ ਉਸ ਵੱਲ ਵੇਖਿਆ, ਹਲਕਾ ਜਿਹਾ ਮੁਸਕਰਾਈ ਤੇ ਸਿਰ ਝੁਕਾਇਆ। ਉਹ ਨੌਜਵਾਨ ਸਰੂਰਿਆ ਜਿਹਾ ਗਿਆ। ਉਹ ਹੈਰਾਨ ਸੀ ਕਿ ਉਸ ਦੀ ਕੋਈ ਜਾਣ-ਪਛਾਣ ਵੀ ਨਹੀਂ ਪਰ ਅਜਿਹੀ ਅਪਣੱਤ ਕਿਉਂ। ਉਸ ਨੇ ਨੀਵੀਂ ਪਾਈ ਤੇ ਫਿਰ ਅੱਖਾਂ ਬੰਦ ਕਰ ਕੇ ਸੋਚਦਾ-ਸੋਚਦਾ ਨਿਗ੍ਹਾ ਨੂੰ ਛੱਤ ਤੱਕ ਲੈ ਗਿਆ। ਬੈਲਟ ਤੇ ਘੁੰਮਦਾ ਉਸ ਦਾ ਸਮਾਨ ਦੋ ਵਾਰ ਉਸ ਦੀਆਂ ਅੱਖਾਂ ਅੱਗੇ ਦੀ



Sri Satguru Jagjit Singh Ji eLibrary NamdhariElibrary@gmail.com

ਲੰਘ ਗਿਆ। ਹੌਸਲਾ ਕਰ ਕੇ ਉਸ ਨੌਜਵਾਨ ਨੇ ਉਸ ਕੁੜੀ ਤੋਂ ਪੁੱਛਿਆ, ਕੀ ਤੁਸੀਂ ਮੈਨੂੰ ਜਾਣਦੇ ਹੋ। 'ਨਹੀਂ, ਦਰਅਸਲ ਮੈਂ ਮਰਦਾਂ ਦੇ ਸਿਰ 'ਤੇ ਪਹਿਨਣ ਵਾਲੇ ਪਹਿਰਾਵਿਆਂ ਤੇ ਪੀਐੱਚ. ਡੀ. ਦੀ ਪੜ੍ਹਾਈ ਕੀਤੀ ਹੋਈ ਹੈ ਅਤੇ ਪੱਗ ਉੱਪਰ ਆਪਣਾ ਥੀਸਜ਼ ਲਿਖਿਆ ਹੈ। ਜਦ ਮੈਂ ਪੱਗ ਵਾਲੇ ਨੂੰ ਵੇਖ ਲੈਂਦੀ ਹਾਂ ਤਾਂ ਮੇਰਾ ਸਿਰ ਝੁਕ ਜਾਂਦਾ ਹੈ।' ਉਸ ਨੇ ਅਦਬ ਨਾਲ ਫਿਰ ਸਿਰ ਝੁਕਾਇਆ।

ਵਿਰਸਾ ਤੁਹਾਡੀ ਪਹਿਚਾਣ ਤੇ ਤਾਕਤ ਹੈ, ਲੇਕਿਨ ਵਿਰਸਾ ਤੁਹਾਥੋਂ ਆਪਣੇ ਵਰਗੇ ਕਿਰਦਾਰ ਦੀ ਮੰਗ ਵੀ ਕਰਦਾ ਹੈ।

•



Sri Satguru Jagjit Singh Ji eLibrary NamdhariElibrary@gmail.com

# ਲੋਕ-ਧਾਰਾ

ਬਾਤਾਂ, ਬੋਲੀਆਂ, ਅਖਾਣਾਂ, ਮੁਹਾਵਰਿਆਂ, ਕਹਾਣੀਆਂ, ਲੋਕ-ਗੀਤ, ਲੋਕ-ਕਲਾਵਾਂ ਅਤੇ ਲੋਕ-ਗਾਥਾਵਾਂ ਰਾਹੀਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਗਿਆਨ ਦੇ ਪ੍ਰਵਾਹ ਤੇ ਜੀਵਨ-ਜਾਚ ਨੂੰ ਲੋਕ-ਧਾਰਾ ਆਖਿਆ ਜਾਂਦਾ ਹੈ। ਲੋਕ-ਧਾਰਾ ਦਾ ਖੇਤਰ ਅਸਮਾਨ ਜਿੱਡਾ ਵੱਡਾ ਹੈ ਤੇ ਇਸ ਦੀ ਸੂਝ-ਸਿਆਣਪ ਧਰਤੀ ਮਾਂ ਜਿਹੀ ਵਿਸ਼ਾਲ ਹੈ। ਇਸ ਵਿੱਚ ਲੋਰੀਆਂ ਦੀ ਤੋਤਲੀ ਬੋਲੀ ਤੋਂ ਲੈ ਕੇ 'ਦੁੱਲੇ ਭੱਟੀ' ਦੀ ਗੜ੍ਹਕਦੀ ਲਲਕਾਰ ਹੈ। ਸਾਖੀਆਂ ਤੇ ਵਾਰਾਂ, ਬਾਲਾਂ ਤੇ ਗੱਭਰੂਆਂ ਨੂੰ ਉਂਗਲੀ ਫੜ ਕੇ ਜੀਵਨ ਦੇ ਉਸਾਰੂ ਮਾਰਗ 'ਤੇ ਪਾ ਦਿੰਦੀਆਂ ਹਨ। ਅਦਬ, ਅਦਾਵਾਂ ਤੇ ਲੋਕ-ਕਲਾਵਾਂ, ਲੋਕ-ਧਾਰਾ ਜ਼ਿੰਦਗੀ ਦੇ ਮਤਾਬੀ ਰੰਗਾਂ ਦਾ ਵਗਦਾ ਦਰਿਆ ਹੈ।

ਇਕਹਿਰੇ ਪਰਿਵਾਰਾਂ ਤੋਂ ਲੈ ਕੇ ਖਪਤਕਾਰੀ ਯੁੱਗ ਤੇ ਨਵੀਨ ਤਕਨਾਲੋਜੀ ਤੱਕ ਨਵੀਂ ਪੀੜ੍ਹੀ ਦੇ ਲੋਕ-ਧਾਰਾ ਤੋਂ ਟੁੱਟ ਜਾਣ ਦੇ ਹੋਰ ਵੀ ਕਈ ਕਾਰਨ ਹੋ ਸਕਦੇ ਹਨ। 'ਭੰਡਾ-ਭੰਡਾਰੀਆ ਕਿੰਨਾਂ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ' ਲੇਕਿਨ ਲੋਕ-ਧਾਰਾ ਦੇ ਇਨ੍ਹਾਂ ਸ਼ਬਦਾਂ ਦੀ ਅਣਹੋਂਦ ਦੇ ਪ੍ਰਭਾਵ ਬਹੁ-ਦਿਸ਼ਾਵੀ ਹਨ। ਖ਼ੁਰਾਕੀ ਤੱਤਾਂ ਦੀ ਘਾਟ ਦੇ ਲੱਛਣ ਜਿਵੇਂ ਸਾਡੇ ਸਰੀਰ 'ਤੇ ਨਜ਼ਰ ਆਉਣ ਲੱਗ ਜਾਂਦੇ ਹਨ, ਇਵੇਂ ਹੀ ਲੋਕ-ਧਾਰਾ ਦੀ ਅਣਹੋਂਦ ਦੇ ਪ੍ਰਭਾਵ ਸਾਡੇ ਸੁਭਾਅ ਤੇ ਵਿਵਹਾਰ ਵਿੱਚੋਂ ਝਲਕਣ ਲੱਗ ਪੈਂਦੇ ਹਨ। ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਆਪਣੇ ਕਰਮਚਾਰੀਆਂ ਨੂੰ ਟ੍ਰੇਨਿੰਗ ਦੇਣ ਲਈ ਅਥਾਹ ਯਤਨ ਤੇ ਖ਼ਰਚਾ ਕਰਦੀਆਂ ਹਨ। ਲੇਕਿਨ ਲੋਕ-ਧਾਰਾ ਚੇਤ ਤੇ ਅਚੇਤ ਰੂਪ ਵਿੱਚ ਬੁਝਾਰਤਾਂ ਤੋਂ ਸ਼ੁਰੂ ਹੋ ਕੇ ਅਖਾਣਾਂ ਤੇ ਮੁਹਾਵਰਿਆਂ ਦੇ ਰੂਪ ਵਿੱਚ ਬਹੁਤ ਕੁਝ ਜ਼ਿੰਦਗੀ ਦੇ ਲੰਬੇ ਸਫ਼ਰ ਤੇ ਸਾਡੇ ਪੱਲੇ ਬੰਨ੍ਹ ਦਿੰਦੀ ਹੈ।

ਲੋਕ-ਧਾਰਾ ਦੀਆਂ ਸੂਝ ਸਿਆਣਪਾਂ ਤੋਂ ਸੱਖਣੇ ਨੌਜਵਾਨ ਜ਼ਿੰਦਗੀ ਦੇ ਕਠਿਨ ਹਾਲਾਤ ਵਿੱਚੋਂ ਲੰਘਦੇ ਅਕਸਰ ਹੀ ਜ਼ਖ਼ਮੀ ਹੋ ਜਾਂਦੇ ਹਨ। ਅਜਿਹੇ ਜ਼ਖ਼ਮ ਜੋ ਸਾਰੀ ਜ਼ਿੰਦਗੀ ਰਿਸਦੇ ਰਹਿੰਦੇ ਹਨ। ਕਈ ਨੌਜਵਾਨ ਚੱਟਾਨਾਂ ਨਾਲ ਟਕਰਾ ਕੇ ਸਮੁੰਦਰੀ ਜਹਾਜ਼ਾਂ ਵਾਂਗ ਤਬਾਹ ਹੋ ਜਾਂਦੇ ਹਨ। ਜ਼ਿੰਦਗੀ ਦੀਆਂ ਪੌੜੀਆਂ ਚੜ੍ਹਦੇ ਹੀ ਉਹ ਭਾਵਨਾਤਮਕ ਅਸਥਿਰਤਾ (emotional instability) ਦਾ ਸ਼ਿਕਾਰ ਹੋ ਜਾਂਦੇ ਹਨ। 'ਆਰ-ਢਾਂਗਾਂ, ਪਾਰ-ਢਾਂਗਾਂ ਵਿੱਚ ਟੱਲਮ-ਟੱਲੀਆਂ, ਆਉਣ ਕੂੰਜਾਂ ਦੇਣ ਬੱਚੇ ਨਦੀ ਨਾਵਣ ਚੱਲੀਆਂ' ਲੋਕ-ਧਾਰਾ ਦੇ ਅਮੀਰ ਖਜ਼ਾਨੇ 'ਚ ਸ਼ੱਕਰ ਵਰਗੇ ਇਨ੍ਹਾਂ ਬੋਲਾਂ ਦੀ ਘਾਟ ਕਿੱਥੋਂ ਪੂਰੀ ਕਰਾਂਗੇ, ਅੱਜ ਦਾ ਇਹ ਅਹਿਮ ਸਵਾਲ ਹੈ।

•



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਭਾਗ-ਤੀਜਾ



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਅੱਲ੍ਹੜ ਉਮਰਾਂ ਤਲਖ਼ ਸੁਨੇਹੇ

ਸਾਲ 2011 ਤੋਂ ਪੰਜ ਵਰ੍ਹਿਆਂ ਬਾਅਦ 2016 ਵਿੱਚ ਪੁਲੀਸ ਵਿਭਾਗ ਵਿੱਚ ਫਿਰ ਭਰਤੀ ਹੋਣ ਲੱਗੀ। ਮੁੰਡੇ ਸਵੇਰੇ ਉੱਠ ਕੇ ਸੜਕਾਂ 'ਤੇ ਦੌੜਦੇ, ਖੇਡ ਮੈਦਾਨਾਂ ਵਿੱਚ ਰੌਣਕਾਂ ਲੱਗਣ ਲੱਗੀਆਂ। ਆਖ਼ਰ ਉਹ ਦਿਨ ਵੀ ਆਇਆ ਜਦੋਂ ਹਰ ਜ਼ਿਲ੍ਹਾ ਪੱਧਰ 'ਤੇ ਰੋਜ਼ਾਨਾ ਛੇ-ਛੇ ਸੌ ਮੁੰਡਿਆਂ ਦੇ ਫਿਜ਼ੀਕਲ ਟੈਸਟ ਹੋਣ ਲੱਗੇ। ਪਹੁ-ਫੁਟਾਲੇ ਤੋਂ ਪਹਿਲਾਂ ਉਹ ਸਟੇਡੀਅਮ ਵਿੱਚ ਦਾਖ਼ਲ ਹੋਣ ਸਮੇਂ ਧਰਤੀ ਮਾਂ ਨੂੰ ਮੱਥਾ ਟੇਕਦੇ। ਰਜਿਸਟਰੇਸ਼ਨ ਤੋਂ ਬਾਅਦ, ਡੋਪ ਟੈਸਟ, ਕੱਦ ਦੀ ਮਿਣਤੀ, ਦੌੜ, ਲੰਬੀ ਤੇ ਉੱਚੀ ਛਾਲ, ਪੜਾਅ ਦਰ ਪੜਾਅ ਉਨ੍ਹਾਂ ਨੂੰ ਪੰਜ ਟੈਸਟਾਂ ਵਿੱਚੋਂ ਲੰਘਣਾ ਪੈਂਦਾ। ਵੀਹ-ਵੀਹ ਦੇ ਪੂਰ ਬਣਾ ਲਏ ਜਾਂਦੇ ਤੇ ਇੱਕ ਤੋਂ ਵੀਹ ਤੱਕ ਉਨ੍ਹਾਂ ਨੂੰ ਰੰਗ-ਬਰੰਗੇ ਚੈਸਟ ਨੰਬਰ ਦਿੱਤੇ ਜਾਂਦੇ। ਕੰਪਿਊਟਰ ਅੱਗੇ ਉਨ੍ਹਾਂ ਦੀਆਂ ਤਸਵੀਰਾਂ ਹੁੰਦੀਆਂ, ਵੀਡੀਉ ਬਣਦੀ, ਸਾਥੀਆਂ ਵੱਲ ਵੇਖ ਕੇ ਉਹ ਆਪਣੇ ਚੈਸਟ ਨੰਬਰ ਠੀਕ ਕਰਦੇ, ਸਵੈ-ਮਾਣ ਦੇ ਗੂੜ੍ਹੇ ਰੰਗ ਵਿੱਚ ਰੰਗੇ ਜਾਂਦੇ। ਕੱਦ ਦੀ ਮਿਣਤੀ ਤੋਂ ਲੈ ਕੇ ਆਖ਼ਰੀ ਟੈਸਟ ਉੱਚੀ ਛਾਲ ਤੱਕ ਹਰ ਪੜਾਅ ਦੀ ਸਫ਼ਲਤਾ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਦੀ ਜਾਂਦੀ। ਲੇਕਿਨ ਜਿਹੜੇ ਫੇਲ੍ਹ ਹੁੰਦੇ ਜਾਂਦੇ, ਉਨ੍ਹਾਂ ਤੋਂ ਉਸੇ ਪੜਾਅ ਤੇ ਚੈਸਟ ਨੰਬਰ ਵਾਪਸ ਲੈ ਲਏ ਜਾਂਦੇ ਤੇ ਉਹ ਭਾਰੇ ਕਦਮਾਂ ਨਾਲ ਸਟੇਡੀਅਮ 'ਚੋਂ ਬਾਹਰ ਹੋ ਜਾਂਦੇ। ਇਹ ਲੇਖ ਉਨ੍ਹਾਂ ਮੁੰਡਿਆਂ ਦੀ ਰੁਜ਼ਗਾਰ ਪ੍ਰਾਪਤੀ ਲਈ ਜੱਦੋ-ਜਹਿਦ ਦੀ ਤਸਵੀਰ ਹੈ।

ਫਿਜ਼ੀਕਲ ਟੈਸਟ ਸ਼ੁਰੂ ਹੋਏ, ਦੌੜ ਲਈ ਸਿਰਫ਼ ਇੱਕ ਮੌਕਾ ਮਿਲਦਾ, ਲੰਬੀ ਤੇ ਉੱਚੀ ਛਾਲ ਲਈ ਤਿੰਨ-ਤਿੰਨ ਮੌਕੇ ਸਨ। ਵੀਹ-ਵੀਹ ਦੇ ਪੂਰ ਲਈ ਇੱਕ-ਇੱਕ ਪੁਲੀਸ ਕਰਮਚਾਰੀ ਨੂੰ ਮਾਰਸ਼ਲ ਲਾ ਦਿੱਤਾ ਗਿਆ ਅਤੇ ਇੱਕ-ਇੱਕ ਮੁਲਾਜ਼ਮ ਲੜਕੀ ਨੂੰ ਮਾਰਸ਼ਲ ਦੀ ਸਹਾਇਕ ਨਿਯੁਕਤ ਕੀਤਾ ਗਿਆ। ਦਸ ਰੰਗਾਂ ਦੇ ਚੈਸਟ ਨੰਬਰਾਂ ਲਈ ਅਜਿਹੀਆਂ ਦਸ ਟੀਮਾਂ ਬਣਾਈਆਂ ਗਈਆਂ। ਮਾਰਸ਼ਲ ਹੱਥ ਰਿਕਾਰਡ ਵਾਲੀ ਫਾਈਲ ਹੁੰਦੀ, ਡੋਪ ਤੋਂ ਸ਼ੁਰੂ ਹੋ ਕੇ ਉੱਚੀ ਛਾਲ ਤੱਕ ਟੈਸਟ ਹੁੰਦੇ ਜਾਂਦੇ, ਮਾਰਸ਼ਲ ਹਰ ਇਨਚਾਰਜ ਦੇ ਹਸਤਾਖਰ ਕਰਵਾਉਂਦਾ ਜਾਂਦਾ ਤੇ ਪਿੱਛੇ-ਪਿੱਛੇ ਤੁਰਦੀਆਂ ਲੜਕੀਆਂ ਜਿਸ-ਜਿਸ ਪੜਾਅ ਤੋਂ ਕੋਈ ਮੁੰਡਾ ਫੇਲ੍ਹ ਹੁੰਦਾ ਜਾਂਦਾ ਉਨ੍ਹਾਂ ਤੋਂ ਚੈਸਟ ਨੰਬਰ ਵਾਪਸ ਲੈਂਦੀਆਂ ਜਾਂਦੀਆਂ। ਕਈ ਵਾਰ ਵੀਹ-ਵੀਹ ਦੇ ਪੂਰ ਵਿੱਚੋਂ



Sri Satguru Jagjit Singh Ji eLibrary NamdhariElibrary@gmail.com

ਅੰਤ ਤੱਕ ਪਹੁੰਚਣ ਵਾਲੇ ਮੁੰਡਿਆਂ ਦੀ ਗਿਣਤੀ ਬਹੁਤ ਘੱਟ ਰਹਿ ਜਾਂਦੀ। ਇੱਕ ਵਾਰ ਇਹ ਗਿਣਤੀ ਦੋ ਹੀ ਰਹਿ ਗਈ ਸੀ। ਇਨ੍ਹਾਂ ਲੜਕੀਆਂ ਦੇ ਹੱਥ ਰੰਗ-ਬਰੰਗੇ ਚੈਸਟ ਨੰਬਰਾਂ ਦੀ ਵੱਧ ਗਿਣਤੀ, ਉਸ ਗਰੁੱਪ ਦੀ ਮਾੜੀ ਕਾਰਗੁਜ਼ਾਰੀ ਦਾ ਸੰਕੇਤ ਦਿੰਦੀ। ਆਪਣਾ ਗਰੁੱਪ ਖ਼ਤਮ ਹੋਣ ਤੋਂ ਬਾਅਦ ਉਹ ਇਹ ਚੈਸਟ ਨੰਬਰ ਜਮ੍ਹਾਂ ਕਰਵਾ ਦਿੰਦੀਆਂ ਅਤੇ ਹੋਰ ਰੰਗ ਦੇ ਚੈਸਟ ਨੰਬਰ ਲੈ ਕੇ ਅਗਲੇ ਗਰੁੱਪ ਨੂੰ ਗਰਾਊਂਡ ਵਿੱਚ ਲੈ ਆਉਂਦੀਆਂ। ਲਾਲ, ਗੁਲਾਬੀ, ਹਰੇ, ਸੰਤਰੀ ਜਦੋਂ ਇਹ ਸਾਰੇ ਦਸ ਗਰੁੱਪ ਇਕੱਠੇ ਗਰਾਊਂਡ ਵਿੱਚ ਹੁੰਦੇ ਤਾਂ ਗਰਾਊਂਡ ਦਾ ਸੁਹੱਪਣ ਵੇਖਣ ਵਾਲਾ ਹੁੰਦਾ। ਦਿਨ ਦਾ ਕੰਮ ਸਮਾਪਤ ਹੋਣ ਤੋਂ ਬਾਅਦ ਜਦ ਮੈਂ ਸਟੇਡੀਅਮ 'ਚੋਂ ਬਾਹਰ ਆ ਰਿਹਾ ਹੁੰਦਾ ਤਾਂ ਮੇਜ਼ 'ਤੇ ਪਏ ਰੰਗ-ਬਿਰੰਗੇ ਚੈਸਟ ਨੰਬਰ ਮੈਨੂੰ ਮਾਲਵੇ 'ਚ ਲਗਦੇ ਪਸ਼ੂ ਮੇਲਿਆਂ ਦਾ ਭੁਲੇਖਾ ਪਾਉਂਦੇ।

ਮਹੀਨੇ ਤੋਂ ਵੱਧ ਸਮਾਂ ਚੱਲੀ ਭਰਤੀ ਦੌਰਾਨ ਮੈਂ ਤਿੰਨ-ਚਾਰ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਹਰ ਲੜਕੇ ਦਾ ਕੱਦ ਆਪ ਮਿਣਿਆ। ਮਿਣਤੀ ਸਟੈਂਡ ਦੇ ਦੋਵੇਂ ਪਾਸੇ ਅੱਠ-ਅੱਠ ਇੱਟਾਂ ਰੱਖ ਲਈਆਂ ਤਾਂ ਕਿ ਉਚਾਈ ਨੂੰ ਨੇੜਿਉਂ ਦੇਖਿਆ ਜਾ ਸਕੇ। ਭਰਤੀ ਲਈ ਘੱਟੋ-ਘੱਟ ਕੱਦ ਪੰਜ ਫੁੱਟ ਸੱਤ ਇੰਚ ਸੀ ਤੇ ਦਸ ਨੰਬਰ ਤੋਂ ਸ਼ੁਰੂ ਹੋ ਕੇ ਛੇ ਫੁੱਟ ਤੱਕ ਇੱਕ-ਇੱਕ ਇੰਚ ਲਈ ਇੱਕ-ਇੱਕ ਨੰਬਰ ਵੱਧਦਾ ਜਾਂਦਾ। ਜਿਨ੍ਹਾਂ ਦਾ ਕੱਦ ਪੰਜ ਫੁੱਟ ਸੱਤ ਇੰਚ ਤੋਂ ਘੱਟ ਜਾਂਦਾ, ਉਨ੍ਹਾਂ ਤੋਂ ਚੈਸਟ ਨੰਬਰ ਲੈ ਲਏ ਜਾਂਦੇ ਤੇ ਉਹ ਭਰਤੀ ਦੇ ਇਸੇ ਪੜਾਅ ਤੋਂ ਬਾਹਰ ਹੋ ਜਾਂਦੇ। ਉਨ੍ਹਾਂ ਦੀ ਹਾਲਤ ਤਰਸਯੋਗ ਹੋ ਜਾਂਦੀ। ਘੱਟ ਕੱਦ ਵਾਲੇ ਇੱਕ ਲੜਕੇ ਤੋਂ ਜਦ ਚੈਸਟ ਨੰਬਰ ਵਾਪਸ ਲੈਣ ਲੱਗੇ ਤਾਂ ਉਹ ਕਹਿੰਦਾ, 'ਨੌਕਰੀ ਭਾਵੇਂ ਨਾ ਦਿਓ, ਭੱਜ ਕੇ ਤਾਂ ਵੇਖ ਲੈਣ ਦਿਉ। ਪਿੰਡ ਦੇ ਹੋਰ ਮੁੰਡੇ ਵੀ ਭਰਤੀ ਲਈ ਆਏ ਹੋਏ ਹਨ, ਜੇ ਮੈਂ ਨਾ ਭੱਜਿਆ ਤਾਂ ਉਹ ਕੀ ਕਹਿਣਗੇ।' ਕੱਦ ਘੱਟ ਹੋਣ 'ਤੇ ਅਜਿਹਾ ਇੱਕ ਹੋਰ ਲੜਕਾ ਬਹੁਤ ਘਬਰਾਇਆ ਹੋਇਆ ਸੀ। ਮੇਰੇ ਤੋਂ ਇੱਕ ਗਿੱਠ ਦਾ ਫ਼ਾਸਲਾ, ਮੈਂ ਉਸ ਦਾ ਗੁੱਟ ਫੜਿਆ ਹੋਇਆ ਸੀ ਤੇ ਮੇਰੀ ਨਿਗ੍ਹਾ ਉਸ ਦੇ ਚਿਹਰੇ 'ਤੇ ਟਿਕੀ ਹੋਈ ਸੀ, ਉਸ ਦਾ ਸਰੀਰ ਠੰਢਾ ਤੇ ਰੰਗ ਪੀਲਾ ਪੈ ਗਿਆ। ਉਹ ਕਹਿੰਦਾ, 'ਮਾਂ ਸਾਰੇ ਟੱਬਰ ਨੂੰ ਕਾਲ਼ੀ ਚਾਹ ਪਿਆਉਂਦੀ ਰਹੀ, ਦੁੱਧ ਦੇ ਦੋਵੇਂ ਗਿਲਾਸ ਮੇਰੇ ਲਈ ਰੱਖ ਦਿੰਦੀ ਸੀ, ਉਸ ਨੂੰ ਕਿਹੜਾ ਮੂੰਹ ਦਿਖਾਵਾਂਗਾ।' ਅਗਲੇ ਦਿਨ ਸਵੇਰੇ ਸਾਢੇ ਛੇ ਵਜੇ ਜਦ ਕੱਦ ਦੀ ਮਿਣਤੀ ਸ਼ੁਰੂ ਕੀਤੀ ਤਾਂ ਪਹਿਲੇ ਹੀ ਲੜਕੇ ਦਾ ਕੱਦ ਘੱਟ ਸੀ। ਪੰਜ ਫੁੱਟ ਸਾਢੇ ਛੇ ਇੰਚ, ਇੱਕ ਕਰਮਚਾਰੀ ਨੇ ਬੋਲ ਕੇ, ਅੰਕੜੇ ਲਿਖਣ ਵਾਲੀ ਲੜਕੀ ਨੂੰ ਦੱਸਿਆ। ਇਹ ਸੁਣ ਕੇ ਉਹ ਲੜਕਾ ਗੁੰਮ-ਸੁੰਮ ਹੋ ਗਿਆ। ਮੈਂ ਉਸ ਨੂੰ ਦਿਲਾਸਾ ਦੇਣ ਲੱਗਿਆ, ਉਹ ਕਹਿੰਦਾ ਇੱਕ ਗੱਲ ਕਰਨੀ ਸੀ। 'ਮੈਨੂੰ ਦੁਪਿਹਰ ਤੱਕ ਸਟੇਡੀਅਮ



Sri Satguru Jagjit Singh Ji eLibrary NamdhariElibrary@gmail.com

ਵਿੱਚ ਬੈਠ ਲੈਣ ਦਿਉ, ਜੇ ਮੈਂ ਹੁਣੇ ਘਰ ਮੁੜ ਗਿਆ ਤਾਂ ਮਾਂ ਨੇ ਉਦਾਸ ਹੋ ਜਾਣਾ, ਉਹ ਕਹਿੰਦੀ ਸੀ, ਜਦ ਭੱਜ ਹਟਿਆ ਤਾਂ ਮੈਨੂੰ ਦੱਸ ਦੇਵੀਂ, ਮੈਂ ਓਨੀ ਦੇਰ ਪਾਠ ਕਰਦੀ ਰਹਾਂਗੀ।'

ਉਸ ਦਿਨ ਦਾ ਇਹ ਆਖ਼ਰੀ ਪੂਰ ਸੀ, ਚੈਸਟ ਨੰਬਰ ਛੇ ਤੇ ਸੱਤ ਦੋਵਾਂ ਦਾ ਕੱਦ ਘੱਟ ਹੋਣ ਕਾਰਨ ਉਨ੍ਹਾਂ ਤੋਂ ਚੈਸਟ ਨੰਬਰ ਵਾਪਸ ਲਏ ਜਾ ਰਹੇ ਸਨ। ਚੈਸਟ ਨੰਬਰ ਅੱਠ, ਜਿਸ ਦਾ ਕੱਦ ਵੇਖਣ ਨੂੰ ਉਨ੍ਹਾਂ ਜਿੰਨਾ ਹੀ ਜਾਪਦਾ ਸੀ। ਉਸ ਨੇ ਮਿਣਤੀ ਸਟੈਂਡ ਨੂੰ ਤਰਸ ਭਰੀਆਂ ਨਜ਼ਰਾਂ ਨਾਲ ਵੇਖਿਆ ਤੇ ਫਿਰ ਮੂੰਹ ਵਿੱਚ ਕੁਝ ਬੋਲਦਾ-ਬੋਲਦਾ ਸਟੈਂਡ 'ਤੇ ਖੜ੍ਹਾ ਹੋ ਗਿਆ। 'ਪੰਜ ਫੁੱਟ ਸੱਤ ਇੰਚ', ਜਿਉਂ ਹੀ ਮੇਰਾ ਸਾਥੀ ਕਰਮਚਾਰੀ ਬੋਲਿਆ ਤਾਂ ਉਸ ਮੁੰਡੇ ਦੇ ਮੂੰਹੋਂ ਨਿਕਲਿਆ, 'ਸ਼ਾਬਾਸ਼' ਤੇ ਉਹ ਮਿਣਤੀ ਸਟੈਂਡ ਨੂੰ ਮੱਥਾ ਟੇਕਣ ਲੱਗਾ। ਉਸ ਨੇ ਫਿਜ਼ੀਕਲ ਟੈਸਟ ਦੇ ਅਗਲੇ ਪੜਾਵਾਂ 'ਚੋਂ ਹਾਲੇ ਗੁਜ਼ਰਨਾ ਸੀ। ਸਫ਼ਲਤਾ ਕਿੰਨਾ ਤਾਕਤਵਰ ਸ਼ਬਦ ਹੈ, ਅਧੂਰੀ ਸਫ਼ਲਤਾ ਵੀ ਖ਼ੁਸ਼ੀਆਂ ਦੀ ਚੰਗੇਰ ਲੈ ਕੇ ਆਉਂਦੀ ਹੈ। ਇਸੇ ਪੂਰ ਦਾ ਚੈਸਟ ਨੰਬਰ ਵੀਹ, ਉਸ ਦਾ ਕੱਦ ਪੰਜ ਫੁੱਟ ਪੰਜ ਇੰਚ ਹੀ ਸੀ। ਇਹ ਪੂਰੇ ਦਿਨ ਦਾ ਕਿਉਂ ਗਰਮੀ ਵਿੱਚ ਬੈਠਾ, ਇਹ ਸੋਚ ਕੇ ਮੈਂ ਉਸ ਨੂੰ ਹਮਦਰਦੀ ਨਾਲ ਪੁੱਛਿਆ, 'ਤੁਸੀਂ ਪਹਿਲਾਂ ਆਪਣਾ ਕੱਦ ਨਹੀਂ ਮਿਣਿਆਂ ਸੀ।' ਉਸ ਨੇ ਜਵਾਬ ਦਿੱਤਾ, 'ਮੈਂ ਸੋਚਿਆ ਸਿਪਾਹੀ ਤੋਂ ਕੋਈ ਛੋਟੀ ਨੌਕਰੀ ਮਿਲ ਜਾਵੇਗੀ।' ਉਸ ਕੋਲ ਕੋਈ ਰੁਜ਼ਗਾਰ ਨਹੀਂ ਸੀ, ਉਸ ਦਾ ਬਾਪ ਨਹੀਂ ਸੀ, ਉਹ ਓਵਰਏਜ ਹੋ ਰਿਹਾ ਸੀ। ਮੈਂ ਉਸ ਨਾਲ ਹੋਰ ਵੀ ਕਈ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਉਸ ਦਾ ਬੋਲ ਭਾਰਾ ਹੁੰਦਾ ਗਿਆ। ਮੈਂ ਉਸ ਨੂੰ ਸਟੇਡੀਅਮ ਤੋਂ ਬਾਹਰ ਜਾਂਦੇ ਵੇਖਿਆ। ਉਹ ਖੱਬੇ ਨੂੰ ਮੁੜਿਆ, ਜਿਵੇਂ ਕੋਈ ਚੀਜ਼ ਭੁੱਲ ਜਾਂਦਾ ਹੈ, ਇੱਕ ਪਲ ਰੁਕ ਕੇ ਪਿੱਛੇ ਮੁੜਿਆ, ਸਿਰ ਖੁਰਕਣ ਲੱਗਾ, ਫਿਰ ਉਸੇ ਪਾਸੇ ਵੱਲ ਤੁਰ ਪਿਆ। ਅਸਫ਼ਲਤਾ ਤੇ ਬੇਵਸੀ ਕਿੱਡੇ ਘਾਤਕ ਸ਼ਬਦ ਨੇ, ਜਦ ਇਹ ਦਸਤਕ ਦਿੰਦੇ ਨੇ ਤਾਂ ਬੰਦਾ ਆਪਣੇ ਘਰ ਦਾ ਰਾਹ ਵੀ ਭੁੱਲ ਜਾਂਦਾ ਹੈ।

ਉਸ ਦਿਨ ਗਰਮੀ ਤੇ ਹੁੰਮਸ ਸੀ ਪਰ ਪਰਛਾਵੇਂ ਢਲਦਿਆਂ ਹੀ ਆਸੇ-ਪਾਸੇ ਮੀਂਹ ਪੈਣ ਲੱਗਾ ਤੇ ਹਵਾ ਪਲੋ-ਪਲੀ ਠੰਢੀ ਹੁੰਦੀ ਗਈ। ਹੁਣ ਦਿਨ ਛਿਪਣ ਲੱਗਾ, ਵੀਹ-ਵੀਹ ਦੇ ਪੂਰ ਵਿੱਚੋਂ ਇਹ ਛੱਬੀਵਾਂ ਤੇ ਆਖ਼ਰੀ ਪੂਰ ਸੀ। ਇੱਕ ਲੜਕਾ ਡੋਪ ਟੈਸਟ ਵਿੱਚੋਂ ਫੇਲ੍ਹ ਹੋਇਆ, ਦੋ ਦਾ ਕੱਦ ਘੱਟ ਸੀ, ਨੌਂ ਦੌੜ ਵਿੱਚੋਂ ਫੇਲ੍ਹ ਹੋ ਗਏ, ਲੰਬੀ ਛਾਲ ਤੱਕ ਪਹੁੰਚਦਿਆਂ ਇਨ੍ਹਾਂ ਮੁੰਡਿਆਂ ਦੀ ਗਿਣਤੀ ਅੱਠ ਰਹਿ ਗਈ ਸੀ। ਪੰਜ ਨੇ ਪਹਿਲੀ ਵਾਰ ਲੰਬੀ ਛਾਲ ਪਾਰ ਕਰ ਲਈ, ਦੋ ਨੇ ਦੂਜੀ ਵਾਰ, ਤੇ ਇਹ ਮੁੰਡਾ ਆਖ਼ਰੀ ਕੋਸ਼ਿਸ਼ ਕਰਨ ਲਈ ਭੱਜਣ ਵਾਲੇ ਮਾਰਕ 'ਤੇ ਘਬਰਾਇਆ ਖੜ੍ਹਾ ਸੀ। ਕੂੰਜਾਂ ਦੀ ਡਾਰ ਸਟੇਡੀਅਮ ਉੱਪਰ ਦੀ ਲੰਘ ਕੇ ਪੱਛਮ ਵੱਲ ਨੂੰ ਚਲੀ ਗਈ, ਸ਼ੁੱਭ--ਸੰਕੇਤ ਸੀ। ਉਸ ਮੁੰਡੇ ਨੇ ਛਾਲ



Sri Satguru Jagjit Singh Ji eLibrary NamdhariElibrary@gmail.com

ਲਾਈ ਤੇ ਜਿਉਂ ਹੀ ਹਰੀ ਝੰਡੀ ਵਾਲੀ ਬਾਂਹ ਉੱਪਰ ਉੱਠੀ ਤਾਂ ਕੰਧਾਂ ਤੇ ਕੋਠਿਆਂ ਤੋਂ ਤਾੜੀਆਂ ਦੀ ਗੂੰਜ ਸੁਣਾਈ ਦਿੱਤੀ। ਭਾਵੁਕ ਹੋਏ ਗੋਡਿਆਂ ਭਾਰ ਬੈਠੇ ਉਸ ਮੁੰਡੇ ਨੇ ਲੰਬੀ ਛਾਲ ਵਾਲੇ ਟੋਏ ਵਿੱਚੋਂ ਕੱਕੇ ਰੇਤੇ ਦਾ ਬੁੱਕ ਭਰਿਆ ਤੇ ਆਪਣੇ ਸਿਰ ਉੱਪਰ ਪਾ ਲਿਆ। ਤਾੜੀਆਂ ਦੀ ਗੂੰਜ ਅਤੇ ਉਸ ਮੁੰਡੇ ਦੇ ਸਿਰ ਦੇ ਵਾਲਾਂ ਵਿੱਚੋਂ ਕਿਰਦੇ ਰੇਤੇ ਦੀ ਲੈਅ ਵਿੱਚ ਕੋਈ ਸਾਂਝ ਸੀ। ਮੈਂ ਦੁਬਾਰਾ ਵੇਖਣ ਦੀ ਕੋਸ਼ਿਸ਼ ਕੀਤੀ ਪਰ ਕੂੰਜਾਂ ਦੂਰ ਜਾ ਚੁੱਕੀਆਂ ਸਨ। ਦੂਰ ਪਿੰਡ ਵਿੱਚੋਂ ਲੜਕੀ ਦੀ ਅਵਾਜ਼ ਵਿੱਚ ਰਹਿਰਾਸ ਸਾਹਿਬ ਦੇ ਪਾਠ ਦੀ ਅਵਾਜ਼ ਸੁਣਾਈ ਦੇਣ ਲੱਗੀ।

ਹੁਣ ਛੇ ਸੌ ਦੀ ਥਾਂ ਅੱਠ-ਅੱਠ ਸੌ ਮੁੰਡੇ ਹਰ ਰੋਜ਼ ਫਿਜ਼ੀਕਲ ਟੈਸਟ ਲਈ ਬੁਲਾਏ ਜਾਣ ਲੱਗੇ, ਇਨ੍ਹਾਂ ਵਿੱਚੋਂ ਔਸਤਨ ਦਸ/ਬਾਰਾਂ ਮੈਡੀਕਲ ਆਧਾਰ 'ਤੇ ਹੋਰ ਤਾਰੀਖ਼ ਲੈਣ ਲਈ ਅਰਜ਼ੀਆਂ ਦਿੰਦੇ। ਇਨ੍ਹਾਂ ਅਰਜ਼ੀਆਂ ਤੇ ਬਿਮਾਰੀਆਂ ਦੀ ਗਹੁ ਨਾਲ ਛਾਣ-ਬੀਣ ਕੀਤੀ ਜਾਂਦੀ। ਜਦੋਂ ਮੈਂ ਮਿਣਤੀ ਸਟੈਂਡ 'ਤੇ ਖੜ੍ਹਾ ਕੰਮ ਵਿੱਚ ਰੁੱਝਿਆ ਹੋਇਆ ਸੀ, ਉਦੋਂ ਇੱਕ ਲੜਕੇ ਨੂੰ ਦੋ ਜਣੇ ਮੋਢਿਆਂ ਤੋਂ ਮੱਦਦ ਦੇ ਕੇ ਸਾਡੇ ਵੱਲ ਲਿਆ ਰਹੇ ਸਨ। ਉਸ ਦੇ ਨਾਲ ਆਏ ਦੋਵੇਂ ਜਣੇ ਵਾਰੀ-ਵਾਰੀ ਬੋਲਣ ਲੱਗੇ। ਸੱਤ ਅਗਸਤ, ਐਤਵਾਰ ਨੂੰ ਫ਼ੌਜ ਦੀ ਭਰਤੀ ਸੀ। ਦੋ ਸੌ ਜਣਿਆਂ ਨੂੰ ਮੀਂਹ ਵਿੱਚ ਇਕੱਠੇ ਹੀ ਭਜਾ ਦਿੱਤਾ ਗਿਆ। ਇਹ ਡਿੱਗ ਪਿਆ, ਬਾਕੀ ਦੇ ਇਹਦੇ ਉੱਪਰੋਂ ਲੰਘ ਗਏ। ਜਦੋਂ ਮੇਰੀ ਉਸ ਲੜਕੇ ਨਾਲ ਨਿਗ੍ਹਾ ਮਿਲੀ ਤਾਂ ਉਹ ਬੋਲਿਆ ਕੁਝ ਨਹੀਂ, ਉਸ ਨੇ ਹੱਥ ਨਾਲ ਆਪਣੇ ਪੈਰਾਂ ਵੱਲ ਇਸ਼ਾਰਾ ਕੀਤਾ। ਉਸ ਦੇ ਸੱਜੇ ਪੈਰ ਦੇ ਅੰਗੂਠੇ 'ਤੇ ਲੀਰ ਬੰਨ੍ਹੀ ਹੋਈ ਸੀ, ਪੈਰਾਂ 'ਤੇ ਸੋਜ਼, ਲੱਕ ਵਿੱਚ ਦਰਦ, ਅੱਖਾਂ ਵਿੱਚ ਪਾਣੀ ਤੇ ਮਾਨਸਿਕ ਤਣਾਓ ਕਾਰਨ ਮੱਥੇ 'ਤੇ ਪਸੀਨੇ ਦੇ ਛੋਟੇ-ਛੋਟੇ ਤੁਪਕੇ ਸਿੰਮ ਆਏ ਸਨ। ਇਹ ਸੁਣਦਿਆਂ-ਵੇਖਦਿਆਂ ਮੇਰਾ ਧਿਆਨ ਅਜਿਹਾ ਉੱਖੜਿਆ ਕਿ ਜਿਸ ਲੜਕੇ ਦਾ ਅਸੀਂ ਕੱਦ ਮਿਣ ਰਹੇ ਸੀ, ਮੈਥੋਂ ਉਸ ਦੀ ਖੱਬੀ ਬਾਂਹ ਘੁੱਟੀ ਗਈ, ਦਰਦ ਕਾਰਨ ਉਸ ਨੇ ਕਸੀਸ ਵੱਟੀ। 'ਕੀ ਹੋਇਆ', ਮੈਂ ਪੁੱਛਿਆ, ਸਾਹਮਣੇ ਖੜ੍ਹੇ ਲੜਕੇ ਵੱਲ ਇਸ਼ਾਰਾ ਕਰ ਕੇ ਉਹ ਕਹਿਣ ਲੱਗਾ ਜਦ ਇਹ ਡਿੱਗਿਆ ਤਾਂ ਉਸ ਭਗ-ਦੜ ਦੀ ਲਪੇਟ ਵਿੱਚ ਮੈਂ ਵੀ ਆ ਗਿਆ ਸੀ। ਉਸ ਮੁੰਡੇ ਦੇ ਮੋਢਿਆਂ 'ਤੇ ਪਿੱਠ ਤੇ ਪੱਟੇ ਲੱਗੇ ਹੋਏ ਸਨ। ਇਨ੍ਹਾਂ ਮੁੰਡਿਆਂ ਨੂੰ ਲਤਾੜ-ਲਤਾੜ ਲੰਘਦੀ ਬੇਰੁਜ਼ਗਾਰੀ ਉਨ੍ਹਾਂ ਲੋਕਾਂ ਲਈ ਇੱਕ ਸੁਨੇਹਾ ਹੈ, ਜਿਨ੍ਹਾਂ ਨੂੰ ਅਜਿਹੀਆਂ ਨੌਕਰੀਆਂ ਮਿਲੀਆਂ ਹੋਈਆਂ ਹਨ।

ਸੌਲ੍ਹਾਂ ਸੌ ਮੀਟਰ ਦੌੜ ਸਾਢੇ ਛੇ ਮਿੰਟਾਂ ਵਿੱਚ, ਦੌੜ ਦਾ ਸਮਾਂ ਖ਼ਤਮ ਹੋ ਜਾਣ ਦਾ ਸੰਕੇਤ ਦਿੰਦੀ ਵਿਸਲ ਸਭ ਤੋਂ ਵੱਡਾ ਘਾਣ ਕਰਦੀ, ਉਹ ਅੱਧੇ ਮੁੰਡਿਆਂ ਨੂੰ ਭਰਤੀ ਦੌੜ ਵਿੱਚੋਂ ਬਾਹਰ ਕੱਢ ਦਿੰਦੀ। ਕਈ ਵਾਰ ਵੀਹਾਂ ਦੇ ਪੂਰ ਦੀ ਅਗਵਾਈ ਕਰਨ ਵਾਲਾ ਦੌੜਾਕ ਇੱਕੋ ਚਾਲ ਦੌੜਦਾ ਰਹਿੰਦਾ ਤੇ ਬਾਕੀ, ਉਸ ਦੀ ਪੈੜ ਵਿੱਚ



Sri Satguru Jagjit Singh Ji eLibrary NamdhariElibrary@gmail.com

ਪੈਰ ਧਰਦੇ, ਸਮੇਂ ਸਿਰ ਦੌੜ ਪੂਰੀ ਕਰ ਜਾਂਦੇ। ਲੇਕਿਨ ਕਈ ਦੌੜਾਕ ਏਨੀ ਤੇਜ਼ੀ ਨਾਲ ਦੌੜਦੇ ਕਿ ਬਾਕੀ ਉਸ ਦੇ ਮਗਰ ਦੌੜਦੇ-ਦੌੜਦੇ ਹਫ਼ ਜਾਂਦੇ। ਅਜਿਹੇ ਹੀ ਇੱਕ ਪੂਰ ਵਿੱਚ ਅਥਲੀਟ ਜਾਪਦੇ ਇੱਕ ਮੁੰਡੇ ਨੇ ਪਹਿਲਾ ਗੇੜਾ ਬਹੁਤ ਤੇਜ਼ ਲਵਾ ਦਿੱਤਾ। ਦੂਜੇ, ਤੀਜੇ ਤੇ ਆਖ਼ਰੀ ਗੇੜੇ ਵਿੱਚ ਬਾਕੀ ਲੜਕੇ ਤਾਸ਼ ਦੇ ਪੱਤਿਆਂ ਵਾਂਗ ਖਿੱਲਰਦੇ ਗਏ। ਲੱਤਾਂ ਫੁੱਲ ਜਾਣਾ ਮੈਂ ਸੁਣਿਆ ਸੀ ਲੇਕਿਨ ਹੁਣ ਸਾਹਮਣੇ ਵੇਖ ਰਿਹਾ ਸੀ। ਅਜਿਹੇ ਹੀ ਇੱਕ ਪੂਰ ਵਿੱਚ ਸਰੀਰਕ ਤੌਰ 'ਤੇ ਥੋੜ੍ਹਾ ਭਾਰਾ, ਇਹ ਲੜਕਾ ਡਿੱਗਦੇ ਜਹਾਜ਼ ਵਾਂਗ ਆਖ਼ਰੀ ਪੰਜਾਹ ਮੀਟਰ ਪਾਰ ਕਰਨ ਲਈ ਡਿੱਕ-ਡੋਲੇ ਖਾ ਰਿਹਾ ਸੀ। ਉਸ ਕੋਲ ਸਮਾਂ ਸੀ ਪਰ ਸਮਰੱਥਾ ਨਹੀਂ ਸੀ। ਵੀਹ ਕੁ ਮੀਟਰ ਰਹਿੰਦਿਆਂ ਉਹ ਡਿੱਗ ਪਿਆ ਪਰ ਖੜ੍ਹਾ ਹੋ ਗਿਆ, ਥੋੜ੍ਹੀ ਦੇਰ ਬਾਅਦ ਫਿਰ ਡਿੱਗਿਆ, ਹੁਣ ਸਰੀਰ ਨੂੰ ਰੋਲ ਕਰ ਕੇ ਫ਼ਾਸਲਾ ਤੈਅ ਕਰਨ ਲੱਗਿਆ, ਲੇਕਿਨ੍ ਦੋ ਮੀਟਰ ਰਹਿੰਦਿਆਂ ਹੀ ਸਮਾਂ ਸਮਾਪਤੀ ਦੀ ਵਿਸਲ ਵੱਜ ਗਈ। ਜਦ ਉਸ ਨੂੰ ਪਾਣੀ ਦਾ ਗਲਾਸ ਦਿੱਤਾ ਗਿਆ ਤਾਂ ਉਸ ਨੇ ਅੱਖਾਂ ਦੀਆਂ ਪਲਕਾਂ ਬੰਦ ਕਰ ਕੇ ਬੁੱਲ੍ਹ ਪੁੱਟਣ ਦੀ ਸਮਰੱਥਾ ਹਾਸਲ ਕੀਤੀ। ਸਿਰ ਤੋਂ ਪੈਰਾਂ ਤੱਕ ਉਹ ਮਿੱਟੀ ਨਾਲ ਲੱਥ-ਪੱਥ ਹੋਇਆ ਪਿਆ ਸੀ। ਪੂਰੀ ਭਰਤੀ ਦੌਰਾਨ ਬੇਰੁਜ਼ਗਾਰੀ ਦਾ ਇਸ ਤੋਂ ਘਾਤਕ ਹਮਲਾ ਮੈਂ ਹੋਰ ਨਹੀਂ ਵੇਖਿਆ।

ਜ਼ਿਲ੍ਹਾ ਪੱਧਰ ਦੇ ਇਸ ਭਰਤੀ ਸੈਂਟਰ 'ਤੇ ਸੋਲਾਂ ਹਜ਼ਾਰ ਤੋਂ ਵੱਧ ਲੜਕੇ ਫਿਜ਼ੀਕਲ ਟੈਸਟ ਲਈ ਅਲਾਟ ਹੋਏ ਸਨ। ਪੈਂਤੀ ਕੁ ਦਿਨ ਚੱਲੀ ਇਸ ਭਰਤੀ ਦੇ ਪਹਿਲੇ ਵੀਹ ਦਿਨ ਜ਼ਿਲ੍ਹੇ ਦੇ ਲੜਕੇ ਆਏ ਤੇ ਫਿਰ ਬਾਹਰਲੇ ਪ੍ਰਾਂਤਾਂ ਦੇ ਲੜਕੇ ਆਉਣ ਲੱਗੇ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਹਰਿਆਣਾ ਪ੍ਰਾਂਤ ਦੀ ਸੀ। ਫਿਜ਼ੀਕਲ ਟੈਸਟ ਲਈ ਹਰਿਆਣਾ ਦੇ ਲੜਕੇ ਪੰਜਾਬ ਦੇ ਮੁੰਡਿਆਂ ਤੋਂ ਬਿਹਤਰ ਪਾਏ ਗਏ। ਜਦ ਉਹ ਵੀਹ ਜਣੇ ਭੱਜਦੇ ਤਾਂ ਪੰਦਰਾਂ/ਸੋਲਾਂ ਮੁੰਡੇ ਦੌੜ ਪੂਰੀ ਕਰ ਜਾਂਦੇ, ਪੰਜਾਬ ਦੇ ਇਨ੍ਹਾਂ ਮੁੰਡਿਆਂ ਦੀ ਔਸਤ ਗਿਣਤੀ ਦਸ/ਗਿਆਰਾਂ ਰਹੀ। ਇਸ ਦਾ ਇੱਕ ਕਾਰਨ ਇਹ ਵੀ ਸੀ, ਪੁਲੀਸ ਭਰਤੀ ਦੇ ਜਿਸ ਫਿਜ਼ੀਕਲ ਟੈਸਟ ਦੀ ਤਿਆਰੀ ਉਨ੍ਹਾਂ ਦੋ-ਤਿੰਨ ਮਹੀਨੇ ਕੀਤੀ ਸੀ, ਹਰਿਆਣੇ ਦੇ ਲੜਕੇ ਉਹੀ ਤਿਆਰੀ ਪਿਛਲੇ ਦੋ-ਤਿੰਨ ਸਾਲਾਂ ਤੋਂ ਕਰ ਰਹੇ ਸਨ। ਪ੍ਰਾਂਤ ਪੁਲੀਸ ਤੋਂ ਲੈ ਕੇ ਸੈਂਟਰਲ ਫੋਰਸਜ਼ ਤੇ ਫ਼ੌਜ, ਉਹ ਹਰ ਭਰਤੀ ਨਿਰੰਤਰ ਦੇਖਦੇ ਆ ਰਹੇ ਸਨ। ਪਿੱਠ ਪਿੱਛੇ ਬੈਗ ਪਾਈ ਉਹ ਸਟੇਡੀਅਮ ਵਿੱਚ ਇਉਂ ਘੁੰਮਦੇ ਜਿਵੇਂ ਅੰਬਾਲੇ ਦਾ ਰੇਲਵੇ ਸਟੇਸ਼ਨ ਹੋਵੇ। ਉਹ ਫਿਜ਼ੀਕਲ ਟੈਸਟ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਪਹੁੰਚਦੇ ਤੇ ਸ਼ਾਮ ਨੂੰ ਟਰੈਕ ਦੀਆਂ ਕਰਮਾਂ ਮਾਰਦੇ ਦੇਖੇ ਜਾਂਦੇ। ਪੰਜਾਬ ਦੇ ਮੁੰਡਿਆਂ ਦੀ ਗਿਣਤੀ ਮੁੱਕਣ ਤੋਂ ਬਾਅਦ ਜਦੋਂ ਉਹ ਪਹਿਲੇ ਦਿਨ ਆਏ ਤਾਂ ਮੈਨੂੰ ਇੰਝ ਮਹਿਸੂਸ ਹੋਇਆ ਕਿ ਮੈਂ ਕਿਸੇ ਕਾਲਜ ਦੀ ਅਥਲੈਟਿਕ ਮੀਟ ਵਿੱਚ ਬੈਠਾ ਹੋਵਾਂ।



Sri Satguru Jagjit Singh Ji eLibrary NamdhariElibrary@gmail.com

ਹਰਿਆਣੇ ਦੇ ਇਨ੍ਹਾਂ ਮੁੰਡਿਆਂ ਨਾਲ ਮੈਂ ਵਿਸਥਾਰ-ਪੂਰਵਕ ਗੱਲਾਂ ਕੀਤੀਆਂ। ਮੈਂ ਵਾਰ-ਵਾਰ ਪੁੱਛਿਆ ਕਿ ਉਹ ਭਰਤੀ ਨੂੰ ਸਾਹਮਣੇ ਰੱਖਦਿਆਂ ਪੰਜਾਬ ਦੇ ਮੁੰਡਿਆਂ ਨਾਲੋਂ ਆਪਣੇ-ਆਪ ਨੂੰ ਕਿਹੜੇ-ਕਿਹੜੇ ਖੇਤਰਾਂ ਵਿੱਚ ਚੰਗਾ ਸਮਝਦੇ ਹਨ। "ਹਰਿਆਣੇ ਦੇ ਮੁੰਡਿਆਂ ਵਿੱਚ ਭਰਤੀ ਹੋਣ ਲਈ ਤੁਲਨਾਤਮਕ ਤੌਰ 'ਤੇ ਮੁਕਾਬਲੇ ਦੀ ਵੱਧ ਭਾਵਨਾ ਹੈ। ਰੈਸਲਿੰਗ, ਬੌਕਸਿੰਗ, ਖੋ-ਖੋ, ਵਾਲੀਬਾਲ, ਅਥਲੈਟਿਕਸ ਹਰ ਖੇਡ ਦਾ ਬਰਾਬਰ ਦਾ ਦਰਜਾ ਹੈ। ਉਹ ਸਾਲ ਵਿੱਚ ਚਾਰ-ਚਾਰ/ਪੰਜ-ਪੰਜ ਭਰਤੀਆਂ ਵੇਖ ਲੈਂਦੇ ਹਨ। ਉੱਥੇ ਦਸਵੀਂ 'ਚ ਪੜ੍ਹਦਾ ਮੁੰਡਾ ਦੌੜ ਦਾ ਸਮਾਂ ਮਾਪਣ ਲੱਗ ਜਾਂਦਾ ਹੈ। ਦੁੱਧ-ਦਹੀਂ ਜ਼ਿਆਦਾ ਹੈ, ਮੁੰਡਿਆਂ ਵਿੱਚ ਫੈਸ਼ਨ ਪ੍ਰਸਤੀ ਘੱਟ ਹੈ, ਐਬ ਤੇ ਨਸ਼ੇ ਘੱਟ ਹਨ। ਉਹ ਸਾਧਾਰਨ ਤੇ ਮਿਹਨਤੀ ਹਨ, ਬਜ਼ਾਰੂ ਗੀਤਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ, ਮਹਿੰਗੇ ਮੋਬਾਇਲਾਂ, ਮੋਟਰਸਾਇਕਲ, ਕਾਰਾਂ ਤੇ ਵਿਦੇਸ਼ ਜਾਣ ਦਾ ਜਨੂੰਨ ਨਹੀਂ ਹੈ।" ਦਸ-ਬਾਰਾਂ ਦਿਨ ਉਹ ਪੰਜ ਸੌ ਤੋਂ ਵੱਧ ਪ੍ਰਤੀ ਦਿਨ ਫਿਜ਼ੀਕਲ ਟੈਸਟ ਲਈ ਆਉਂਦੇ ਰਹੇ, ਲੇਕਿਨ ਪ੍ਰਤੀ ਦਿਨ ਕਾਰਾਂ ਦੀ ਗਿਣਤੀ ਦੋ-ਤਿੰਨ ਤੋਂ ਵੱਧ ਨਹੀਂ ਸੀ।

ਚਿਹਰੇ ਦੀ ਰੌਣਕ ਤੋਂ ਆਤਮ-ਵਿਸ਼ਵਾਸ ਤੱਕ ਹਰ ਖੇਤਰ ਵਿੱਚ ਹਰਿਆਣੇ ਦੇ ਮੁੰਡੇ ਬਿਹਤਰ ਨਜ਼ਰ ਆਏ। ਦੌੜ ਲਾਉਂਦੇ ਸਮੇਂ, ਚਾਰ ਸੌ ਮੀਟਰ ਦਾ ਗੇੜਾ ਪੂਰਾ ਹੋ ਜਾਣ 'ਤੇ ਉਹ ਟਾਈਮ ਕੀਪਰ ਤੋਂ ਆਪਣੇ ਖੱਬੇ ਗੁੱਟ 'ਤੇ ਸੱਜੇ ਹੱਥ ਦੀਆਂ ਦੋ ਉਂਗਲਾਂ ਮਾਰ ਕੇ ਸਮਾਂ ਪੁੱਛਦੇ ਦੇਖੇ ਗਏ। ਜਦੋਂ ਕਿ ਕਿਸੇ ਇੱਕ-ਅੱਧੇ ਪੰਜਾਬੀ ਮੁੰਡੇ ਨੇ ਹੀ ਅਜਿਹਾ ਕੀਤਾ। ਸਾਂਦਲ ਤੇ ਗੰਜੀ ਬਾਰਾਂ ਆਬਾਦ ਹੋਣ ਤੋਂ ਹਰੀ ਕ੍ਰਾਂਤੀ ਤੱਕ ਪੰਜਾਬੀ ਮੁੰਡਿਆਂ ਦੇ ਜੁੱਸੇ ਨਗੌਰੀ ਬਲਦਾਂ ਵਰਗੇ ਹੁੰਦੇ ਸਨ। ਲੇਕਿਨ ਇਸ ਭਰਤੀ ਦੌਰਾਨ ਅਗਸਤ ਮਹੀਨੇ ਮੈਂ ਦਸ ਹਜ਼ਾਰ ਦੇ ਲਗਭਗ ਮੁੰਡਿਆਂ ਨੂੰ ਬਹੁਤ ਨੇੜਿਓਂ ਤੱਕਿਆ, ਉਹ ਮਾਨਸਿਕ ਤੌਰ 'ਤੇ ਕਮਜ਼ੋਰ ਦਿਖਾਈ ਦਿੱਤੇ ਤੇ ਉਨ੍ਹਾਂ ਦੇ ਸਰੀਰ ਵੀ ਭਾਰੇ ਹੋ ਰਹੇ ਹਨ। ਉਨ੍ਹਾਂ ਦੇ ਚਿਹਰਿਆਂ 'ਤੇ ਜਵਾਨੀ ਦੀ ਅਮੀਰੀ ਦੇ ਰੰਗ ਨਜ਼ਰ ਨਹੀਂ ਆਏ, ਜਦੋਂ ਕਿ ਉਮਰ ਤੋਂ ਪਹਿਲਾਂ ਪਰਪੱਕਤਾ ਵਿਖਾਈ ਦਿੱਤੀ। ਇਸ ਵਿੱਚ ਕੇਵਲ ਮੁੰਡਿਆਂ ਦਾ ਕਸੂਰ ਨਹੀਂ ਹੈ, ਇਹ ਵੀ ਮਹੱਤਵਪੂਰਨ ਹੈ ਕਿ ਬੀਜ ਕਿਸ ਮਿੱਟੀ ਵਿੱਚ ਬੀਜਿਆ ਜਾਂਦਾ ਹੈ। ਇਹ ਠੀਕ ਹੈ ਕਿ ਹਰ ਇੱਕ ਨੂੰ ਸਰਕਾਰੀ ਨੌਕਰੀ ਨਹੀਂ ਮਿਲ ਸਕਦੀ, ਲੇਕਿਨ ਇਨ੍ਹਾਂ ਮੁੰਡਿਆਂ ਨੂੰ ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਖੇਤਰ ਵਿੱਚ ਰੁਜ਼ਗਾਰ ਦੇ ਰੈਗੂਲਰ, ਵੱਧ ਤੋਂ ਵੱਧ ਅਤੇ ਸੱਚੇ-ਸੁੱਚੇ ਮੌਕੇ ਮਿਲਣੇ ਚਾਹੀਦੇ ਹਨ। ਦਰਅਸਲ ਉਨ੍ਹਾਂ ਨੂੰ ਯਤਨਾਂ ਦੇ ਰਸਤਿਆਂ ਵਿੱਚ ਦੀ ਗੁਜ਼ਰਨ ਦਾ ਮੌਕਾ ਪ੍ਰਦਾਨ ਹੋਵੇ, ਨਤੀਜਾ ਭਾਵੇਂ ਕੋਈ ਵੀ ਹੋਵੇ ਪ੍ਰਵਾਨ ਹੋ ਜਾਂਦਾ ਹੈ। ਯਤਨਾਂ ਦੇ ਬਾਵਜੂਦ ਮਿਲੀ ਅਸਫ਼ਲਤਾ ਵਿੱਚ ਵੀ ਤਸੱਲੀਬਖ਼ਸ਼ ਜ਼ਿੰਦਗੀ ਜਿਊਣ ਦੇ ਅੰਸ਼ ਮੌਜੂਦ ਹੁੰਦੇ ਹਨ।



Sri Satguru Jagjit Singh Ji eLibrary NamdhariElibrary@gmail.com

ਪੰਜ ਸਾਲ ਬਾਅਦ ਮਿਲਿਆ ਮੌਕਾ, ਹਰ ਸਾਲ ਮਿਲ ਜਾਵੇ ਤਾਂ ਪੰਜਾਬੀ ਮੁੰਡੇ ਫਿਜ਼ੀਕਲ ਟੈਸਟ ਪਾਸ ਕਰਨ ਲਈ ਬਿਹਤਰ ਕਾਰਗੁਜ਼ਾਰੀ ਕਰ ਸਕਦੇ ਹਨ। ਹਰ ਵਰ੍ਹੇ ਇੱਕ ਹਜ਼ਾਰ ਤੋਂ ਵੱਧ ਸਿਪਾਹੀਆਂ ਦੀਆਂ ਅਸਾਮੀਆਂ ਖ਼ਾਲੀ ਹੁੰਦੀਆਂ ਹਨ। ਅਜ਼ਾਦੀ ਦਿਵਸ ਤੇ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਐਲਾਨ/ਨੋਟੀਫੀਕੇਸ਼ਨ ਹੋਵੇ, ਕੱਤੇ ਦੇ ਮਹੀਨੇ ਉਨ੍ਹਾਂ ਦਾ ਫਿਜ਼ੀਕਲ ਟੈਸਟ ਅਤੇ ਗੂੜ੍ਹੇ ਸਿਆਲਾਂ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਨੂੰ ਲੋਕ-ਸੇਵਾ ਦੀ ਸਹੁੰ ਚੁਕਾ ਲਈ ਜਾਵੇ। ਉਨ੍ਹਾਂ ਦੇ ਮਨਾਂ ਅੰਦਰ ਉਮੀਦ ਦੀ ਜੋਤ ਜਗਾਉਣ ਦੀ ਲੋੜ ਹੈ। ਪੁਲੀਸ ਭਰਤੀ ਤੋਂ ਇਲਾਵਾ ਇਨ੍ਹਾਂ ਮੁੰਡਿਆਂ ਨੂੰ ਤੀਜੇ ਦਰਜੇ ਦੀਆਂ ਅਸਾਮੀਆਂ ਲਈ ਲਿਖਤੀ ਟੈਸਟ ਦੀਆਂ ਤਿਆਰੀਆਂ ਦੇ ਪੂਰਨੇ ਵੀ ਪਾਉਣੇ ਚਾਹੀਦੇ ਹਨ। ਦਿਵਾਲੀ ਤੋਂ ਬਾਅਦ ਪਹਿਲੇ ਪਾਤਸ਼ਾਹ ਦਾ ਗੁਰਪੁਰਬ, ਮਿੱਠੀ-ਮਿੱਠੀ ਰੁੱਤ ਇਹ ਵੀਹ ਦਿਨ ਇਨ੍ਹਾਂ ਮੁੰਡਿਆਂ ਨੂੰ ਸੇਧ ਦੇਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਸਮਰਪਤ ਹੋਣ। ਗ਼ੈਰ-ਸਰਕਾਰੀ ਸੰਸਥਾਵਾਂ ਤੇ ਸੇਵਾ-ਮੁਕਤ ਅਧਿਕਾਰੀਆਂ ਤੋਂ ਵੱਡੀ ਆਸ ਹੈ। ਵਗਦੀ ਹਵਾ ਤੋਂ ਦੀਵੇ ਦੀ ਲੋਅ ਨੂੰ ਬਚਾਉਣ ਲਈ ਔਰਤਾਂ ਜਿਸ ਤਰ੍ਹਾਂ ਹੱਥ ਦੀ ਓਟ ਕਰ ਲੈਂਦੀਆਂ ਹਨ, ਇਸੇ ਤਰ੍ਹਾਂ ਇਸ ਸਮੇਂ ਇਨ੍ਹਾਂ ਮੁੰਡਿਆਂ ਦੀ ਆਸ ਤੇ ਉਨ੍ਹਾਂ ਦੇ ਵਿਸ਼ਵਾਸ ਨੂੰ ਬਚਾਉਣ ਦੀ ਲੋੜ ਹੈ।

ਉਸ ਭਰਤੀ ਦੀਆਂ ਛੇ ਹਜ਼ਾਰ ਤੋਂ ਵੱਧ ਅਸਾਮੀਆਂ ਲਈ ਪੰਜ ਲੱਖ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਹਰ ਭਰਤੀ ਸੈਂਟਰ ਵਿੱਚ ਸੱਤਰ ਤੋਂ ਅੱਸੀ ਪ੍ਰਤੀਸ਼ਤ ਮੁੰਡੇ ਫਿਜ਼ੀਕਲ ਟੈਸਟ ਲਈ ਹਾਜ਼ਰ ਹੋਏ। ਇਨ੍ਹਾਂ ਵਿੱਚੋਂ ਚਾਲੀ/ਪੰਜਤਾਲੀ ਪ੍ਰਤੀਸ਼ਤ ਨੇ ਟੈਸਟ ਪਾਸ ਕੀਤਾ। ਇਹ ਲੇਖਾ-ਜੋਖਾ ਲਾਉਂਦਿਆਂ, ਅੰਦਾਜ਼ਨ ਇੱਕ ਅਸਾਮੀ ਲਈ ਫਿਜ਼ੀਕਲ ਟੈਸਟ ਪਾਸ ਹੋਏ ਤੀਹ ਤੋਂ ਵੱਧ ਮੁੰਡਿਆਂ ਨੇ ਜੱਦੋ-ਜਹਿਦ ਕੀਤੀ। ਦੌੜ, ਇਸ ਭਰਤੀ ਦੇ ਫਿਜ਼ੀਕਲ ਟੈਸਟ ਦਾ ਜੋਖ਼ਮ ਭਰਿਆ ਪੜਾਅ ਸੀ। ਦਰਅਸਲ ਗਰਮੀ ਦੇ ਮੌਸਮ ਨੇ ਇਸ ਨੂੰ ਹੋਰ ਗੰਭੀਰ ਬਣਾ ਦਿੱਤਾ। ਜਿਸ ਦੀ ਵਾਰੀ ਦੁਪਿਹਰ ਦੇ ਆਸੇ-ਪਾਸੇ ਆਉਂਦੀ, ਦੌੜ ਸਮਾਪਤ ਹੋਣ ਤੇ ਉਸ ਦੀ ਹਾਲਤ ਭਾਫ਼ ਵਾਲੇ ਰੇਲਵੇ ਇੰਜਣ ਵਰਗੀ ਹੁੰਦੀ। ਦੌੜ ਲਾਉਣ ਤੋਂ ਬਾਅਦ ਹਫ਼ੇ ਹੋਏ ਉਹ ਧਰਤੀ ਮਾਂ ਦੀ ਬੁੱਕਲ ਵਿੱਚ ਲੇਟ ਜਾਂਦੇ। ਜਿਨ੍ਹਾਂ ਦਾ ਸਾਹ ਜ਼ਿਆਦਾ ਚੜ੍ਹ ਜਾਂਦਾ ਉਹ ਧਰਤੀ ਮਾਂ ਦੀ ਹਿੱਕ 'ਤੇ ਲੋਟ-ਪੋਟਣੀਆਂ ਲਾਉਣ ਲੱਗਦੇ। ਇਨ੍ਹਾਂ ਤੇਜ਼ ਸਾਹਾਂ ਦੀ ਗਰਮੀ, ਮਿੱਟੀ ਆਪਣੇ ਅੰਦਰ ਸੋਖ਼ ਲੈਂਦੀ ਸੀ। ਇਸੇ ਮਿੱਟੀ ਨੂੰ ਤੁਸੀਂ ਆਪਣੇ ਮੱਥੇ ਨਾਲ ਲਾਉਣਾ, ਜਿਸ ਵਿੱਚ ਇਨ੍ਹਾਂ ਅੱਲ੍ਹੜਾਂ ਦੇ ਸੁਪਨੇ ਤੇ ਅਰਮਾਨ ਰੁਲ਼ ਗਏ ਨੇ।

•



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਇੱਕ ਹੋਰ ਨੌਜਵਾਨ ਦੋ ਵਰ੍ਹੇ ਪਹਿਲਾਂ ਆਪਣੀ ਮਾਂ ਨਾਲ ਮੈਨੂੰ ਮਿਲਿਆ ਸੀ। ਛਾਂਟਵਾਂ ਸਰੀਰ, ਤਿੱਖਾ ਨੱਕ, ਪਤਲੇ ਬੁੱਲ੍ਹ, ਸਿਰ ਦੇ ਵਾਲ ਹਲਕੇ ਜਿਹੇ ਧੌਣ ਤੇ ਲੰਮਕਦੇ ਹੋਏ, ਉਸ ਨੇ ਚਿੱਟਾ ਕੁੜਤਾ ਪਜਾਮਾ ਪਾਇਆ ਹੋਇਆ ਸੀ। ਪਹਿਲੀ ਨਜ਼ਰੇ ਉਹ ਮੈਨੂੰ ਕਿਸੇ ਮਲਕੀ ਦਾ ਕੀਮਾ ਜਾਪਿਆ ਪਰ ਮੇਰਾ ਸੁਪਨਾ ਝੱਟ-ਪੱਟ ਟੁੱਟਿਆ। ਦਰਅਸਲ ਉਹ ਨੌਜਵਾਨ ਕਬੱਡੀ ਖੇਡਦਾ-ਖੇਡਦਾ ਹੈਰੋਇਨ ਦੇ ਨਸ਼ੇ ਦਾ ਆਦੀ ਹੋ ਗਿਆ ਸੀ।

ਮਾਂ-ਪੁੱਤ ਨੇ ਮੇਰੇ ਤੋਂ ਨਸ਼ਾ-ਛਡਾਊ ਕੇਂਦਰਾਂ ਦੀ ਜਾਣਕਾਰੀ ਹਾਸਲ ਕੀਤੀ ਤੇ ਉਹ ਨੌਜਵਾਨ ਅਜਿਹੇ ਹੀ ਇੱਕ ਕੇਂਦਰ ਵਿੱਚ ਦਾਖ਼ਲ ਹੋ ਗਿਆ। ਇੱਕ ਕੇਂਦਰ ਤੋਂ ਦੂਜਾ, ਤੀਜਾ ਨਸ਼ਾ-ਛਡਾਊ ਕੇਂਦਰ, ਮਾਂ-ਪੁੱਤ ਨੇ ਜੱਦੋ-ਜਹਿਦ ਸ਼ੁਰੂ ਕੀਤੀ ਪਰ ਵਰ੍ਹਾ ਬੀਤ ਜਾਣ ਤੇ ਵੀ ਉਹ ਨੌਜਵਾਨ ਨਸ਼ਾ ਛੱਡ ਨਾ ਸਕਿਆ। ਇਮਤਿਹਾਨ ਵਿੱਚ ਬੈਠਾ ਕੋਈ ਵਿਦਿਆਰਥੀ ਜਿਵੇਂ ਔਖਾ ਸਵਾਲ ਹੱਲ ਨਾ ਹੁੰਦਾ ਵੇਖ ਕੇ ਅਗਲਾ ਸਵਾਲ ਸ਼ੁਰੂ ਕਰ ਲੈਂਦਾ ਹੈ ਇਵੇਂ ਹੀ ਮਾਂ ਨੇ ਉਸ ਨੂੰ ਵਿਦੇਸ਼ ਭੇਜਣ ਦਾ ਰਾਹ ਚੁਣਿਆ ਪਰ ਏਜੰਟਾਂ ਹੱਥੋਂ ਲੁੱਟ ਨਾਲ ਇਸ ਯਤਨ ਦਾ ਜਲਦੀ ਹੀ ਅੰਤ ਹੋ ਗਿਆ। ਹੁਣ ਮਾਂ-ਪੁੱਤ ਨੇ ਫ਼ੈਸਲਾ ਲਿਆ ਕਿ ਜਿੰਨੀ ਦੇਰ ਨਸ਼ਾ ਛੱਡ ਨਹੀਂ ਹੁੰਦਾ ਓਨੀ ਦੇਰ ਕੇਂਦਰ ਤੋਂ ਬਾਹਰ ਨਹੀਂ ਆਉਣਾ। ਚਾਰ ਮਹੀਨੇ ਮਾਂ ਉਸ ਦੇ ਕੋਲ ਹੀ ਰਹੀ। ਉਸ ਔਰਤ ਨੂੰ ਤਿਉਹਾਰਾਂ ਦੇ ਦਿਨਾਂ ਤੋਂ ਡਰ ਆਉਂਦਾ ਹੈ, ਅਜਿਹੇ ਦਿਨਾਂ ਦੌਰਾਨ ਹੀ ਉਸ ਦਾ ਪਤੀ ਉਸ ਦੀ ਜ਼ਿੰਦਗੀ ਵਿੱਚੋਂ ਸਰਕ ਗਿਆ ਸੀ। ਤਿਉਹਾਰਾਂ ਦੇ ਦਿਨ ਆਉਣ ਵਾਲੇ ਹਨ, ਘਰ ਨੂੰ ਝਾੜ-ਸੰਵਾਰ ਹੀ ਲਵਾਂ, ਅਜਿਹੀ ਡਾਵਾਂ-ਡੋਲ ਮਨੋ-ਦਸ਼ਾ ਵਿੱਚੋਂ ਗੁਜ਼ਰਦਿਆਂ ਉਹ ਔਰਤ ਪੁੱਤ ਨੂੰ ਪੰਦਰਾਂ ਦਿਨ ਦੀ ਛੁੱਟੀ ਦਿਵਾ ਕੇ ਘਰ ਪਹੁੰਚੀ।

ਤੀਜੇ ਚੌਥੇ ਦਿਨ....

ਲੇਖਕ ਦੀਆਂ ਹੋਰ ਪੁਸਤਕਾਂ








**Chetna Parkashan**
Punjabi Bhawan, Ludhiana-141001

ISBN 938762933-3
9789387629332

*Alarh Umaran Talakh Sunehe*

₹ 120/-

Sri Satguru Jagjit Singh Ji eLibrary NamdhariElibrary@gmail.com